24-SEP-PAGE-1.qxd 9/23/2024 9:09 PM Page 1


ਮੰਗਲਵਾਰ, 24 ਸਤੰਬਰ, 2024

9 ਅੱਸੂ { ਨਾਨਕਸ਼ਾਹੀ 556 / ਬਿਕਰਮੀ 2081 }

ਜਿਲਦ/VOL. : 73

ਅੰਕ/NO. : 114

# ਨਵਾਂ ਜ਼ਮਾਨਾ

DAILY NAWAN ZAMANA • TUESDAY, 24 SEPTEMBER, 2024

ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12



'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV


## ਲਾਪਤਾ ਲੇਡੀਜ਼



**ਚੇਨੱਈ :** ਫਿਲਮ ਫੈਡਰੇਸ਼ਨ ਆਫ ਇੰਡੀਆ ਨੇ ਕਿਹਾ ਹੈ ਕਿ ਕਿਰਨ ਰਾਓ ਤੇ ਆਮਿਰ ਖਾਨ ਦੀ ਫਿਲਮ 'ਲਾਪਤਾ ਲੇਡੀਜ਼' ਦੀ ਆਸਕਰ ਐਵਾਰਡ-2025 ਲਈ ਭਾਰਤ ਦੀ ਅਧਿਕਾਰਤ ਫਿਲਮ ਵਜੋਂ ਚੋਣ ਕੀਤੀ ਗਈ ਹੈ। ਇਹ ਹਿੰਦੀ ਫਿਲਮ ਪਿਤਰ-ਸੱਤਾ 'ਤੇ ਹਲਕਾ-ਫੁਲਕਾ ਵਿਅੰਗ ਹੈ। ਇਹ 29 ਫਿਲਮਾਂ ਵਿੱਚੋਂ ਚੁਣੀ ਗਈ ਹੈ, ਜਿਨ੍ਹਾਂ 'ਚ ਬਾਲੀਵੁੱਡ ਦੀ ਹਿੱਟ ਫਿਲਮ 'ਐਨੀਮਲ', ਮਲਿਆਲਮ ਦੀ ਕੌਮੀ ਪੁਰਸਕਾਰ ਜੇਤੂ 'ਅੱਟਮ' ਅਤੇ ਕਾਂਸ ਜੇਤੂ 'ਆਲ ਵੀ ਇਮੇਜਿਨ ਐਜ਼ ਲਾਈਟ' ਸ਼ਾਮਲ ਸਨ।

## ਕੁੜੀ ਗੁਜਰਾਤ ਦੀ



**ਜੈਪੁਰ :** ਮਿਸ ਯੂਨੀਵਰਸ ਇੰਡੀਆ 2024 ਦਾ ਤਾਜ ਰੀਆ ਸਿੰਘਾ ਨੂੰ ਮਿਲਿਆ ਹੈ। ਐਤਵਾਰ ਅਦਾਕਾਰਾ ਅਤੇ ਮਿਸ ਯੂਨੀਵਰਸ ਇੰਡੀਆ 2015 ਉਰਵਸ਼ੀ ਰੌਤੇਲਾ ਨੇ ਰੀਆ ਨੂੰ ਤਾਜ ਪਹਿਨਾਇਆ। ਰੀਆ ਹੁਣ ਮੈਕਸੀਕੋ 'ਚ ਗਲੋਬਲ ਮਿਸ ਯੂਨੀਵਰਸ 2024 ਮੁਕਾਬਲੇ 'ਚ ਭਾਰਤ ਦੀ ਪ੍ਰਤੀਨਿਧਤਾ ਕਰੇਗੀ। ਗੁਜਰਾਤ ਦੀ 19 ਸਾਲਾ ਰੀਆ ਸਿੰਘਾ ਮਸ਼ਹੂਰ ਮਾਡਲ ਹੈ।

## ਕੰਗਨਾ ਖਿਲਾਫ ਮਾਣਹਾਨੀ ਦਾ ਕੇਸ ਕਰਾਂਗੇ : ਵਿਕਰਮਾਦਿੱਤਿਆ

**ਸ਼ਿਮਲਾ :** ਹਿਮਾਚਲ ਦੇ ਲੋਕ ਨਿਰਮਾਣ ਮੰਤਰੀ ਵਿਕਰਮਾਦਿੱਤਿਆ ਸਿੰਘ ਨੇ ਸੋਮਵਾਰ ਭਾਜਪਾ ਦੀ ਮੰਡੀ ਤੋਂ ਸਾਂਸਦ ਕੰਗਨਾ ਰਣੌਤ ਖਿਲਾਫ ਮਾਣਹਾਨੀ ਦਾ ਕੇਸ ਦਰਜ ਕਰਨ ਦੀ ਧਮਕੀ ਦਿੱਤੀ। ਕੰਗਨਾ ਨੇ ਦਾਅਵਾ ਕੀਤਾ ਸੀ ਕਿ ਹਿਮਾਚਲ ਸਰਕਾਰ ਕਰਜ਼ਾ ਲੈ ਕੇ ਸੋਨੀਆ ਗਾਂਧੀ ਨੂੰ ਦੇ ਰਹੀ ਹੈ। ਉਨ੍ਹਾ ਕਿਹਾ—ਜੇ ਕੰਗਨਾ ਰਣੌਤ ਆਪਣੇ ਦਾਅਵੇ ਸੰਬੰਧੀ ਕੋਈ ਦਸਤਾਵੇਜ਼ੀ ਸਬੂਤ ਪੇਸ਼ ਨਹੀਂ ਕਰਦੀ ਜਾਂ ਸੋਨੀਆ ਗਾਂਧੀ ਤੋਂ ਮੁਆਫੀ ਨਹੀਂ ਮੰਗਦੀ ਤਾਂ ਅਸੀਂ ਉਸ ਖਿਲਾਫ ਮਾਣਹਾਨੀ ਦਾ ਕੇਸ ਦਾਇਰ ਕਰਾਂਗੇ।

## ਬੱਸ ਪੁਲ ਤੋਂ ਡਿੱਗੀ, 4 ਮੌਤਾਂ

**ਅਮਰਾਵਤੀ :** ਪਰਤਵਾੜੀ ਢਾਣੀ ਮਾਰਗ 'ਤੇ ਸੇਮਾਡੋਹ ਨੇੜੇ ਸੋਮਵਾਰ ਸਵੇਰੇ ਪ੍ਰਾਈਵੇਟ ਬੱਸ ਦੇ ਪੁਲ ਤੋਂ ਹੇਠਾਂ ਡਿੱਗਣ ਕਾਰਨ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਤੇ 30 ਜ਼ਖਮੀ ਹੋ ਗਏ। ਡਰਾਈਵਰ ਵੱਲੋਂ ਸੰਤੁਲਨ ਗਵਾਉਣ ਕਾਰਨ ਹਾਦਸਾ ਵਾਪਰਿਆ।

## ਖੜਗੇ ਢਿੱਲੇ ਹੋਏ

**ਚੰਡੀਗੜ੍ਹ :** ਸਿਹਤ ਠੀਕ ਨਾ ਹੋਣ ਕਾਰਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਸੋਮਵਾਰ ਅੰਬਾਲਾ ਸ਼ਹਿਰ ਅਤੇ ਕਰਨਾਲ 'ਚ ਘਰੌਂਡਾ ਦੀਆਂ ਚੋਣ ਰੈਲੀਆਂ ਨੂੰ ਸੰਬੋਧਨ ਕਰਨ ਨਹੀਂ ਆ ਸਕੇ। ਡਾਕਟਰਾਂ ਨੇ ਉਨ੍ਹਾ ਨੂੰ ਆਰਾਮ ਦੀ ਸਲਾਹ ਦਿੱਤੀ ਹੈ।

## ਭੁਚਾਲ ਦੇ ਝਟਕੇ

**ਅਹਿਮਦਾਬਾਦ :** ਗੁਜਰਾਤ ਦੇ ਕੱਛ ਜ਼ਿਲ੍ਹੇ 'ਚ ਸੋਮਵਾਰ ਸਵੇਰੇ 10.05 ਵਜੇ 3.3 ਤੀਬਰਤਾ ਵਾਲੇ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਸੀ। ਭੁਚਾਲ ਦਾ ਕੇਂਦਰ ਰਾਪਰ ਤੋਂ 12 ਕਿਲੋਮੀਟਰ ਪੱਛਮ-ਦੱਖਣ-ਪੱਛਮ 'ਚ ਸੀ।

## ਲੱਡੂਆਂ 'ਚ 'ਮਿਲਾਵਟ' ਤੋਂ ਬਾਅਦ ਮੰਦਰ ਦਾ ਸ਼ੁੱਧੀਕਰਨ

**ਤਿਰੂਪਤੀ (ਆਂਧਰਾ) :** ਤਿਰੂਮਾਲਾ ਮੰਦਰ 'ਚ ਕਥਿਤ ਬੇਅਦਬੀ ਮਗਰੋਂ ਸ਼ੁੱਧੀਕਰਨ ਲਈ ਚਾਰ ਘੰਟੇ ਦੀ 'ਸ਼ਾਂਤੀ ਹੋਮ ਪੰਚਗਵਯ ਪ੍ਰੋਕਸ਼ਨ' (ਸ਼ੁੱਧੀਕਰਨ ਰੀਤੀ) ਕਰਵਾਈ ਗਈ। ਤਿਰੂਮਾਲਾ ਤਿਰੂਪਤੀ ਦੇਵਸਥਾਨਮ (ਟੀ ਟੀ ਡੀ) ਦੇ ਸੂਤਰ ਨੇ ਦੱਸਿਆ ਕਿ ਪੂਜਾ ਸਵੇਰੇ ਛੇ ਵਜੇ ਤੋਂ ਦਸ ਵਜੇ ਤੱਕ ਚੱਲੀ। ਇਸ ਦਾ ਮਕਸਦ ਤਿਰੂਪਤੀ ਦੇ ਲੱਡੂ ਪ੍ਰਸ਼ਾਦ ਆਦਿ ਬਣਾਉਣ 'ਚ ਪਸ਼ੂਆਂ ਦੀ ਚਰਬੀ ਦੀ ਕਥਿਤ ਵਰਤੋਂ ਕਾਰਨ ਹੋਈ ਬੇਅਦਬੀ ਮਗਰੋਂ ਮੰਦਰ ਦਾ ਸ਼ੁੱਧੀਕਰਨ ਕਰਨਾ ਹੈ।

## ਅਸਮਾਨੀ ਬਿਜਲੀ ਨਾਲ 8 ਮੌਤਾਂ

**ਰਾਜਨੰਦਗਾਂਵ :** ਛੱਤੀਸਗੜ੍ਹ ਦੇ ਰਾਜਨੰਦਗਾਂਵ ਜ਼ਿਲ੍ਹੇ ਦੇ ਸ਼ੋਮਣੀ ਥਾਣਾ ਖੇਤਰ ਅਧੀਨ ਪੈਂਦੇ ਪਿੰਡ ਜੋਰਾਤਰਾਈ 'ਚ ਸੋਮਵਾਰ ਦੁਪਹਿਰ ਕਰੀਬ ਡੇਢ ਵਜੇ ਅਸਮਾਨੀ ਬਿਜਲੀ ਡਿੱਗਣ ਕਾਰਨ ਕੁਝ ਸਕੂਲੀ ਬੱਚਿਆਂ ਸਮੇਤ 8 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਜ਼ਖਮੀ ਹੋ ਗਿਆ।

## ਮੌਨਸੂਨ ਦੀ ਰਾਜਸਥਾਨ ਤੋਂ ਵਾਪਸੀ

**ਜੈਪੁਰ :** ਰਾਜਸਥਾਨ ਦੇ ਸਰਹੱਦੀ ਇਲਾਕਿਆਂ ਤੋਂ ਦੱਖਣ-ਪੱਛਮੀ ਮੌਨਸੂਨ ਦੀ ਵਾਪਸੀ ਸੋਮਵਾਰ ਸ਼ੁਰੂ ਹੋ ਗਈ ਹੈ। ਇਸ ਵਾਰ ਮੌਨਸੂਨ ਨੇ ਆਮ ਨਾਲੋਂ ਛੇ ਦਿਨ ਪੱਛੜ ਕੇ ਇੱਥੋਂ ਪਰਤਣਾ ਸ਼ੁਰੂ ਕੀਤਾ ਹੈ। ਮੌਸਮ ਵਿਗਿਆਨ ਕੇਂਦਰ ਜੈਪੁਰ ਦੇ ਬੁਲਾਰੇ ਨੇ ਦੱਸਿਆ ਕਿ ਪੂਰਬੀ ਰਾਜਸਥਾਨ ਦੇ ਕੋਟਾ, ਉਦੈਪੁਰ ਡਵੀਜ਼ਨ ਦੇ ਕੁਝ ਹਿੱਸਿਆਂ 'ਚ 25 ਤੋਂ 30 ਸਤੰਬਰ ਤੱਕ, ਜਦਕਿ ਭਰਤਪੁਰ, ਜੈਪੁਰ ਅਤੇ ਅਜਮੇਰ ਡਵੀਜ਼ਨ ਦੇ ਕੁਝ ਹਿੱਸਿਆਂ 'ਚ 27-29 ਸਤੰਬਰ ਤੱਕ ਹਲਕੇ ਤੋਂ ਦਰਮਿਆਨਾ ਮੀਂਹ ਪੈ ਸਕਦਾ ਹੈ।

# ਚਾਰ ਹਟਾ ਕੇ ਪੰਜ ਬਣਾਏ

## ਡਾ. ਰਵਜੋਤ, ਮੁੰਡੀਆਂ ਤੇ ਸੌਂਦ ਹਵਾਲੇ ਅਹਿਮ ਵਿਭਾਗ

**ਚੰਡੀਗੜ੍ਹ (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਵਜ਼ਾਰਤ 'ਚ ਫੇਰਬਦਲ ਕਰਦਿਆਂ ਪੰਜ ਵਿਧਾਇਕਾਂ ਨੂੰ ਮੰਤਰੀ ਬਣਾ ਦਿੱਤਾ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰਾਜ ਭਵਨ 'ਚ ਨਵੇਂ ਮੰਤਰੀਆਂ ਨੂੰ ਸਹੁੰ ਚੁਕਾਈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੇ ਹੋਰ ਆਗੂ ਮੌਜੂਦ ਸਨ। ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕਣ ਵਾਲਿਆਂ 'ਚ ਹਰਦੀਪ ਸਿੰਘ ਮੁੰਡੀਆਂ, ਬਰਿੰਦਰ ਕੁਮਾਰ ਗੋਇਲ, ਤਰੁਨਪ੍ਰੀਤ ਸਿੰਘ ਸੌਂਦ, ਡਾ. ਰਵਜੋਤ ਸਿੰਘ ਅਤੇ ਮਹਿੰਦਰ ਭਗਤ ਸ਼ਾਮਲ ਸਨ। ਉਨ੍ਹਾਂ ਪੰਜਾਬੀ 'ਚ ਸਹੁੰ ਚੁੱਕੀ।



ਮਾਲਵਾ ਖੇਤਰ ਦੇ ਤਿੰਨ ਅਤੇ ਦੋਆਬਾ ਖੇਤਰ ਦੇ ਦੋ ਵਿਧਾਇਕਾਂ ਨੂੰ ਮੰਤਰੀ ਬਣਾਇਆ ਗਿਆ ਹੈ। ਸੂਬੇ 'ਚ 30 ਮਹੀਨੇ ਪਹਿਲਾਂ ਸੱਤਾ 'ਚ ਆਈ 'ਆਪ' ਦੇ ਮੰਤਰੀ ਮੰਡਲ 'ਚ ਇਹ ਚੌਥਾ ਫੇਰ-ਬਦਲ ਹੈ। ਨਵੇਂ ਮੰਤਰੀ ਬਣਾਉਣ ਤੋਂ ਪਹਿਲਾਂ ਚਾਰ ਮੰਤਰੀਆਂ ਚੇਤਨ ਸਿੰਘ ਜੌੜਾਮਾਜਰਾ, ਅਨਮੋਲ ਗਗਨ ਮਾਨ, ਬਲਕਾਰ ਸਿੰਘ ਅਤੇ ਬ੍ਰਹਮ ਸੰਕਰ ਜਿੰਪਾ ਨੂੰ ਹਟਾ ਦਿੱਤਾ ਗਿਆ। ਸਹੁੰ ਚੁੱਕਣ ਤੋਂ ਬਾਅਦ ਮੰਤਰੀਆਂ ਨੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ, ਜੱਫੀ ਪਾਈ ਤੇ ਹੱਥ ਮਿਲਾਏ। ਮੁੰਡੀਆਂ ਨੇ ਰਾਜਪਾਲ ਤੇ ਮੁੱਖ ਮੰਤਰੀ ਦੇ ਚਰਨੀਂ ਹੱਥ ਲਾ ਕੇ ਅਸ਼ੀਰਵਾਦ ਲਿਆ। ਹੁਣ ਮਾਨ ਵਜ਼ਾਰਤ ਦੀ ਤਾਕਤ ਵਧ ਕੇ 16 ਹੋ ਗਈ ਹੈ ਤੇ ਦੋ ਹੋਰ ਮੰਤਰੀ ਬਣਾਏ ਜਾ ਸਕਦੇ ਹਨ।

ਮੁੰਡੀਆਂ ਨੂੰ ਮਾਲ, ਮੁੜਵਸੇਬਾ, ਆਫਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਹਾਊਸਿੰਗ ਐਂਡ ਅਰਬਨ ਡਿਵੈੱਲਪਮੈਂਟ ਵਿਭਾਗ ਦਿੱਤੇ ਗਏ ਹਨ। ਬਰਿੰਦਰ ਕੁਮਾਰ ਗੋਇਲ ਨੂੰ ਮਾਇਨਜ਼ ਐਂਡ ਜਿਓਲੋਜੀ, ਪਾਣੀ ਸੋਮੇ ਅਤੇ ਭੋਇੰ ਤੇ ਪਾਣੀ ਸੰਭਾਲ ਦੇ ਵਿਭਾਗ ਦਿੱਤੇ ਗਏ ਹਨ। ਸੌਂਦ ਨੂੰ ਸੈਰਸਪਾਟਾ ਤੇ ਸੱਭਿਆਚਾਰ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਾਚਾਰੀ, ਸਨਅਤ ਤੇ ਵਣਜ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਿੱਤੇ ਗਏ ਹਨ। ਡਾ. ਰਵਜੋਤ ਸਿੰਘ ਨੂੰ ਲੋਕਲ ਬਾਡੀਜ਼ ਤੇ ਸੰਸਦੀ ਮਾਮਲਿਆਂ ਦੇ ਵਿਭਾਗ ਦਿੱਤੇ ਗਏ ਹਨ। ਭਗਤ ਨੂੰ ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਈਆਂ ਤੇ ਬਾਗਬਾਨੀ ਦੇ ਵਿਭਾਗ ਦਿੱਤੇ ਗਏ ਹਨ। ਮੰਤਰੀਆਂ ਦੇ ਸਹੁੰ ਚੁੱਕਣ ਤੋਂ ਪਹਿਲਾਂ ਮੁੱਖ ਮੰਤਰੀ ਨੇ ਆਪਣੇ ਓ ਐੱਸ ਡੀ ਓਂਕਾਰ ਸਿੰਘ ਨੂੰ ਹਟਾ ਦਿੱਤਾ। ਲੰਬੀ ਦੇ ਓਂਕਾਰ ਸਿੰਘ ਪੰਜਾਬ ਪੇਂਡੂ ਵਿਕਾਸ ਬੋਰਡ ਦੇ ਚੇਅਰਮੈਨ ਦੇ ਓ ਐੱਸ ਡੀ ਸਨ। ਇਸ ਬੋਰਡ ਦਾ ਚਾਰਜ ਮਾਨ ਕੋਲ ਹੈ। ਇਸ ਤੋਂ ਪਹਿਲਾਂ ਓਂਕਾਰ ਸਿੰਘ ਪੰਜਾਬੀ ਯੂਨੀਵਰਸਿਟੀ ਵਿਚ ਕੰਮ ਕਰਦੇ ਸਨ। ਉਨ੍ਹਾ ਨੂੰ ਮਾਨ ਦੇ ਕਾਫੀ ਕਰੀਬ ਮੰਨਿਆ ਜਾਂਦਾ ਸੀ। ਦੱਸਿਆ ਜਾਂਦਾ ਹੈ ਕਿ ਦਿੱਲੀ ਦੇ ਆਪ ਵਿਧਾਇਕ ਜਰਨੈਲ ਸਿੰਘ ਨੇ ਉਨ੍ਹਾ ਦੀ ਜਲੰਧਰ ਜ਼ਿਮਨੀ ਚੋਣ ਵੇਲੇ ਮਾਨ ਕੋਲ ਸ਼ਿਕਾਇਤ ਕੀਤੀ ਸੀ।

## ਆਤਿਸ਼ੀ ਤੁਰੀ ਭਰਤ ਦੇ ਰਾਹ



**ਨਵੀਂ ਦਿੱਲੀ :** 'ਆਪ' ਆਗੂ ਆਤਿਸ਼ੀ ਨੇ ਸੋਮਵਾਰ ਦਿੱਲੀ ਦੇ ਅੱਠਵੇਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ। ਆਤਿਸ਼ੀ ਮੁੱਖ ਕੁਰਸੀ ਦੇ ਨਾਲ ਵੱਖਰੀ ਕੁਰਸੀ 'ਤੇ ਬੈਠੀ ਅਤੇ ਕਿਹਾ—ਉਮੀਦ ਹੈ ਕਿ ਲੋਕ ਫਰਵਰੀ ਦੀਆਂ ਚੋਣਾਂ ਵਿਚ ਕੇਜਰੀਵਾਲ ਨੂੰ ਵਾਪਸ ਲਿਆਉਣਗੇ, ਉਦੋਂ ਤੱਕ ਉਨ੍ਹਾ ਦੀ ਕੁਰਸੀ ਮੁੱਖ ਮੰਤਰੀ ਦਫਤਰ ਵਿਚ ਰਹੇਗੀ। ਆਤਿਸ਼ੀ ਨੇ ਕਿਹਾ—ਅੱਜ ਮੇਰੇ ਮਨ 'ਚ ਵੀ ਉਹੀ ਦਰਦ ਹੈ, ਜੋ ਭਗਵਾਨ ਰਾਮ ਜੀ ਦੇ ਬਨਵਾਸ 'ਤੇ ਜਾਣ ਵੇਲੇ ਭਰਤ ਜੀ ਦੇ ਮਨ ਵਿਚ ਸੀ। ਉਨ੍ਹਾ ਭਗਵਾਨ ਰਾਮ ਦੀਆਂ ਖੜਾਵਾਂ ਰੱਖ ਕੇ ਸ਼ਾਸਨ ਚਲਾਇਆ ਸੀ। ਭਗਵਾਨ ਰਾਮ ਸਾਡੇ ਸਾਰਿਆਂ ਦੇ ਆਦਰਸ਼ ਹਨ ਤੇ ਅਰਵਿੰਦ ਕੇਜਰੀਵਾਲ ਨੇ ਉਨ੍ਹਾ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਦਿੱਲੀ ਦੇ ਲੋਕਾਂ ਦੀ ਸੇਵਾ ਕੀਤੀ ਅਤੇ ਮਰਿਆਦਾ ਦਾ ਪਾਲਣ ਕਰਦਿਆਂ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

## ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਨੂੰ ਹਰੀ ਝੰਡੀ

**ਚੰਡੀਗੜ੍ਹ :** ਪੰਜਾਬ ਸਰਕਾਰ ਨੂੰ ਸੋਮਵਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ, ਜਦੋਂ ਉਸ ਨੇ 1158 ਸਹਾਇਕ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਨੂੰ ਹਰੀ ਝੰਡੀ ਦੇ ਦਿੱਤੀ। ਡਬਲ ਬੈਂਚ ਨੇ ਸਿੰਗਲ ਬੈਂਚ ਵੱਲੋਂ ਇਸ ਭਰਤੀ ਨੂੰ ਰੱਦ ਕਰਨ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ। ਇਨ੍ਹਾਂ ਵਿੱਚੋਂ ਦੋ ਸਾਲ ਪਹਿਲਾਂ ਭਰਤੀ ਹੋਏ 484 ਨੂੰ ਅੱਜ ਤੱਕ ਪੋਸਟਿੰਗ ਨਹੀਂ ਮਿਲੀ ਸੀ। ਇਨ੍ਹਾਂ ਨੂੰ ਪੰਜਾਬ ਸਰਕਾਰ ਦੇ ਮੁਲਾਜ਼ਮ ਤਾਂ ਮੰਨਿਆ ਜਾ ਰਿਹਾ ਸੀ, ਪਰ ਤਨਖਾਹ ਨਹੀਂ ਮਿਲ ਰਹੀ ਸੀ। ਸਿਰਫ 135 ਨੂੰ ਹੀ ਪੋਸਟਿੰਗ ਮਿਲੀ ਹੋਈ ਹੈ ਤੇ ਤਨਖਾਹ ਮਿਲ ਰਹੀ ਹੈ, ਬਾਕੀ ਹਾਈ ਕੋਰਟ ਦੇ ਫੈਸਲੇ ਦੀ ਉਡੀਕ ਕਰ ਰਹੇ ਸਨ।

ਦਰਅਸਲ 2021 ਦੀਆਂ ਇਨ੍ਹਾਂ ਭਰਤੀਆਂ ਦਾ ਮਾਮਲਾ ਹਾਈ ਕੋਰਟ 'ਚ ਵਿਚਾਰ ਅਧੀਨ ਸੀ। ਸਿੰਗਲ ਬੈਂਚ ਨੇ ਪਿਛਲੇ ਸਾਲ ਇਸ ਸਾਰੀ ਭਰਤੀ ਨੂੰ ਰੱਦ ਕਰ ਦਿੱਤਾ ਸੀ।

# ਚਾਈਲਡ ਪੋਰਨੋਗ੍ਰਾਫੀ ਦੇਖਣਾ ਤੇ ਡਾਊਨਲੋਡ ਕਰਨਾ ਅਪਰਾਧ : ਸੁਪਰੀਮ ਕੋਰਟ

## ਚਾਈਲਡ ਪੋਰਨੋਗ੍ਰਾਫੀ ਸ਼ਬਦ ਦੀ ਥਾਂ 'ਚਾਈਲਡ ਸੈਕਸੁਅਲ ਐਕਸਪਲਾਇਟੇਟਿਵ ਐਂਡ ਐਬਿਊਸਿਵ ਮਟੀਰੀਅਲ' ਵਰਤਣ ਲਈ ਆਰਡੀਨੈਂਸ ਲਿਆਉਣ ਦਾ ਮਸ਼ਵਰਾ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮਦਰਾਸ ਹਾਈ ਕੋਰਟ ਦੇ ਉਸ ਆਦੇਸ਼ ਨੂੰ ਸੋਮਵਾਰ ਰੱਦ ਕਰ ਦਿੱਤਾ, ਜਿਸ 'ਚ ਕਿਹਾ ਗਿਆ ਸੀ ਕਿ ਚਾਈਲਡ ਪੋਰਨੋਗ੍ਰਾਫੀ (ਅਸ਼ਲੀਲ ਸਮਗਰੀ) ਦੇਖਣਾ ਅਤੇ ਡਾਊਨਲੋਡ ਕਰਨਾ ਪੋਕਸੋ ਐਕਟ ਅਤੇ ਸੂਚਨਾ ਤਕਨਾਲੋਜੀ ਐਕਟ ਤਹਿਤ ਅਪਰਾਧ ਨਹੀਂ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਮਦਰਾਸ ਹਾਈ ਕੋਰਟ ਦੇ ਹੁਕਮ ਖਿਲਾਫ ਪਟੀਸ਼ਨ 'ਤੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਬਾਲ ਪੋਰਨੋਗ੍ਰਾਫੀ ਦੇਖਣਾ ਅਤੇ ਡਾਊਨਲੋਡ ਕਰਨਾ ਬਾਲ ਜਿਨਸੀ ਅਪਰਾਧ ਸੁਰੱਖਿਆ (ਪੋਕਸੋ) ਐਕਟ ਤੇ ਸੂਚਨਾ ਤਕਨਾਲੋਜੀ (ਆਈ ਟੀ) ਐਕਟ ਤਹਿਤ ਅਪਰਾਧ ਹਨ।



ਹਾਈ ਕੋਰਟ ਨੇ ਕਿਹਾ ਸੀ ਕਿ ਜੇ ਕੋਈ ਅਜਿਹਾ ਕੰਟੈਂਟ ਡਾਊਨਲੋਡ ਕਰਦਾ ਤੇ ਦੇਖਦਾ ਹੈ ਤਾਂ ਇਹ ਅਪਰਾਧ ਨਹੀਂ, ਜਦੋਂ ਤੱਕ ਨੀਅਤ ਇਸ ਨੂੰ ਪ੍ਰਸਾਰਤ ਕਰਨ ਦੀ ਨਾ ਹੋਵੇ। ਸੁਪਰੀਮ ਕੋਰਟ ਨੇ ਕਿਹਾ ਕਿ ਅਜਿਹੇ ਕੰਟੈਂਟ ਦਾ ਸਟੋਰੇਜ, ਇਸ ਨੂੰ ਡਿਲੀਟ ਨਾ ਕਰਨਾ ਤੇ ਇਸ ਦੀ ਸ਼ਿਕਾਇਤ ਨਾ ਕਰਨਾ ਦੱਸਦਾ ਹੈ ਕਿ ਇਸ ਨੂੰ ਪ੍ਰਸਾਰਤ ਕਰਨ ਦੀ ਨੀਅਤ ਨਾਲ ਸਟੋਰ ਕੀਤਾ ਗਿਆ ਹੈ। ਹਾਈ ਕੋਰਟ ਨੇ ਇਹ ਕੇਸ ਖਾਰਜ ਕਰਕੇ ਆਪਣੇ ਫੈਸਲੇ 'ਚ ਗੰਭੀਰ ਗਲਤੀ ਕੀਤੀ ਹੈ। ਸੁਪਰੀਮ ਕੋਰਟ ਨੇ ਹਾਈ ਕੋਰਟ ਦਾ ਫੈਸਲਾ ਰੱਦ ਕਰਕੇ ਮਾਮਲਾ ਵਾਪਸ ਸੈਸ਼ਨ ਕੋਰਟ ਭੇਜ ਦਿੱਤਾ।

ਫਾਜ਼ਲ ਜੱਜਾਂ ਨੇ ਕਿਹਾ—ਅਸੀਂ ਸੰਸਦ ਨੂੰ ਸੁਝਾਅ ਦਿੰਦੇ ਹਾਂ ਕਿ ਪੋਕਸੋ ਐਕਟ ਵਿਚ ਤਬਦੀਲੀ ਕਰੇ ਅਤੇ ਇਸ ਦੇ ਬਾਅਦ ਚਾਈਲਡ ਪੋਰਨੋਗ੍ਰਾਫੀ ਸ਼ਬਦ ਦੀ ਥਾਂ 'ਚਾਈਲਡ ਸੈਕਸੁਅਲ ਐਕਪਲਾਇਟੇਟਿਵ ਐਂਡ ਐਬਿਊਸਿਵ ਮਟੀਰੀਅਲ' ਦੀ ਵਰਤੋਂ ਕੀਤੀ ਜਾਵੇ। ਇਸ ਲਈ ਆਰਡੀਨੈਂਸ ਵੀ ਲਿਆਂਦਾ ਜਾ ਸਕਦਾ ਹੈ। ਨਵੇਂ ਸ਼ਬਦ ਸਹੀ ਤਰੀਕੇ ਨਾਲ ਦੱਸਣਗੇ ਕਿ ਇਹ ਮਹਿਜ਼ ਅਸ਼ਲੀਲ ਕੰਟੈਂਟ ਨਹੀਂ, ਬੱਚੇ ਨਾਲ ਹੋਈ ਘਟਨਾ ਦਾ ਇੱਕ ਰਿਕਾਰਡ ਹੈ। ਉਹ ਘਟਨਾ, ਜਿਸ ਵਿਚ ਬੱਚੇ ਦਾ ਸ਼ੋਸ਼ਣ ਹੋਇਆ ਜਾਂ ਫਿਰ ਅਜਿਹੇ ਸ਼ੋਸ਼ਣ ਨੂੰ ਵਿਜ਼ੂਅਲੀ ਦਿਖਾਇਆ ਗਿਆ ਹੋਵੇ।

ਬੈਂਚ ਨੇ ਅੱਗੇ ਕਿਹਾ—ਬੱਚਿਆਂ ਖਿਲਾਫ ਅਪਰਾਧ ਸਿਰਫ ਯੌਨ ਸ਼ੋਸ਼ਣ ਤੱਕ ਹੀ ਸੀਮਤ ਨਹੀਂ ਰਹਿੰਦੇ। ਉਨ੍ਹਾਂ ਦੇ ਵੀਡੀਓ, ਫੋਟੋਗ੍ਰਾਫ ਤੇ ਰਿਕਾਰਡਿੰਗ ਰਾਹੀਂ ਇਹ ਸ਼ੋਸ਼ਣ ਅੱਗੇ ਵੀ ਚਲਦਾ ਹੈ। ਇਹ ਕੰਟੈਂਟ ਸਾਈਬਰ ਸਪੇਸ ਵਿਚ ਮੌਜੂਦ ਰਹਿੰਦੇ ਹਨ ਤੇ ਆਸਾਨੀ ਨਾਲ ਕਿਤੇ ਵੀ ਮਿਲ ਜਾਂਦੇ ਹਨ। ਅਜਿਹੇ ਮਟੀਰੀਅਲ ਅਨਿਸ਼ਚਿਤ ਕਾਲ ਤੱਕ ਨੁਕਸਾਨ ਪਹੁੰਚਾਉਂਦੇ ਹਨ। ਇਹ ਯੌਨ ਸ਼ੋਸ਼ਣ 'ਤੇ ਹੀ ਖਤਮ ਨਹੀਂ ਹੁੰਦਾ, ਜਦ-ਜਦ ਇਹ ਕੰਟੈਂਟ ਸ਼ੇਅਰ ਕੀਤਾ ਜਾਂਦਾ ਹੈ ਤੇ ਦੇਖਿਆ ਜਾਂਦਾ ਹੈ, ਤਦ-ਤਦ ਬੱਚੇ ਦੀ ਮਰਿਆਦਾ ਤੇ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਸਾਨੂੰ ਇਕ ਸਮਾਜ ਦੇ ਤੌਰ 'ਤੇ ਗੰਭੀਰਤਾ ਨਾਲ ਇਸ ਵਿਸ਼ੇ 'ਤੇ ਵਿਚਾਰ ਕਰਨਾ ਪੈਣਾ ਹੈ। ਕੇਰਲਾ ਹਾਈ ਕੋਰਟ ਨੇ 13 ਸਤੰਬਰ 2023 ਨੂੰ ਕਿਹਾ ਸੀ ਕਿ ਜੇ ਕੋਈ ਵਿਅਕਤੀ ਅਸ਼ਲੀਲ ਫੋਟੋ ਜਾਂ ਵੀਡੀਓ ਦੇਖ ਰਿਹਾ ਹੈ ਤਾਂ ਉਹ ਅਪਰਾਧ ਨਹੀਂ, ਪਰ ਜੇ ਦੂਜੇ ਨੂੰ ਦਿਖਾ ਰਿਹਾ ਹੈ ਤਾਂ ਇਹ ਗੈਰਕਾਨੂੰਨੀ ਹੋਵੇਗਾ। ਇਸੇ ਫੈਸਲੇ ਦੇ ਆਧਾਰ 'ਤੇ ਮਦਰਾਸ ਹਾਈ ਕੋਰਟ ਨੇ 11 ਜਨਵਰੀ ਨੂੰ ਇਕ ਮੁਲਜ਼ਮ ਨੂੰ ਬਰੀ ਕਰ ਦਿੱਤਾ ਸੀ।

ਕੇਰਲਾ ਹਾਈ ਕੋਰਟ ਦੇ ਜਸਟਿਸ ਪੀ ਵੀ ਕੁਨਹੀਕ੍ਰਿਸ਼ਨਨ ਨੇ ਕਿਹਾ ਸੀ ਕਿ ਪੋਰਨੋਗ੍ਰਾਫੀ ਸਦੀਆਂ ਤੋਂ ਪ੍ਰਚੱਲਤ ਹੈ। ਅੱਜ ਡਿਜੀਟਲ ਯੁਗ ਵਿਚ ਇਸ ਤੱਕ ਪਹੁੰਚ ਆਸਾਨ ਹੋ ਗਈ ਹੈ। ਬੱਚਿਆਂ ਤੇ ਵੱਡਿਆਂ ਦੀਆਂ ਉਂਗਲੀਆਂ 'ਤੇ ਇਹ ਮੌਜੂਦ ਹੈ। ਮਦਰਾਸ ਹਾਈ ਕੋਰਟ ਦੇ ਫੈਸਲੇ ਦੇ ਖਿਲਾਫ ਐੱਨ ਜੀ ਓ ਜੱਸਟ ਰਾਈਟਸ ਫਾਰ ਚਿਲਡਰਨ ਅਲਾਇੰਸ ਤੇ ਬਚਪਨ ਬਚਾਓ ਅੰਦੋਲਨ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਇਨ੍ਹਾਂ ਕਿਹਾ ਸੀ ਕਿ ਹਾਈ ਕੋਰਟ ਦਾ ਫੈਸਲਾ ਚਾਈਲਡ ਪੋਰਨੋਗ੍ਰਾਫੀ ਨੂੰ ਬੜ੍ਹਾਵਾ ਦੇ ਸਕਦਾ ਹੈ। ਫੈਸਲੇ ਤੋਂ ਇੰਜ ਲੱਗੇਗਾ ਕਿ ਅਜਿਹਾ ਕੰਟੈਂਟ ਡਾਊਨਲੋਡ ਕਰਨ ਤੇ ਰੱਖਣ ਵਾਲੇ ਲੋਕਾਂ 'ਤੇ ਮੁਕੱਦਮਾ ਨਹੀਂ ਚੱਲੇਗਾ।

ਭਾਰਤ ਵਿਚ ਅਸ਼ਲੀਲ ਵੀਡੀਓ 'ਤੇ ਤਿੰਨ ਕਾਨੂੰਨ ਹਨ। ਦੇਸ਼ ਵਿਚ ਆਨਲਾਈਨ ਪੋਰਨ ਦੇਖਣਾ ਗੈਰਕਾਨੂੰਨੀ ਨਹੀਂ, ਪਰ ਆਈ ਟੀ ਐਕਟ 2000 ਵਿਚ ਪੋਰਨ ਵੀਡੀਓ ਬਣਾਉਣ, ਪਬਲਿਸ਼ ਕਰਨ ਤੇ ਸਰਕੂਲੇਟ ਕਰਨ 'ਤੇ ਪਾਬੰਦੀ ਹੈ। ਦੂਜੇ ਕਾਨੂੰਨ ਵਿਚ ਆਈ ਟੀ ਐਕਟ 2000 ਦੇ ਸੈਕਸ਼ਨ 67 ਤੇ 67-ਏ 'ਚ ਇਸ ਤਰ੍ਹਾਂ ਦੇ ਅਪਰਾਧ ਕਰਨ ਵਾਲਿਆਂ ਨੂੰ ਤਿੰਨ ਸਾਲ ਦੀ ਕੈਦ ਦੇ ਨਾਲ ਪੰਜ ਲੱਖ ਰੁਪਏ ਤੱਕ ਜੁਰਮਾਨੇ ਦੀ ਵਿਵਸਥਾ ਹੈ। ਤੀਜੇ ਕਾਨੂੰਨ ਵਿਚ ਸਾਬਕਾ ਤਾਜ਼ੀਰਾਤੇ ਹਿੰਦ ਦੇ ਸੈਕਸ਼ਨ 292, 293, 500, 506 ਵਿਚ ਵੀ ਇਸ ਨਾਲ ਜੁੜੇ ਅਪਰਾਧ ਨੂੰ ਰੋਕਣ ਲਈ ਕਾਨੂੰਨੀ ਵਿਵਸਥਾਵਾਂ ਕੀਤੀਆਂ ਗਈਆਂ ਹਨ। ਪੋਕਸੋ ਕਾਨੂੰਨ ਤਹਿਤ ਕਾਰਵਾਈ ਹੁੰਦੀ ਹੈ।

# ਸ੍ਰੀਲੰਕਾ ਨੂੰ ਸੰਕਟ 'ਚੋਂ ਕੋਈ 'ਕੱਲਾ-ਕਾਰਾ ਨਹੀਂ ਕੱਢ ਸਕਦਾ : ਦੀਸਾਨਾਇਕੇ

**ਕੋਲੰਬੋ :** ਅਨੂਰਾ ਕੁਮਾਰਾ ਦੀਸਾਨਾਇਕੇ ਨੇ ਸੋਮਵਾਰ ਸ੍ਰੀਲੰਕਾ ਦੇ ਨੌਵੇਂ ਰਾਸ਼ਟਰਪਤੀ ਵਜੋਂ ਹਲਫ ਲਿਆ। ਚੀਫ ਜਸਟਿਸ ਜਯੰਤ ਜੈਸੂਰੀਆ ਨੇ ਰਾਸ਼ਟਰਪਤੀ ਭਵਨ ਵਿਚ ਦੀਸਾਨਾਇਕੇ ਨੂੰ ਸਹੁੰ ਚੁਕਾਈ। ਦੀਸਾਨਾਇਕੇ ਨੇ ਸੰਖੇਪ ਸੰਬੋਧਨ ਵਿਚ ਕਿਹਾ—ਅਸੀਂ ਨਹੀਂ ਮੰਨਦੇ ਕਿ ਇਕ ਸਰਕਾਰ, ਇਕ ਪਾਰਟੀ ਜਾਂ ਵਿਅਕਤੀ ਸ੍ਰੀਲੰਕਾ ਦੇ ਡੂੰਘੇ ਸੰਕਟ ਨੂੰ ਹੱਲ ਕਰ ਸਕਣਗੇ।

ਨੈਸ਼ਨਲ ਪੀਪਲਜ਼ ਪਾਵਰ (ਐੱਨ ਪੀ ਪੀ) ਦੇ ਨੇਤਾ ਦੀਸਾਨਾਇਕੇ ਨੇ ਸ਼ਨੀਵਾਰ ਨੂੰ ਹੋਈਆਂ ਚੋਣਾਂ 'ਚ ਸਾਮਗੀ ਜਨ ਬਲਵੇਗਯਾ (ਐੱਸ ਜੇ ਬੀ) ਦੇ ਆਪਣੇ ਨੇੜਲੇ ਵਿਰੋਧੀ ਸਾਜਿਤ ਪ੍ਰੇਮਦਾਸਾ ਨੂੰ ਹਰਾਇਆ ਸੀ।



ਦੇਸ਼ 'ਚ ਆਰਥਕ ਸੰਕਟ ਕਾਰਨ 2022 'ਚ ਹੋਏ ਵੱਡੇ ਜਨ-ਅੰਦੋਲਨ ਤੋਂ ਬਾਅਦ ਇਹ ਪਹਿਲੀ ਚੋਣ ਸੀ। ਇਸ ਜਨ-ਅੰਦੋਲਨ 'ਚ ਗੋਟਾਬਾਯਾ ਰਾਜਪਕਸ਼ੇ ਨੂੰ ਬਾਹਰ ਕਰ ਦਿੱਤਾ ਗਿਆ ਸੀ। ਚੋਣ ਜਿੱਤਣ ਤੋਂ ਬਾਅਦ ਦੀਸਾਨਇਕੇ ਨੇ ਦੇਸ਼ ਨੂੰ ਸੰਬੋਧਨ ਕਰਦਿਆਂ ਫਤਵੇ ਦਾ ਸਨਮਾਨ ਕਰਨ ਅਤੇ ਸ਼ਾਂਤੀਪੂਰਵਕ ਤਬਾਦਲੇ ਲਈ ਸਾਬਕਾ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਦਾ ਧੰਨਵਾਦ ਕੀਤਾ। ਰਾਹੁਲ ਨੇ ਦੀਸਾਨਾਇਕੇ ਨੂੰ ਵਧਾਈ ਦਿੱਤੀ ਹੈ। ਦੀਸਾਨਾਇਕੇ ਮਾਰਕਸਵਾਦੀ ਪਾਰਟੀ ਦੇ ਪਹਿਲੇ ਨੇਤਾ ਹਨ, ਜਿਨ੍ਹਾ ਦੇਸ਼ ਦੀ ਵਾਗਡੋਰ ਸੰਭਾਲੀ ਹੈ। ਮੌਜੂਦਾ ਰਾਸ਼ਟਰਪਤੀ ਰਾਨਿਲ ਵਿਕਰਮਾਸਿੰਘੇ ਪਹਿਲੇ ਗੇੜ ਦੀਆਂ ਵੋਟਾਂ ਦੀ ਗਿਣਤੀ ਵਿੱਚੋਂ ਹੀ ਬਾਹਰ ਹੋ ਕੇ ਚੋਟੀ ਦੇ ਦੋ ਉਮੀਦਵਾਰਾਂ 'ਚ ਥਾਂ ਬਣਾਉਣ 'ਚ ਨਾਕਾਮ ਰਹੇ। ਚੋਣ ਕਮਿਸ਼ਨ ਨੇ ਚੋਣਾਂ 'ਚ ਕਿਸੇ ਵੀ ਉਮੀਦਵਾਰ ਨੂੰ ਜਿੱਤ ਲਈ ਲੋੜੀਂਦੀਆਂ 50 ਫੀਸਦੀ ਤੋਂ ਵੱਧ ਵੋਟਾਂ ਨਾ ਮਿਲਣ ਮਗਰੋਂ ਦੇਸ਼ ਦੇ ਇਤਿਹਾਸ 'ਚ ਪਹਿਲੀ ਵਾਰ ਦੂਸਰੇ ਗੇੜ ਦੀਆਂ ਵੋਟਾਂ ਦੀ ਗਿਣਤੀ ਕਰਵਾਉਣ ਦਾ ਆਦੇਸ਼ ਦਿੱਤਾ ਸੀ। ਸ੍ਰੀਲੰਕਾ ਦੀ ਰਾਸ਼ਟਰਪਤੀ ਚੋਣ 'ਚ ਦਰਜਾ ਆਧਾਰਤ ਵੋਟ ਪ੍ਰਣਾਲੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਹਿਤ ਵੋਟਰ ਤਰਜੀਹ ਦੇ ਆਧਾਰ 'ਤੇ ਵੱਧ ਤੋਂ ਵੱਧ ਤਿੰਨ ਉਮੀਦਵਾਰਾਂ ਨੂੰ ਸ਼੍ਰੇਣੀਬੱਧ ਕਰਦੇ ਹਨ। ਜੇ ਕਿਸੇ ਉਮੀਦਵਾਰ ਨੂੰ ਪਹਿਲੀ ਪਸੰਦ ਵਜੋਂ 50 ਫੀਸਦੀ ਤੋਂ ਵੱਧ ਵੋਟਾਂ ਯਾਨੀ ਪੂਰਨ ਬਹੁਮਤ ਮਿਲਦਾ ਹੈ, ਤਾਂ ਉਹ ਜੇਤੂ ਐਲਾਨ ਦਿੱਤਾ ਜਾਂਦਾ ਹੈ।

'ਏ ਕੇ ਡੀ' ਵਜੋਂ ਮਸ਼ਹੂਰ ਦੀਸਾਨਾਇਕੇ ਦੇ ਭ੍ਰਿਸ਼ਟਾਚਾਰ ਵਿਰੋਧੀ ਸੁਨੇਹੇ ਅਤੇ ਸਿਆਸੀ ਸੱਭਿਆਚਾਰ 'ਚ ਬਦਲਾਅ ਦੇ ਉਨ੍ਹਾ ਦੇ ਵਾਅਦੇ ਨੇ ਨੌਜਵਾਨ ਵੋਟਰਾਂ ਨੂੰ ਕਾਫੀ ਪ੍ਰਭਾਵਤ ਕੀਤਾ, ਜੋ ਆਰਥਕ ਸੰਕਟ ਦੇ ਝੰਬੇ ਦੇਸ਼ 'ਚ ਬਦਲਾਅ ਦੀ ਮੰਗ ਕਰ ਰਹੇ ਸਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੀ ਵਧਾਈ ਦੇ ਜਵਾਬ ਵਿਚ ਦੀਸਾਨਾਇਕੇ ਨੇ ਐੱਕਸ 'ਤੇ ਪੋਸਟ ਕੀਤਾ ਹੈ—ਧੰਨਵਾਦ ਪ੍ਰਧਾਨ ਮੰਤਰੀ ਮੋਦੀ, ਸਨੇਹ-ਭਰੇ ਸ਼ਬਦਾਂ ਤੇ ਹਮਾਇਤ ਲਈ।

ਮੈਂ ਦੋਹਾਂ ਰਾਸ਼ਟਰਾਂ ਵਿਚਾਲੇ ਸੰਬੰਧ ਮਜ਼ਬੂਤ ਕਰਨ ਲਈ ਤੁਹਾਡੀ ਪ੍ਰਤੀਬੱਧਤਾ ਵਿਚ ਸ਼ਾਮਲ ਹਾਂ। ਅਸੀਂ ਰਲ ਕੇ ਆਪਣੇ ਲੋਕਾਂ ਤੇ ਸਮੁੱਚੇ ਖਿੱਤੇ ਦੇ ਭਲੇ ਹਿੱਤ ਮਿਲਵਰਤਨ ਵਧਾਉਣ ਲਈ ਕੰਮ ਕਰ ਸਕਦੇ ਹਾਂ।

# ਕਾਂਗਰਸ ਨੇ ਭੈਣ ਸ਼ੈਲਜਾ ਦਾ ਅਪਮਾਨ ਕੀਤਾ : ਸ਼ਾਹ



**ਚੰਡੀਗੜ੍ਹ :** ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਟੋਹਾਣਾ ਵਿਖੇ ਚੋਣ ਰੈਲੀ 'ਚ ਕਾਂਗਰਸ ਨੂੰ 'ਦਲਿਤ ਵਿਰੋਧੀ' ਪਾਰਟੀ ਦੱਸਦਿਆਂ ਕਿਹਾ ਕਿ ਇਸ ਨੇ ਭੈਣ ਕੁਮਾਰੀ ਸ਼ੈਲਜਾ ਅਤੇ ਅਸ਼ੋਕ ਤੰਵਰ ਵਰਗੇ ਦਲਿਤ ਆਗੂਆਂ ਦਾ ਅਪਮਾਨ ਕੀਤਾ ਹੈ। ਉਨ੍ਹਾ ਰਾਖਵੇਂਕਰਨ 'ਤੇ ਟਿੱਪਣੀ ਲਈ ਰਾਹੁਲ ਗਾਂਧੀ ਦੀ ਵੀ ਅਲੋਚਨਾ ਕੀਤੀ ਅਤੇ ਕਿਹਾ ਕਿ ਜੇ ਕੋਈ ਹੈ, ਜੋ ਕੋਟੇ ਦੀ ਰੱਖਿਆ ਕਰ ਸਕਦਾ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ।

### ਮੇਰੀਆਂ ਰਗਾਂ 'ਚ ਕਾਂਗਰਸੀ ਖ਼ੂਨ

**ਨਵੀਂ ਦਿੱਲੀ :** ਪਾਰਟੀ ਤੋਂ ਨਰਾਜ਼ਗੀ ਦੀਆਂ ਖਬਰਾਂ ਵਿਚਕਾਰ ਕਾਂਗਰਸ ਦੀ ਜਨਰਲ ਸਕੱਤਰ ਕੁਮਾਰੀ ਸ਼ੈਲਜਾ ਨੇ ਸੋਮਵਾਰ ਕਿਹਾ ਕਿ ਉਹ ਕਾਂਗਰਸੀ ਹਨ ਅਤੇ ਅਗਲੇ 2-3 ਦਿਨਾਂ ਵਿਚ ਪ੍ਰਚਾਰ ਸ਼ੁਰੂ ਕਰਨਗੇ। 61 ਸਾਲਾ ਸ਼ੈਲਜਾ ਨੇ ਕਿਹਾ ਕਿ ਪਾਰਟੀ ਵਿਚ 100 ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ, ਪਰ ਉਹ ਪਾਰਟੀ ਦੇ ਅੰਦਰ ਦੀਆਂ ਗੱਲਾਂ ਹਨ। ਭਾਜਪਾ ਵੱਲੋਂ ਕੀਤੀ ਗਈ ਟਿੱਪਣੀ ਬਾਰੇ ਉਨ੍ਹਾ ਕਿਹਾ—ਮੈਂ ਚੁੱਪ ਸੀ ਇਸ ਲਈ ਉਹ ਅਜਿਹੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨੂੰ ਅਤੇ ਸਭ ਨੂੰ ਪਤਾ ਹੈ ਕੁਮਾਰੀ ਸ਼ੈਲਜਾ ਕਾਂਗਰਸੀ ਹੈ। ਮੇਰੀਆਂ ਰਗਾਂ ਵਿਚ ਕਾਂਗਰਸ ਦਾ ਖ਼ੂਨ ਹੈ। ਜਿਵੇਂ ਮੇਰੇ ਪਿਤਾ ਨੂੰ ਪਾਰਟੀ ਦੇ ਝੰਡੇ ਵਿਚ ਲਪੇਟਿਆ ਗਿਆ ਸੀ, ਉਸੇ ਤਰ੍ਹਾਂ ਮੈਂ ਵੀ ਪਾਰਟੀ ਛੱਡਾਂਗੀ।

# ਹੰਝੂ ਨਿਕਲਣੋਂ ਰੋਕਣ ਦੀ ਕੋਸ਼ਿਸ਼

**ਨਵੀਂ ਦਿੱਲੀ :** ਸਰਕਾਰ ਨੇ ਹਾਲ ਹੀ ਵਿਚ ਬਰਾਮਦ ਡਿਊਟੀ ਹਟਾਏ ਜਾਣ ਮਗਰੋਂ ਪਰਚੂਨ ਕੀਮਤਾਂ ਵਧਣ ਦੇ ਮੱਦੇਨਜ਼ਰ ਥੋਕ ਬਾਜ਼ਾਰਾਂ ਵਿਚ 'ਬਫਰ ਸਟਾਕ' ਤੋਂ ਵਿਕਰੀ ਵਧਾ ਕੇ ਪਿਆਜ਼ ਦੀਆਂ ਕੀਮਤਾਂ ਨੂੰ ਕਾਬੂ ਕਰਨ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਕੇਂਦਰ ਨੇ ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਦੇ ਥੋਕ ਬਾਜ਼ਾਰਾਂ 'ਚ ਆਪਣੇ 'ਬਫਰ ਸਟਾਕ' ਤੋਂ ਪਿਆਜ਼ ਕੱਢਣਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਦੀ ਯੋਜਨਾ ਦੇਸ਼ 'ਚ ਸਬਸਿਡੀ ਵਾਲੇ ਪਿਆਜ਼ ਦੀ ਪਰਚੂਨ ਵਿਕਰੀ ਕਰਨ ਦੀ ਹੈ। ਸਰਕਾਰ ਪਿਆਜ਼ ਦੀ ਪ੍ਰਚੂਨ ਵਿਕਰੀ 35 ਰੁਪਏ ਪ੍ਰਤੀ ਰਿਆਇਤੀ ਦਰ 'ਤੇ ਵਧਾਉਣ ਦੀ ਯੋਜਨਾ ਬਣਾ ਰਹੀ ਹੈ। ਅਧਿਕਾਰਤ ਅੰਕੜਿਆਂ ਅਨੁਸਾਰ 22 ਸਤੰਬਰ ਨੂੰ ਦਿੱਲੀ 'ਚ ਪਿਆਜ਼ ਦੀ ਪਰਚੂਨ ਕੀਮਤ 55 ਰੁਪਏ ਪ੍ਰਤੀ ਕਿੱਲੋ ਸੀ, ਜੋ ਸਾਲ ਪਹਿਲਾਂ ਇਸੇ ਸਮੇਂ 38 ਰੁਪਏ ਪ੍ਰਤੀ ਕਿੱਲੋ ਸੀ।



## ਮੇਜਰ ਤੇ ਮੰਗੇਤਰ 'ਤੇ ਹਮਲੇ ਦੀ ਨਿਆਂਇਕ ਜਾਂਚ

**ਭੁਬਨੇਸ਼ਵਰ :** ਓਡੀਸ਼ਾ ਦੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਸਥਾਨਕ ਥਾਣੇ 'ਚ ਮੇਜਰ 'ਤੇ ਕਥਿਤ ਤਸ਼ੱਦਦ ਕਰਨ ਅਤੇ ਉਸ ਦੀ ਮੰਗੇਤਰ ਦੇ 'ਜਿਨਸੀ ਸ਼ੋਸ਼ਣ' ਦੇ ਮਾਮਲੇ ਦੀ ਨਿਆਂਇਕ ਜਾਂਚ ਦੇ ਹੁਕਮ ਦਿੱਤੇ ਹਨ। ਸੂਬਾ ਸਰਕਾਰ ਨੇ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਚਿਤਰੰਜਨ ਦਾਸ ਦੀ ਅਗਵਾਈ 'ਚ ਜਾਂਚ ਕਮਿਸ਼ਨ ਦਾ ਗਠਨ ਕੀਤਾ ਹੈ। ਕਮਿਸ਼ਨ ਵੱਲੋਂ ਘਟਨਾ ਤੇ ਇਸ ਨਾਲ ਜੁੜੇ ਹਾਲਾਤ ਦੇ ਨਾਲ-ਨਾਲ ਇਸ ਨਾਲ ਸੰਬੰਧਤ ਵਿਅਕਤੀਆਂ ਅਤੇ ਅਧਿਕਾਰੀਆਂ ਦੀ ਭੂਮਿਕਾ, ਆਚਰਨ ਅਤੇ ਜਵਾਬਦੇਹੀ ਦੀ ਜਾਂਚ ਕੀਤੀ ਜਾਵੇਗੀ।

# ਬਰਾੜ ਤੇ ਹੋਰ ਆਗੂ ਕਾਮਰੇਡ ਨਾਗੋਕੇ ਦਾ ਹਾਲ ਜਾਨਣ ਗਏ

**ਖਡੂਰ ਸਹਿਬ :** ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਕੌਮੀ ਕੌਂਸਲ ਮੈਂਬਰ ਨਰਿੰਦਰ ਕੌਰ ਸੋਹਲ, ਸੂਬਾ ਸਕੱਤਰੇਤ ਮੈਂਬਰ ਦੇਵੀ ਕਮਾਰੀ, ਜ਼ਿਲ੍ਹਾ ਸਕੱਤਰ ਦਵਿੰਦਰ ਕੁਮਾਰ ਸੋਹਲ ਤੇ ਮਹਿੰਦਰ ਸਿੰਘ ਬਜ਼ੁਰਗ ਕਮਿਊਨਿਸਟ ਆਗੂ ਕਾਮਰੇਡ ਸਵਰਨ ਸਿੰਘ ਨਾਗੋਕੇ, ਜੋ ਲੰਮੇ ਸਮੇਂ ਤੋਂ ਬਿਮਾਰ ਚੱਲ ਰਹੇ ਹਨ, ਹੁਣ ਉਹਨਾ ਦੀ ਸਿਹਤ 'ਚ ਕਾਫੀ ਸੁਧਾਰ ਹੋ ਰਿਹਾ ਹੈ। ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ ਮੌਕੇ 22 ਸਤੰਬਰ ਨੂੰ ਖਡੂਰ ਸਹਿਬ ਵਿਖੇ ਕੀਤੀ ਗਈ ਕਾਨਫਰੰਸ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਆਗੂਆਂ ਨੇ ਪਿੰਡ ਨਾਗੋਕੇ ਵਿਖੇ ਜਾ ਕੇ ਕਾਮਰੇਡ ਨਾਗੋਕੇ ਦਾ ਹਾਲਚਾਲ ਜਾਣਿਆ ਤੇ ਉਹਨਾ ਦੀ ਤੰਦਰੁਸਤੀ ਲਈ ਕਾਮਨਾ ਕੀਤੀ। ਬਰਾੜ ਨੇ ਕਿਹਾ ਕਿ ਕਾਮਰੇਡ ਨਾਗੋਕੇ ਬਹੁਤ ਜੁਝਾਰੂ ਸਾਥੀ ਹਨ। ਇਹਨਾ ਭਰ ਜਵਾਨੀ ਖੇਤ ਮਜ਼ਦੂਰਾਂ ਤੇ ਦੱਬੇ-ਕੁਚਲੇ ਲੋਕਾਂ ਦੀ ਬੰਦਖਲਾਸੀ ਲਈ ਲਾਈ ਤੇ ਅਨੇਕਾਂ ਘੋਲ ਲੜੇ। ਕਈ ਵਾਰ ਸੰਘਰਸ਼ਾਂ 'ਚ ਜੇਲ੍ਹ ਯਾਤਰਾ ਵੀ ਕੀਤੀ। ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਤੇ ਭਾਰਤੀਅ ਖੇਤ ਮਜ਼ਦੂਰ ਯੂਨੀਅਨ ਦੇ ਕੇਂਦਰੀ ਕਮੇਟੀ ਮੈਂਬਰ ਵੀ ਰਹੇ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਕੌਂਸਲ ਮੈਂਬਰ ਵੀ ਲੰਮੇ ਸਮੇਂ ਤੱਕ ਰਹੇ ਹਨ।



## ਅੱਜ-ਨਾਮਾ

ਮੋਦੀ ਭਾਰਤ ਵਿੱਚ ਬੋਲਣ ਵਿਵਾਦ ਹੁੰਦਾ,
ਬੋਲਦੇ ਬਾਹਰ ਵੀ ਹੋਵਣ ਵਿਵਾਦ ਮੀਆਂ।
ਹੁੰਦੇ ਵਿਵਾਦ ਆ ਚਟਪਟੇ ਇਸ ਤਰ੍ਹਾਂ ਦੇ,
ਚਟਕਾਰੇਬਾਜ਼ਾਂ ਲਈ ਹੁੰਦੇ ਸਵਾਦ ਮੀਆਂ।
ਕਈ ਵਿਵਾਦ ਹਨ ਸਮੇਂ ਨਾਲ ਭੁੱਲ ਜਾਂਦੇ,
ਖੜੇ ਕਈ ਕਰਦੇ ਆ ਹੋਰ ਫਸਾਦ ਮੀਆਂ।
ਰਾਜਨੀਤੀ ਦੇ ਮਾਹਰ ਇਹ ਕਹਿਣ ਬਹੁਤੇ,
ਲੰਮੀ ਵਿਵਾਦਾਂ ਦੀ ਬਹੁਤ ਤਾਦਾਦ ਮੀਆਂ।
ਕਈਆਂ ਨੂੰ ਜਾਪਦਾ ਬਣੇ ਮਾਹੌਲ ਜਿਹੜਾ,
ਕਰਦਾ ਵਕਤ ਹੈ ਸਿਰਫ ਬਰਬਾਦ ਮੀਆਂ।
ਕਈਆਂ ਨੂੰ ਜਾਪਦਾ, ਜਾਂਦੇ ਈ ਰੁਲ ਮੁੱਦੇ,
ਰਹਿੰਦੜੇ ਸਿਰਫ ਵਿਵਾਦ ਨੇ ਯਾਦ ਮੀਆਂ।

-ਤੀਸ ਮਾਰ ਖਾਂ

# ਤਰੱਕੀ ਦੀਆਂ ਦੁਸ਼ਮਣ ਤਾਕਤਾਂ ਮੇਰੇ ਖਿਲਾਫ਼ ਕੂੜ ਪ੍ਰਚਾਰ ਕਰ ਰਹੀਆਂ : ਮਾਨ

**ਚਾਉਕੇ/ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਮਨ, ਤਰੱਕੀ ਤੇ ਖੁਸ਼ਹਾਲੀ ਦੀਆਂ ਦੁਸ਼ਮਣ ਤਾਕਤਾਂ ਉਨ੍ਹਾ ਖਿਲਾਫ਼ ਬੇਬੁਨਿਆਦ ਅਫਵਾਹਾਂ ਫੈਲਾ ਰਹੀਆਂ ਹਨ, ਤਾਂ ਕਿ ਸੂਬੇ ਦੇ ਵਿਕਾਸ ਨੂੰ ਲੀਹੋਂ ਲਾਹਿਆ ਜਾ ਸਕੇ।ਸੋਮਵਾਰ ਇੱਥੇ ਸੂਬੇ ਦੇ 30 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀਆਂ ਦੇ ਘਟੀਆ ਹੱਥਕੰਡੇ ਉਨ੍ਹਾ ਨੂੰ ਲੋਕਾਂ ਦੀ ਸੇਵਾ ਕਰਨ ਤੋਂ ਨਹੀਂ ਰੋਕ ਸਕਦੇ। ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਨੂੰ ਆੜੇ ਹੱਥੀਂ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਵਾਗਡੋਰ ਸੰਭਾਲਣ ਦੇ ਬਾਵਜੂਦ ਸਾਬਕਾ ਉਪ ਮੁੱਖ ਮੰਤਰੀ ਸੂਬੇ ਦੀ ਭੂਗੋਲਿਕ ਸਥਿਤੀ ਤੋਂ ਅਣਜਾਣ ਹਨ। ਉਨ੍ਹਾ ਕਿਹਾ-ਸਭ ਕੁਝ ਛੱਡ ਦਿਓ, ਸੁਖਬੀਰ ਨੂੰ ਕੱਦੂ ਅਤੇ ਲੌਕੀ ਵਿਚਲੇ ਮੂਲ ਫਰਕ ਦਾ ਵੀ ਪਤਾ ਨਹੀਂ।



ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਪੰਚਾਇਤੀ ਚੋਣਾਂ ਜਲਦੀ ਹੀ ਹੋਣਗੀਆਂ ਅਤੇ ਇਹ ਉਮੀਦਵਾਰ ਬਿਨਾਂ ਪਾਰਟੀ ਚੋਣ ਨਿਸ਼ਾਨ ਤੋਂ ਚੋਣ ਲੜਨਗੇ। ਸੂਬਾ ਸਰਕਾਰ ਨੇ ਵਡੇਰੇ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਮੀਦਵਾਰਾਂ ਨੂੰ ਪਾਰਟੀ ਦੇ ਚੋਣ ਨਿਸ਼ਾਨਾਂ 'ਤੇ ਚੋਣ ਲੜਨ ਤੋਂ ਰੋਕਣ ਦਾ ਵੱਡਾ ਫੈਸਲਾ ਲਿਆ ਹੈ।ਜਿਹੜਾ ਵੀ ਪਿੰਡ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕਰੇਗਾ, ਉਸ ਨੂੰ ਸਟੇਡੀਅਮ, ਸਕੂਲ ਜਾਂ ਹਸਪਤਾਲ ਸਮੇਤ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ।ਮਾਨ ਨੇ 30 ਹੋਰ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕਰਨ ਵੇਲੇ ਕਿਹਾ ਕਿ ਹੁਣ ਤੱਕ 872 ਕਲੀਨਿਕ ਕਾਰਜਸ਼ੀਲ ਹੋ ਚੁੱਕੇ ਹਨ।ਮੁੱਖ ਮੰਤਰੀ ਵੱਲੋਂ ਸਮਰਪਿਤ ਕੀਤੇ ਗਏ 30 ਕਲੀਨਿਕਾਂ ਵਿੱਚੋਂ ਬਠਿੰਡਾ ਵਿੱਚ ਪੰਜ, ਹੁਸ਼ਿਆਰਪੁਰ ਵਿੱਚ ਦੋ, ਮਾਨਸਾ ਵਿੱਚ ਸੱਤ, ਮੋਗਾ ਵਿੱਚ ਤਿੰਨ, ਪਟਿਆਲਾ ਵਿੱਚ ਛੇ, ਐੱਸ ਏ ਐੱਸ ਨਗਰ ਮੋਹਾਲੀ ਵਿੱਚ ਪੰਜ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਦੋ ਕਲੀਨਿਕ ਸ਼ਾਮਲ ਹਨ।

# 'ਮੇਲਾ ਗਦਰੀ ਬਾਬਿਆਂ ਦਾ' ਨੂੰ ਵੱਡਾ ਹੁਲਾਰਾ

**ਜਲੰਧਰ :** ਗ਼ਦਰੀ ਬਾਬਿਆਂ ਦਾ 33ਵਾਂ ਮੇਲਾ 7-8 ਤੇ 9 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਵਿਹੜੇ ਵਿੱਚ ਲੱਗ ਰਿਹਾ ਹੈ। ਇਸ ਵਾਰ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਹਰਦੇਵ ਸਿੰਘ ਅਰਸ਼ੀ ਸਾਬਕਾ ਐੱਮ ਐੱਲ ਏ ਨਿਭਾਅ ਰਹੇ ਹਨ। ਮੇਲੇ ਦੇ ਲੱਗ ਰਹੇ ਲੰਗਰ ਦੇ ਖਰਚੇ ਦਾ ਇੰਤਜ਼ਾਮ ਇਸ ਵਾਰ ਗ਼ਦਰੀ ਬਾਬਿਆਂ ਤੇ ਬੱਬਰਾਂ ਦੇ ਪਰਵਾਰ ਤੇ ਪਿੰਡ ਕਰ ਰਹੇ ਹਨ। ਇਸ ਤੋਂ ਇਲਾਵਾ ਕਮੇਟੀ ਮੈਂਬਰਾਂ ਨੇ ਵੀ ਮੇਲੇ ਦੀ ਕਾਮਯਾਬੀ ਲਈ ਫੰਡ ਇਕੱਤਰ ਕਰਨ ਦੀ ਮੁਹਿੰਮ ਆਰੰਭੀ ਹੋਈ ਹੈ। ਜਿਸ ਮੀਟਿੰਗ ਵਿੱਚ ਮੇਲੇ ਦੀਆਂ ਤਰੀਕਾਂ ਦਾ ਐਲਾਨ ਕੀਤਾ ਸੀ, ਉਸੇ ਵਕਤ ਕਮੇਟੀ ਦੇ ਖਜ਼ਾਨਚੀ ਇੰਜ. ਸੀਤਲ ਸਿੰਘ ਸੰਘਾ ਨੇ 25000 ਰੁਪਏ ਜਮ੍ਹਾਂ ਕਰਾਏ। ਕੁਝ ਦਿਨਾਂ ਬਾਅਦ ਭਾਈ ਛਾਂਗਾ ਸਿੰਘ ਬੱਬਰ ਪਠਲਾਵੇ ਵਾਲੇ ਦੀ ਪੋਤਰੀ ਜਤਿੰਦਰ ਕੌਰ ਐਡਵੋਕੇਟ ਲੰਗਰ ਦੀ ਰਸਦ ਜਮ੍ਹਾਂ ਕਰਵਾ ਕੇ ਗਈ। ਪੰਜਾਬ ਰੋਡਵੇਜ਼ ਯੂਨੀਅਨ ਏਟਕ ਦੇ ਸੀਨੀਅਰ ਆਗੂ ਜਗਤਾਰ ਸਿੰਘ ਭੂੰਗਰਨੀ ਨੇ ਪਹਿਲਾਂ ਦਾਲ ਭੇਜੀ ਤੇ ਫ਼ਿਰ ਗੁਰਮੀਤ ਰਾਹੀਂ ਹੋਰ ਪੈਸੇ ਭੇਜੇ। ਇੱਕ ਦਿਨ ਛੱਡ ਕੇ ਬੀਬੀ ਜਤਿੰਦਰ ਕੌਰ ਦਾ ਭਰਾ ਪਿਰਤਪਾਲ ਸਿੰਘ ਮੁੜ ਪੈਸੇ ਜਮ੍ਹਾਂ ਕਰਵਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਮੀਤ ਨੇ ਵੀ ਫੰਡ ਲਈ ਤਕੜਾ ਹੰਭਲਾ ਮਾਰਿਆ ਹੈ। ਇਨ੍ਹਾਂ ਤੋਂ ਇਲਾਵਾ ਮੰਗਤ ਰਾਮ ਪਾਸਲਾ ਨੇ ਪਹਿਲਾਂ ਵੀ ਪੈਸੇ ਜਮ੍ਹਾਂ ਕਰਾਏ ਤੇ ਸੋਮਵਾਰ ਫ਼ਿਰ ਮੰਗਤ ਰਾਮ ਪਾਸਲਾ ਤੇ ਪ੍ਰਗਟ ਸਿੰਘ ਜਾਮਾਰਾਏ ਨੇ ਭੈਣ ਸੁਰਿੰਦਰ ਕੁਮਾਰੀ ਕੋਛੜ, ਚਰੰਜੀ ਲਾਲ ਕੰਗਣੀਵਾਲ ਤੇ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੂੰ ਪੈਸਿਆਂ ਦੀ ਥੈਲੀ ਭੇਟ ਕੀਤੀ ਹੈ। ਆਸ ਹੈ ਕਿ ਮੇਲਾ ਆਰਥਕ ਪੱਖ ਤੋਂ ਪਿਛਲੇ ਸਾਲ ਦੀ ਤਰ੍ਹਾਂ ਪੂਰਾ ਕਾਮਯਾਬ ਹੋਵੇਗਾ। ਕਮੇਟੀ ਸਾਰਿਆਂ ਦਾ ਧੰਨਵਾਦ ਕਰਦੀ ਹੈ।



## ਐੱਸ ਜੀ ਬੀ ਚੈਰੀਟੇਬਲ ਹਸਪਤਾਲ ਵਿਖੇ ਮੁਫ਼ਤ ਮੈਡੀਕਲ ਕੈਂਪ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਾਜ ਸੇਵੀ ਕਾਰਜਾਂ 'ਚ ਜੁਟੀ ਸਵਾਮੀ ਗੰਗਾ ਨੰਦ ਜੀ ਭੂਰੀ ਵਾਲੇ ਸੇਵਾ ਸੰਮਤੀ ਵੱਲੋਂ ਫਰੈਂਡਜ਼ ਕਾਲੋਨੀ 'ਚ ਸਥਿਤ ਚੈਰੀਟੇਬਲ ਹਸਪਤਾਲ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਸਰਵਹਿਤਕਾਰੀ ਸਭਾ ਸ੍ਰੀ ਰਾਮਲੀਲ੍ਹਾ ਕਮੇਟੀ ਦੇ ਪ੍ਰਧਾਨ ਅਸ਼ੋਕ ਸੂਦ ਨੇ ਕੀਤਾ। ਕੈਂਪ ਵਿੱਚ ਮਾਹਰ ਡਾਕਟਰਾਂ ਵੱਲੋਂ ਅੱਖਾਂ ਤੇ ਦੰਦਾਂ ਦੇ ਮਰੀਜ਼ਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਨੂੰ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਮਰੀਜ਼ਾਂ ਦੇ ਮੁਫ਼ਤ ਟੈਸਟ ਵੀ ਕੀਤੇ ਗਏ ਤੇ ਲੋੜਵੰਦਾਂ ਨੂੰ ਮੁਫ਼ਤ ਐਨਕਾਂ ਦਿੱਤੀਆਂ। ਪ੍ਰਧਾਨ ਅਸ਼ੋਕ ਸੂਦ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਚੱਲ ਰਹੇ ਸਵਰਗ ਬਿਰਧ ਆਸ਼ਰਮ ਵਿੱਚ ਪੁੱਜ ਕੇ ਬਜ਼ੁਰਗਾਂ ਦਾ ਹਾਲ-ਚਾਲ ਜਾਣਿਆ ਤੇ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਖ਼ੂਨਦਾਨ ਕੈਂਪ ਵੀ ਲਾਇਆ ਗਿਆ, ਜਿਸ 'ਚ ਨੌਜਵਾਨਾਂ ਨੇ ਭਾਰੀ ਉਤਸ਼ਾਹ ਦਿਖਾਇਆ। ਸੰਸਥਾ ਦੇ ਚੇਅਰਮੈਨ ਚਰਨਜੀਤ ਸਿੰਘ ਥੋਪੀਆ ਨੇ ਕਿਹਾ ਕਿ ਸੰਸਥਾ ਵੱਲੋਂ ਜਿਨ੍ਹਾਂ ਲੋੜਵੰਦ ਲੋਕਾਂ ਕੋਲ ਰਹਿਣ ਬਸੇਰਾ ਨਹੀਂ ਹੈ ਤਾਂ ਉਹ ਵੀ ਸੰਸਥਾ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਪ੍ਰੇਮ ਸਿੰਘ ਰਜੂਲ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਰੇਨੂੰ ਬਾਲਾ, ਗੁਰਚਰਨ ਸਿੰਘ ਜੁਲਫ਼ਗੜ੍ਹ, ਰਾਜਦੀਪ ਅਲਬੇਲਾ, ਪਲਵਿੰਦਰ ਸਿੰਘ ਗੋਲਡੀ, ਲਕਸ਼ਮੀ ਨਰਾਇਣ, ਰਾਜੇਸ਼ ਕੁਮਾਰ ਪੀਏ, ਡਾਕਟਰ ਰਵਿੰਦਰ ਮੋਦਗਿਲ, ਹੈਪੀ ਸਮਰਾਲਾ, ਵਿਕਾਸ ਮਿੱਤਲ, ਸੋਹਨ ਲਾਲ, ਅਜੈ ਬਾਂਸਲ, ਵਿੱਕੀ ਕੁੰਦਰਾ, ਰਿੰਕੀ ਜੈਨ, ਮਾਸਟਰ ਸਤੀਸ਼ ਕੁਮਾਰ, ਅਸ਼ੋਕ ਮੈਨ, ਪ੍ਰਵੀਨ ਜੈਨ, ਸੁਰਿੰਦਰ ਲੋਟਾ, ਵਿਜੇ ਬਾਂਸਲ ਮੌਜੂਦ ਸਨ।

# ਐੱਸ ਐੱਸ ਜੈਨ ਸਭਾ ਦੇ ਕੈਂਪ 'ਚ 161 ਯੂਨਿਟ ਖ਼ੂਨ ਇਕੱਤਰ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਐੱਸ. ਐੱਸ. ਜੈਨ ਸਭਾ (ਰਜਿ.) ਧੂਰੀ ਵੱਲੋਂ ਜੈਨ ਸਥਾਨਕ ਧੂਰੀ ਵਿਖੇ ਸੰਘ ਨਾਇਕ ਸ਼ਾਸਤਰੀ ਸ੍ਰੀ ਪਦਮ ਚੰਦਰ ਜੀ ਮਹਾਰਾਜ ਦੇ ਜਨਮ ਦਿਵਸ ਨੂੰ ਸਮੱਰਪਤ ਇੱਕ ਵਿਸ਼ਾਲ ਮੈਗਾ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਦਿੱਲੀ ਤੋਂ ਉਚੇਚੇ ਤੌਰ 'ਤੇ ਪੁੱਜੇ ਡਾ. ਸਾਈਮਨ ਥਾਮਸ, ਜੀਵੋ ਹਸਪਤਾਲ ਦਿੱਲੀ ਦੇ ਪ੍ਰਧਾਨ ਰਾਜੇਸ਼ ਜੈਨ, ਮੀਤ ਪ੍ਰਧਾਨ ਸ਼ਿਵ ਕੁਮਾਰ ਜੈਨ ਤੇ ਡਾ. ਨਰੇਸ਼ ਕੁਮਾਰ ਵੱਲੋਂ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਕੀਤਾ ਗਿਆ।

ਇਸ ਮੌਕੇ ਸਭਾ ਦੇ ਪ੍ਰਧਾਨ ਭਾਰਤ ਭੂਸ਼ਣ ਜੈਨ ਤੇ ਜਨਰਲ ਸਕੱਤਰ ਸਤੀਸ਼ ਜੈਨ ਨੇ ਦੱਸਿਆਂ ਕਿ ਸੰਘ ਸ਼ਾਸਤਾ ਸ਼ਾਸਨ ਪ੍ਰਭਾਵਕ ਗੁਰਦੇਵ ਸ੍ਰੀ ਸੁਦਰਸ਼ਨ ਮੁਨੀ ਜੀ ਮਹਾਰਾਜ ਦੇ ਸੁਸ਼ਿਸ਼ ਕਰੁਣਾ ਪੁਰਸ਼ ਸ੍ਰੀ ਰਾਕੇਸ਼ ਮੁਨੀ ਤੇ ਸੇਵਾਭਾਵੀ ਸ੍ਰੀ ਰਕਸ਼ਿਤ ਮੁਨੀ ਜੀ ਮਹਾਰਾਜ ਦੀ ਰਹਿਨੁਮਾਈ ਹੇਠ ਲਗਾਏ ਗਏ ਇਸ ਕੈਂਪ 'ਚ ਡਾ. ਅਚਲਾ ਰਾਣੀ ਤੇ ਹੋਰ ਡਾਕਟਰਾਂ ਦੀ ਅਗਵਾਈ ਹੇਠ ਆਈ ਸਿਵਲ ਹਸਪਤਾਲ ਸੰਗਰੂਰ ਦੀ ਟੀਮ ਵੱਲੋਂ 161 ਯੂਨਿਟ ਖ਼ੂਨ ਇਕੱਤਰ ਕੀਤੇ ਗਏ ਹਨ।ਕੈਂਪ 'ਚ ਦਿੱਲੀ ਤੋਂ ਉਚੇਚੇ ਤੌਰ 'ਤੇ ਪੁੱਜੇ ਡਾ. ਸਾਈਮਨ ਥਾਮਸ ਤੇ ਡਾ. ਨਰੇਸ਼ ਕੁਮਾਰ ਨੇ ਜੈਨ ਸਮਾਜ ਵੱਲੋਂ ਲਗਾਏ ਗਏ ਇਸ ਖ਼ੂਨਦਾਨ ਕੈਂਪ ਨੂੰ ਮਾਨਵਤਾ ਦੀ ਸੱਚੀ ਸੇਵਾ ਕਰਾਰ ਦਿੰਦਿਆਂ ਕਿਹਾ ਕਿ ਖ਼ੂਨਦਾਨ ਇਕ ਉੱਤਮ ਦਾਨ ਹੈ ਤੇ ਇਸ ਦੀ ਸਹੀ ਕੀਮਤ ਜ਼ਰੂਰਤ ਪੈਣ ਦੇ ਸਮੇਂ ਹੀ ਪਤਾ ਚੱਲਦੀ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਇਕ ਅਜਿਹਾ ਦਾਨ ਹੈ, ਜਿਸ ਨਾਲ ਕਿ ਕਿਸੇ ਨੂੰ ਪੂਰਾ ਜੀਵਨ ਮਿਲਦਾ ਹੈ। ਇਸ ਮੌਕੇ ਪ੍ਰਦੇਸ਼ ਕਾਂਗਰਸ ਦੇ ਮੈਂਬਰ ਤੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਹਰਦੀਪਸਿੰਘ ਦੌਲਤਪੁਰ ਨੇ ਆਪਣੇ ਸਾਥੀਆਂ ਸਣੇ ਸ਼ਿਰਕਤ ਕੀਤੀ।ਇਸ ਮੌਕੇ ਸਪਨਾ ਜੈਨ, ਕੁਸੁਮ ਜੈਨ, ਸਿੰਮੀ ਜੈਨ, ਰੰਜੂ ਜੈਨ, ਪ੍ਰਵੀਣ ਜੈਨ ਤੇ ਵੀਨਾ ਰਾਣੀ ਵੱਲੋਂ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ ਦੇਣ ਦੀ ਸੇਵਾ ਨਿਭਾਈ ਗਈ।ਕੈਂਪ 'ਚ ਖ਼ੂਨਦਾਨੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਵਿਨੋਦ ਜੈਨ, ਸਤਿੰਦਰ ਜੈਨ ਲੱਕੀ, ਯੋਗੇਸ਼ ਜੈਨ, ਰਾਕੇਸ਼ ਜੈਨ, ਵਿਕਾਸ ਜੈਨ, ਤਰੁਣ ਜੈਨ, ਮਾਨਵ ਜੈਨ ਆਦਿ ਮੌਜੂਦ ਸਨ।



# ਬਾਬਾ ਫਰੀਦ ਆਗਮਨ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਇਆ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)**-12ਵੀਂ ਸਦੀ ਦੇ ਮਹਾਨ ਸੂਫੀ ਦਰਵੇਸ਼ ਬਾਬਾ ਸ਼ੇਖ ਫਰੀਦ ਦੀਆਂ ਸਿੱਖਿਆਵਾਂ ਮਿੱਠਤ, ਹਲੀਮੀ, ਸਾਦਗੀ ਤੇ ਬੁਰੇ ਦਾ ਭਲਾ ਕਰਨ ਨੂੰ ਦੁਨੀਆ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਦੇ ਮਨੋਰਥ ਸਦਕਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫਰੀਦਕੋਟ ਵਿਖੇ 19 ਤੋਂ 23 ਸਤੰਬਰ ਤੱਕ ਮਨਾਏ ਜਾ ਰਹੇ ਆਗਮਨ ਪੁਰਬ ਦੇ 5ਵੇਂ ਦਿਨ ਸਰਬੱਤ ਦੇ ਭਲੇ ਲਈ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਵਿਧਾਇਕ ਸ੍. ਗੁਰਦਿੱਤ ਸਿੰਘ ਸੇਖੋਂ ਨੇ ਪਰਵਾਰ ਸਮੇਤ ਸੰਗਤਾਂ ਦੇ ਦਰਸ਼ਨ ਕੀਤੇ।

ਇਹ ਨਗਰ ਕੀਰਤਨ ਗੁਰਦੁਆਰਾ ਟਿੱਲਾ ਬਾਬਾ ਫਰੀਦ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਬਾਬਾ ਫਰੀਦ ਜੀ ਦੀ ਇਲਾਹੀ ਬਾਣੀ ਦੇ ਗੁਣਗਾਣ ਨਾਲ ਸ਼ਾਮਲ ਭਾਰੀ ਗਿਣਤੀ ਸੰਗਤਾਂ ਨੂੰ ਨਿਹਾਲ ਕਰਦਾ ਆਰੰਭ ਹੋਇਆ।ਨਗਰ ਕੀਰਤਨ ਵਿੱਚ ਸ਼ਾਮਲ ਇੱਕ ਵਿਸ਼ੇਸ਼ ਵਾਹਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਫੁੱਲਾਂ ਨਾਲ ਸਜਾਈ ਹੋਈ ਸੀ, ਜਿਸ 'ਤੇ ਦੋਨਾਂ ਰਸਤਿਆਂ 'ਚ ਖੜੀ ਸਾਧ ਸੰਗਤ ਨੇ ਫੁੱਲਾਂ ਦੀ ਵਰਖਾ ਕਰਕੇ ਸੀਸ ਝੁਕਾਇਆ ਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।

ਇਸ ਦੌਰਾਨ ਸਾਰੇ ਰਸਤੇ 'ਤੇ ਸੰਗਤਾਂ ਵੱਲੋਂ ਬੜੀ ਸ਼ਰਧਾ ਨਾਲ ਨਗਰ ਕੀਰਤਨ ਦੇ ਅੱਗੇ ਅੱਗੇ ਚੱਲ ਕੇ ਪੂਰੇ ਰਸਤੇ ਦੀ ਸਫਾਈ ਦੀ ਸੇਵਾ ਕੀਤੀ ਜਾ ਰਹੀ ਸੀ।ਇਸ ਤੋਂ ਇਲਾਵਾ ਸ਼ਰਧਾਲੂਆਂ ਵੱਲੋਂ ਥਾਂ-ਥਾਂ ਤੇ ਚਾਹ, ਮਠਿਆਈ, ਫਲ ਆਦਿ ਦੇ ਲੰਗਰ ਵੀ ਲਗਾਏ ਗਏ। ਬਾਬਾ ਫਰੀਦ ਜੀ ਦੀ ਉਚਾਰੀ ਬਾਣੀ ਦਾ ਜਾਪ ਕਰਦਿਆਂ ਜਦ ਇਹ ਨਗਰ ਕੀਰਤਨ ਡਿਪਟੀ ਕਮਿਸ਼ਨਰ ਨਿਵਾਸ 'ਤੇ ਪਹੁੰਚਿਆਂ ਤਾਂ ਇੱਥੇ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਫਰੀਦਕੋਟ ਨੇ ਆਪਣੇ ਪਰਵਾਰ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੇਹ 'ਤੇ ਰੁਮਾਲਾ ਭੇਟ ਕੀਤਾ ਤੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਦਾ ਮੇਲੇ ਵਿੱਚ ਸਹਿਯੋਗ ਕਰਨ ਤੇ ਮੇਲੇ ਨੂੰ ਚਾਰ ਚੰਨ ਲਗਾਉਣ ਲਈ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਮਸ਼ਹੂਰ ਰਾਗੀ ਜੱਥਿਆਂ ਵੱਲੋਂ ਸੰਗਤਾਂ ਨੂੰ ਆਪਣੇ ਮਨੋਹਰ ਕੀਰਤਨ ਨਾਲ ਨਿਹਾਲ ਕੀਤਾ ਗਿਆ।



## ਮਨਿਸਟੀਰੀਅਲ ਪੈਨਸ਼ਨਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਟੇਟ ਮਨਿਸਟੀਰੀਅਲ ਪੈਨਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਮੈਂਬਰ ਦੀ ਵਿਸ਼ੇਸ਼ ਮੀਟਿੰਗ ਸ੍ਰੀ ਸੁਰਿੰਦਰ ਕੁਮਾਰ ਬਾਲੀਆਂ ਸੂਬਾ ਮੀਤ ਪ੍ਰਧਾਨ ਦੀ ਅਗਵਾਈ ਵਿੱਚ ਡੀ ਸੀ ਕੰਪਲੈਕਸ ਸੰਗਰੂਰ ਵਿਖੇ ਹੋਈ।ਸੂਬਾ ਪ੍ਰਧਾਨ ਸ੍ਰੀ ਸੁਸ਼ੀਲ ਕੁਮਾਰਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਸੰਗਰੂਰ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਸ੍ਰੀ ਪਵਨ ਕੁਮਾਰ ਸਰਪ੍ਰਸਤ, ਹਰਬੰਸ ਲਾਲ ਜਿੰਦਲ ਪ੍ਰਧਾਨ, ਸੁਰਜੀਤ ਸਿੰਘ ਪੇਧਨੀ ਸੀਨੀਅਰ ਮੀਤ ਪ੍ਰਧਾਨ, ਹਰਮੇਸ਼ ਚੰਦ ਭਵਾਨੀਗੜ੍ਹ ਮੀਤ ਪ੍ਰਧਾਨ, ਅਮਰਨਾਥ ਸ਼ਰਮਾ ਜਰਨਲ ਸਕੱਤਰ, ਦਜਿੰਦਰ ਕੁਮਾਰ ਜਥੇਬੰਦਕ, ਮੁਕੇਸ਼ ਗੁਲਾਟੀ ਜੁਆਇੰਟ ਸਕੱਤਰ, ਭੀਮ ਸੈਨ ਪ੍ਰੈੱਸ ਸਕੱਤਰ, ਮੋਹਣ ਸਿੰਘ ਬਾਵਾ ਵਿੱਤ ਸਕੱਤਰ।ਇਸ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਵਿੱਚੋਂ 21 ਮੈਂਬਰੀ ਕਾਰਜਕਾਰਨੀ ਕਮੇਟੀ ਬਣਾਈ ਗਈ।ਇਕੱਠ ਵੱਲੋਂ ਤਾੜੀਆਂ ਮਾਰ ਕੇ ਉਪਰੋਕਤ ਚੋਣ ਦੀ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ।ਇਸ ਚੋਣ ਦੀ ਸਾਰੀ ਪ੍ਰਕਿਰਿਆ ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੇ ਸਰਪ੍ਰਸਤ ਜਗਦੀਸ਼ ਸ਼ਰਮਾ ਵੱਲੋਂ ਨਿਭਾਈ ਗਈ ਅਤੇ ਮੰਗਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪਵਨ ਕੁਮਾਰ ਸ਼ਰਮਾ ਨੇ ਦਿੱਤੀ ਅਤੇ ਸੂਬੇ ਦੇ ਮੀਤ ਪ੍ਰਧਾਨ ਸੁਰਿੰਦਰ ਵਾਲੀਆ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

# ਕਿਸਾਨ ਜਥੇਬੰਦੀਆਂ ਵੱਲੋਂ ਡੀ ਏ ਪੀ ਤੇ ਝੋਨੇ ਦੀ ਖ੍ਰੀਦ ਨੂੰ ਲੈ ਕੇ ਏ ਡੀ ਸੀ ਦਾ ਘਿਰਾਓ



**ਜਗਰਾਉਂ (ਸੰਜੀਵ ਅਰੋੜਾ)**-ਸੰਯੁਕਤ ਕਿਸਾਨ ਮੋਰਚੇ ਦੀਆਂ ਅਹਿਮ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਤੇ ਲੱਖੋਵਾਲ ਵੱਲੋਂ ਆਉਣ ਵਾਲੇ ਸਮੇਂ ਦੌਰਾਨ ਕਿਰਸਾਨੀ ਦੀਆਂ ਦਰਪੇਸ਼ ਮੁਸ਼ਕਲਾਂ ਨੂੰ ਲੈ ਕੇ ਵਧੀਕ ਡਿਪਟੀ ਕਮਿਸ਼ਨਰ ਜਗਰਾਉਂ ਦਾ ਘਿਰਾਓ ਕਰਨ ਉਪਰੰਤ ਮੰਗ ਪੱਤਰ ਸੌਂਪਿਆ ਗਿਆ। ਇਸ ਦੌਰਾਨ ਕਿਸਾਨਾਂ ਦੀ ਵੱਡੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾ ਮੀਤ ਪ੍ਰਧਾਨ ਰਾਜਵੀਰ ਸਿੰਘ ਘੁਡਾਣੀ, ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ, ਜਨਰਲ ਸਕੱਤਰ ਬਚਿੱਤਰ ਸਿੰਘ ਜਨੇਤਪੁਰਾ ਤੇ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਮਲਸੀਹਾਂ ਬਾਜਣ, ਬਲਾਕ ਸੁਧਾਰ ਦੇ ਪ੍ਰਧਾਨ ਮਨਪ੍ਰੀਤ ਸਿੰਘ ਚੌਕੀਮਾਨ ਨੇ ਆਖਿਆ ਕਿ ਪੰਜਾਬ ਸਰਕਾਰ ਹਰ ਫਰੰਟ ਤੋਂ ਬੁਰੀ ਤਰ੍ਹਾਂ ਨਾਲ ਫੇਲ੍ਹ ਸਾਬਿਤ ਹੋ ਚੁੱਕੀ ਹੈ। ਇਸ ਵਾਰ ਡੀਏਪੀ ਖਾਦ ਦੀ ਕਿੱਲਤ ਵੱਡੇ ਪੱਧਰ 'ਤੇ ਆ ਚੁੱਕੀ ਤੇ ਉਪਰੋਂ ਡੀਏਪੀ ਖਾਦ ਦੇ ਸੈਂਪਲ ਵੀਂ ਫੇਲ੍ਹ ਹੋ ਚੁੱਕੇ ਹਨ ਤੇ ਨਾਲ ਦੀ ਨਾਲ ਹੁਣ ਆ ਰਹੇ ਡੀਏਪੀ ਖਾਦ ਦੀਆ ਕੰਪਨੀਆਂ ਕਿਸਾਨਾਂ ਨੂੰ ਧੱਕੇ ਨਾਲ ਬੇਲੋੜਾ ਫਾਲਤੂ ਸਾਮਾਨ ਦੇ ਰਹੀਆਂ ਹਨ। ਇਸ ਸਮੇਂ ਦੌਰਾਨ ਆਲੂਆਂ ਦੀ ਬਿਜਾਈ ਬਿਲਕੁਲ ਨੇੜੇ ਹੈ, ਜਿਸ ਕਾਰਨ ਡੀਏਪੀ ਦੀ ਕਿੱਲਤ ਨੂੰ ਦੂਰ ਕੀਤਾ ਜਾਵੇ। ਦੂਸਰਾ ਝੋਨੇ ਦੀ ਫਸਲ ਪੱਕਣ ਦੀ ਕਗਾਰ 'ਤੇ ਹੈ ਤੇ ਮੰਡੀਆਂ ਵਿੱਚ ਨਵੀਂ ਫ਼ਸਲ ਆਉਣ ਵਾਲੀ ਹੈ, ਪ੍ਰੰਤੂ ਪਿਛਲੇ ਸੀਜ਼ਨ ਦਾ ਝੋਨਾ ਅਜੇ ਤੱਕ ਸ਼ੈਲਰਾਂ ਵਿੱਚ ਪਿਆ ਹੈ ਅਤੇ ਸਰਕਾਰ ਦੇ ਗੋਦਾਮ ਚੌਲਾਂ ਨਾਲ ਭਰੇ ਪਏ ਹਨ। ਕਿਸਾਨ ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਕਿ ਜੇਕਰ ਕਿਸਾਨਾਂ ਦੀ ਫਸਲ ਮੰਡੀਆਂ ਵਿੱਚ ਰੋਲੀ ਗਈ ਜਾਂ ਬੋਰੀਆਂ ਦੇ ਮੰਡੀਆਂ ਵਿੱਚ ਅੰਬਾਰ ਲਗਾਏ ਤਾਂ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਇਸ ਦੌਰਾਨ ਹੋਰ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਐੱਮ. ਐੱਸ. ਪੀ. ਗਾਰੰਟੀ ਕਾਨੂੰਨ ਬਣਾਉਣ ਤੇ ਲਾਗੂ ਕਰਵਾਉਣ, ਫਸਲੀ ਬੀਮਾ ਲਾਗੂ ਕਰਵਾਉਣ, ਪਰਾਲੀ ਸਾੜਨ ਦੇ ਕੀਤੇ ਪਰਚੇ ਰੱਦ ਕਰਵਾਉਣ, ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਨ ਤੇ ਤੁਰੰਤ ਰਿਹਾਈ ਦੀ ਮੰਗ ਕੀਤੀ। ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ, ਮਨਜਿੰਦਰ ਸਿੰਘ ਮੋਰਕਰੀਮਾ, ਹਰਚੰਦ ਸਿੰਘ ਢੋਲਣ, ਜਗਦੀਸ਼ ਸਿੰਘ ਮਲਸੀਹਾਂ, ਪ੍ਰੈੱਸ ਸਕੱਤਰ ਦਵਿੰਦਰ ਸਿੰਘ ਕਾਉਂਕੇ, ਅਮਰਪਾਲ ਸਿੰਘ ਖਾਲਸਾ ਲਲਤੋਂ ਕਲਾਂ, ਜਸਵੰਤ ਸਿੰਘ ਭਨੋਹੜ, ਕੁਲਵਿੰਦਰ ਸਿੰਘ ਪਮਾਲ, ਜੰਗੀਰ ਸਿੰਘ ਲੀਹਾਂ, ਡਾ. ਜਗਤਾਰ ਸਿੰਘ ਐਤੀਆਣਾ, ਅਰਜਨ ਸਿੰਘ ਸ਼ੇਰਪੁਰ, ਬੂਟਾ ਸਿੰਘ ਡੱਲਾ, ਸੁਖਦੇਵ ਸਿੰਘ ਦੇਹੜਕਾ, ਹਰਬੰਸ ਸਿੰਘ ਦੇਹੜਕਾ, ਪ੍ਰਦੀਪ ਸਿੰਘ ਸੁਖਾਣਾ, ਸੁਖਪਾਲ ਸਿੰਘ ਨਿੱਕਾ ਭੈਣੀ, ਬਲਜਿੰਦਰ ਸਿੰਘ ਜੌਹਲਾਂ, ਜੱਸੀ ਹਾਂਸ, ਸੌਦਾਗਰ ਸਿੰਘ ਚਕਰ, ਸਤਬੀਰ ਸਿੰਘ ਬੋਪਾਰਾਏ ਖੁਰਦ, ਹਾਕਮ ਸਿੰਘ ਬਿੰਜਲ, ਕੇਹਰ ਸਿੰਘ ਬੁਰਜ, ਜਗਦੇਵ ਸਿੰਘ ਰਾਮਗੜ੍ਹ ਸਿਵੀਆ, ਕੁਲਦੀਪ ਸਿੰਘ ਕੱਦੂ, ਰਵਿੰਦਰ ਸਿੰਘ ਸੋਢੀਵਾਲ, ਸੁਖਜਿੰਦਰ ਸਿੰਘ ਰਸੂਲਪੁਰ, ਸੁਖਚੈਨ ਸਿੰਘ ਧੂਰਕੋਟ ਤੇ ਮੱਖਣ ਸਿੰਘ ਰਸੂਲਪੁਰ ਆਦਿ ਆਗੂ ਹਾਜ਼ਰ ਸਨ।

## ਬਿਜਲੀ ਦਾ ਲੋਡ ਵਧਾਉਣ ਦੇ ਖਰਚੇ 'ਚ ਵਾਧੇ ਦਾ ਵਿਰੋਧ ਕੀਤਾ ਜਾਵੇਗਾ : ਅਮ੍ਰਿਤ ਰਿੰਕੂ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਬਿਜਲੀ ਦਾ ਲੋਡ ਵਧਾਉਣ ਦੇ ਖਰਚੇ 'ਚ ਵਾਧਾ ਕਰਨ ਲਈ ਪਾਵਰਕਾਮ ਵੱਲੋਂ ਪੰਜਾਬ ਸਟੇਟ ਇਲੈਕਟ੍ਰਿਸਿਟੀ ਰੈਗੂਲੇਟਰੀ ਕਮਿਸ਼ਨ ਚੰਡੀਗੜ੍ਹ ਕੋਲ ਦਾਇਰ ਕੀਤੀ ਗਈ ਪਟੀਸ਼ਨ 'ਤੇ ਸੰਗਰੂਰ ਚੈਂਬਰ ਆਫ ਕਾਮਰਸ ਦੀ ਧੂਰੀ ਸ਼ਾਖਾ ਨੇ ਇਸ ਦੀ ਤਿੱਖੇ ਸ਼ਬਦਾਂ 'ਚ ਨਿਖੇਧੀ ਕੀਤੀ ਹੈ।ਇਸ ਸਬੰਧੀ ਇਕ ਪ੍ਰੈਸ ਕਾਨਫਰੰਸ ਕਰ ਆਪਣਾ ਵਿਰੋਧ ਦਰਜ ਕਰਵਾਉਂਦਿਆਂ ਚੈਂਬਰ ਦੇ ਜਨਰਲ ਸਕੱਤਰ ਅਮ੍ਰਿਤ ਗਰਗ ਰਿੰਕੂ ਨੇ ਕਿਹਾ ਕਿ ਪਾਵਰਕਾਮ ਦੀ ਅਜਿਹੀ ਕਿਸੇ ਵੀ ਕੋਸ਼ਿਸ਼ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।ਉਨ੍ਹਾਂ ਦੱਸਿਆਂ ਕਿ ਪਾਵਰਕਾਮ ਵੱਲੋਂ ਰੈਗੂਲੇਅਰਟੀ ਕਮਿਸ਼ਨ ਕੋਲ ਇੰਡਸਟਰੀ ਨੂੰ ਦਿੱਤੀ ਜਾਣ ਵਾਲੀ ਸਪਲਾਈ ਦੇ ਲੋਡ 'ਚ 50 ਫੀਸਦੀ ਦਾ ਵਾਧਾ ਕਰਨ ਦੀ ਤਜਵੀਜ਼ ਰੱਖੀ ਗਈ ਹੈ।ਉਨ੍ਹਾਂ ਦੱਸਿਆਂ ਕਿ ਪਹਿਲਾਂ ਪਾਵਰਕਾਮ ਵੱਲੋਂ ਇੰਡਸਟਰੀ ਦਾ ਲੋਡ ਵਧਾਉਣ ਲਈ 2500 ਰੁਪਏ ਪ੍ਰਤੀ ਕਿਲੋਵਾਟ ਦੇ ਹਿਸਾਬ ਨਾਲ ਪੈਸੇ ਵਸੂਲੇ ਜਾ ਰਹੇ ਹਨ, ਜਿਸ ਨੂੰ ਕਿ ਹੁਣ 5 ਹਜ਼ਾਰ ਰੁਪਏ ਪ੍ਰਤੀ ਕਿਲੋਵਾਟ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।ਉਨ੍ਹਾਂ ਇਸ ਤੋਂ ਇਲਾਵਾ ਘਰੇਲੂ ਲੋਡ ਵਧਾਉਣ ਲਈ ਵੀ ਇਸ ਦੀਆਂ ਦਰਾਂ 'ਚ 70 ਫੀਸਦੀ ਵਾਧਾ ਕਰਨ ਦੀ ਤਜਵੀਜ਼ ਦਾ ਵੀ ਵਿਰੋਧ ਕੀਤਾ।ਉਨ੍ਹਾਂ ਕਿਹਾ ਕਿ ਲੋਡ ਵਧਾਉਣ ਤੋਂ ਇਲਾਵਾ ਕੁਨੈਕਸ਼ਨ ਸਮੇਂ ਤਾਰਾਂ ਪਾਉਣ ਦੇ ਕੰਮ 'ਚ ਕੋਈ ਵੇਰੀਏਸ਼ਨ ਆਉਣ 'ਤੇ ਪਹਿਲਾਂ ਕੋਈ ਖਰਚਾ ਨਹੀ ਵਸੂਲਿਆਂ ਜਾਂਦਾ, ਜਿਸ ਨੂੰ ਕਿ ਹੁਣ 700 ਰੁਪੈ ਪ੍ਰਤੀ ਮੀਟਰ ਦੇ ਹਿਸਾਬ ਨਾਲ ਵਸੂਲਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੂਬੇ ਦੀ ਇੰਡਸਟਰੀ ਪਹਿਲਾਂ ਹੀ ਬਦਹਾਲੀ ਦੇ ਦੌਰ 'ਚੋਂ ਲੰਘ ਰਹੀ ਹੈ ਤੇ ਜੇਕਰ ਅਜਿਹਾ ਕੀਤਾ ਗਿਆ, ਤਾਂ ਇਹ ਪੂਰੀ ਤਰ੍ਹਾਂ ਬਰਬਾਦ ਹੋ ਜਾਵੇਗੀ।ਉਨ੍ਹਾਂ ਉਕਤ ਵਾਧਾ ਕਰਨ ਦੀ ਸੂਰਤ 'ਚ ਸੰਘਰਸ਼ ਵਿੱਢਣ ਦੀ ਚੇਤਾਵਨੀ ਵੀ ਦਿੱਤੀ।ਇਸ ਮੌਕੇ ਉਨ੍ਹਾਂ ਨਾਲ ਚੈਂਬਰ ਦੇ ਸਰਪ੍ਰਸਤ ਰਾਜ ਕੁਮਾਰ ਜਿੰਦਲ, ਪ੍ਰਧਾਨ ਦਰਸ਼ਨ ਸਿੰਘ ਤੇ ਮੀਤ ਪ੍ਰਧਾਨ ਗੁਰਮੁੱਖ ਸਿੰਘ ਰਾਜੂ ਮੌਜੂਦ ਸਨ।



## ਮਾਤਾ ਸੁੰਦਰੀ ਐਜੂਕੇਸ਼ਨ ਕਾਲਜ ਢੱਡੇ ਦਾ ਨਤੀਜਾ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੜਕੀਆਂ ਦੀ ਸਿੱਖਿਆ ਦੇ ਖੇਤਰ ਵਿੱਚ ਮਾਲਵੇ ਇਲਾਕੇ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੇ ਮਾਤਾ ਸੁੰਦਰੀ ਐਜੂਕੇਸ਼ਨ ਕਾਲਜ ਢੱਡੇ ਦਾ ਬੀ ਐੱਸ ਸੀ (ਐੱਫ.ਟੀ.) ਸਮੈਸਟਰ ਤੀਜਾ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਐੱਮ ਡੀ ਗੁਰਬਿੰਦਰ ਸਿੰਘ ਸਿੱਧੂ ਤੇ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਇਸ ਸ਼ਾਨਦਾਰ ਨਤੀਜੇ ਉੱਪਰ ਕਾਲਜ ਪ੍ਰਿੰਸੀਪਲ ਤੇ ਸਟਾਫ ਨੂੰ ਵਧਾਈ ਦਿੱਤੀ।ਪ੍ਰਿੰ. ਰਾਜ ਸਿੰਘ ਬਾਘਾ ਨੇ ਕਿਹਾ ਕਿ ਬੀ.ਐੱਸ.ਸੀ.(ਐੱਫ.ਟੀ.) ਇੱਕ ਕਿੱਤਾ ਮੁਖੀ ਕੋਰਸ ਹੈ।ਇਹ ਵਿਦਿਆਰਥੀਆਂ ਦੇ ਹੁਨਰ ਨੂੰ ਹੋਰ ਨਿਖਾਰਦਾ ਹੈ।ਸਰਕਾਰੀ ਸਕੂਲਾਂ, ਕਾਲਜਾਂ ਤੇ ਪਿੰਡਾਂ ਵਿੱਚ ਇਨ੍ਹਾਂ ਕੋਰਸਾਂ ਦੀ ਮੰਗ ਦਿਨੋਂ ਦਿਨ ਵਧ ਰਹੀ ਹੈ।ਇਸ ਕਰਕੇ ਵਿਦਿਆਰਥੀ ਇਸ ਕੋਰਸ ਵਿੱਚ ਵੱਧ ਤੋਂ ਵੱਧ ਰੁਚੀ ਲੈ ਰਹੇ ਹਨ।ਵਿਭਾਗ ਦੇ ਮੁਖੀ ਪ੍ਰੋ ਹਰਵਿੰਦਰ ਕੌਰ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤੀਜੇ ਸਮੈਸਟਰ ਦੇ ਐਲਾਨੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਵਿਦਿਆਰਥਣ ਰਵਨੀਤ ਕੌਰ ਨੇ 83.4 ਪ੍ਰਤੀਸ਼ਤ ਅੰਕ, ਰਮਨਦੀਪ ਕੌਰ ਨੇ 83.00 ਪ੍ਰਤੀਸ਼ਤ ਅੰਕ ਤੇ ਖੁਸ਼ਕਿਰਨਪ੍ਰੀਤ ਕੌਰ ਨੇ 81.00 ਪ੍ਰਤੀਸ਼ਤ ਅੰਕ ਹਾਸਲ ਕਰਕੇ ਕ੍ਰਮਵਾਰ ਪਹਿਲਾ, ਦੂਜਾ ਸਥਾਨ ਤੇ ਤੀਜਾ ਸਥਾਨ ਹਾਸਲ ਕੀਤਾ।ਸੰਸਥਾ ਦੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਤੇ ਪ੍ਰਸ਼ਾਸਕੀ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਨੇ ਸ਼ੁੱਭ ਇੱਛਾਵਾਂ ਦਿੰਦੇ ਹੋਏ ਸਮੂਹ ਸਟਾਫ ਨੂੰ ਮਾਣ ਬਖਸ਼ਿਆ।ਇਸ ਮੌਕੇ ਬੀ ਐੱਸ ਸੀ (ਐੱਫ.ਟੀ.) ਵਿਭਾਗ ਦੇ ਪ੍ਰੋ. ਹਰਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ ਤੇ ਸਮੂਹ ਸਟਾਫ ਨੇ ਵਿਦਿਆਰਥਣਾਂ ਨੂੰ ਸ਼ਾਨਦਾਰ ਨਤੀਜੇ ਦੀ ਵਧਾਈ ਦਿੱਤੀ।

## ਸੰਘਵਾਲ ਵਿਖੇ ਬਾਬਾ ਰਾਮ ਜੋਗੀ ਪੀਰ ਚਾਹਲ ਦੀ ਯਾਦ 'ਚ ਹਜ਼ਾਰਾਂ ਸੰਗਤਾਂ ਹੋਈਆਂ ਨਤਮਸਤਕ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-17ਵੇਂ ਸਾਲਾਨਾ ਜੋੜ ਮੇਲੇ 'ਚ ਜਲੰਧਰ ਦੇ ਮਸ਼ਹੂਰ ਪਿੰਡ ਸੰਘਵਾਲ ਵਿਖੇ ਧੰਨ ਧੰਨ ਬਾਬਾ ਰਾਮ ਜੋਗੀ ਪੀਰ ਚਾਲ ਸਾਹਿਬ ਦੀ ਪਵਿੱਤਰ ਯਾਦ ਨੂੰ ਤਾਜ਼ਾ ਕਰਦੇ ਹੋਏ ਸਮੂਹ ਨਗਰ ਨਿਵਾਸੀਆਂ ਇਲਾਕੇ ਦੀ ਸਬੂਤ ਸੰਗਤ ਅਤੇ ਐਨ ਆਰ ਈ ਵੀਰਾਂ ਦੇ ਸਹਿਯੋਗ ਨਾਲ 17ਵਾਂ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਬਾਬਾ ਰਾਮ ਜੋਗੀ ਪੀਰ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ 19 ਸਤੰਬਰ ਨੂੰ ਨਿਸ਼ਾਨ ਸਾਹਿਬ ਚੜਾਏ ਗਏ ਅਤੇ 20 ਸਤੰਬਰ ਤੋਂ ਸ਼ੁਰੂ ਹੋਈ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗ ਪਾਏ ਗਏ।ਉਪਰੰਤ ਖੁੱਲ੍ਹੇ ਪੰਡਾਲ 'ਚ ਪੰਥ ਦੇ ਪ੍ਰਸਿੱਧ ਢਾਡੀ ਜਥੇ ਬੀਬੀ ਬੇਅੰਤ ਕੌਰ ਖਾਲਸਾ ਵੱਲੋਂ ਧੰਨ ਧੰਨ ਬਾਬਾ ਰਾਮ ਜੋਗੀ ਪੀਰ ਚਾਹਲ ਅਤੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਸੰਗਤਾਂ ਨੂੰ ਪ੍ਰਸੰਗ ਸਰਵਣ ਕਰਵਾਇਆ ਗਿਆ।ਇਸ ਮੌਕੇ ਦੇਸ਼ ਪ੍ਰਦੇਸ਼ ਅਤੇ ਵੱਖ ਵੱਖ ਸਥਾਨਾਂ ਤੋਂ ਆਏ ਮਹਾਨ ਸ਼ਖ਼ਸ਼ੀਅਤਾਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਭੱਠਾ ਮਜ਼ਦੂਰ ਯੂਨੀਅਨ ਵੱਲੋਂ ਸੰਘਰਸ਼ ਦੀ ਚਿਤਾਵਨੀ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਪਿੰਡ ਰਾਮਪੁਰਾ ਵਿਖੇ ਭੱਠਾ ਮਜ਼ਦੂਰ ਯੂਨੀਅਨ ਬਲਾਕ ਰਾਮਪੁਰਾ ਦੀ ਮੀਟਿੰਗ ਬਲਾਕ ਪ੍ਰਧਾਨ ਜਗਸੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਆਗੂਆਂ ਸਮੇਤ ਭੱਠਾ ਮਜ਼ਦੂਰਾਂ ਨੇ ਵੀ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਭੱਠਾ ਮਜ਼ਦੂਰਾਂ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਭੱਠਾ ਆਗੂਆਂ ਨੇ ਕਿਹਾ ਕਿ ਭੱਠਾ ਮਾਲਕਾਂ ਵੱਲੋਂ ਭੱਠਾ ਮਜ਼ਦੂਰਾਂ ਨੂੰ ਜਿਵੇਂ ਕਿ ਵਰਦੀਆਂ, ਸੰਦ, ਪੀਣਯੋਗ ਪਾਣੀ, ਪਿੜ ਸਮਰਾਈ ਦੀ ਪੇਮੈਂਟ ਆਦਿ ਸਹੂਲਤਾਂ ਦਿੱਤੀਆਂ ਜਾਂਦੀਆਂ ਸਨ।ਆਗੂਆਂ ਨੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਭੱਠਾ ਮਾਲਕਾਂ ਵੱਲੋਂ ਭੱਠਾ ਮਜ਼ਦੂਰਾਂ ਨੂੰ ਉਕਤ ਦਿੱਤੀਆਂ ਜਾ ਰਹੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਹਨ, ਜੋ ਭੱਠਾ ਮਜ਼ਦੂਰਾਂ ਨੂੰ 28% ਬੋਨਸ ਦਿੱਤਾ ਜਾਂਦਾ ਸੀ, ਉਸ 'ਚ ਕਟੌਤੀ ਕਰਕੇ 14% ਕਰ ਦਿੱਤਾ ਹੈ, ਜਿਸ ਕਾਰਨ ਭੱਠਾ ਮਜ਼ਦੂਰਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ ਤੇ ਇਸ ਅੰਨ੍ਹੀਂ ਲੁੱਟ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਬੰਦ ਕੀਤੀਆਂ ਸਹੂਲਤਾਂ ਤੁਰੰਤ ਦਿੱਤੀਆਂ ਜਾਣ ਤੇ ਭੱਠਾ ਮਜ਼ਦੂਰਾਂ ਦੀ ਕੀਤੀ ਜਾ ਰਹੀ ਅੰਨ੍ਹੀਂ ਲੁੱਟ ਬੰਦ ਕੀਤੀ ਜਾਵੇ ਨਹੀਂ ਤਾਂ ਜਥੇਬੰਦੀ ਭੱਠਾ ਮਾਲਕਾਂ ਖਿਲਾਫ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।ਇਸ ਮੀਟਿੰਗ ਵਿੱਚ ਜੋਰਾ ਸਿੰਘ ਫੂਲ, ਰਮਨ ਸਿੰਘ ਰਾਮਪੁਰਾ, ਕੁੱਕੂ ਸਿੰਘ ਰਾਮਪੁਰਾ, ਜਰਨੈਲ ਸਿੰਘ ਫੂਲ, ਭੋਲਾ ਸਿੰਘ ਫੂਲ ਆਦਿ ਹਾਜ਼ਰ ਸਨ।



## ਸੜਕ ਹਾਦਸੇ 'ਚ ਪਤੀ-ਪਤਨੀ ਜ਼ਖਮੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਹਰਚੋਵਾਲ ਤੋਂ ਬਟਾਲਾ ਰੋਡ ਦੇ ਉਪਰ ਬੇਟੀ ਦੇ ਵਿਆਹ ਦੇ ਕਾਰਡ ਵੰਡਣ ਜਾ ਰਹੇ ਪਤੀ ਪਤਨੀ ਦੇ ਸੜਕ ਹਾਦਸੇ ਵਿੱਚ ਜ਼ਖ਼ਮੀ ਹੋਣ ਦਾ ਸਮਾਚਾਰ ਮਿਲਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਦਵਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਬਟਾਲਾ ਆਪਣੀ ਪਤਨੀ ਰਣਜੀਤ ਕੌਰ ਦੇ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਟਾਲਾ ਵਾਲੀ ਸਾਈਡ ਤੋਂ ਹਰਚੋਵਾਲ ਨੂੰ ਜਾ ਰਿਹਾ ਸੀ।ਜਦੋਂ ਉਹ ਪਿੰਡ ਬਸਰਾਵਾਂ ਤੇ ਢਪਈ ਦੇ ਕੋਲ ਪਹੁੰਚਿਆ ਤਾਂ ਸਾਹਮਣੇ ਤੋਂ ਆ ਰਹੇ ਇੱਕ ਅਣਪਛਾਤੇ ਵਾਹਨ ਨੇ ਉਨ ਾਂ ਨੂੰ ਟੱਕਰ ਮਾਰ ਦਿੱਤੀ ਜਿਸ ਦੇ ਸਿੱਟੇ ਵਜੋਂ ਉਹ ਸੜਕ ਤੇ ਡਿੱਗ ਪਏ ਅਤੇ ਜ਼ਖ਼ਮੀ ਹੋ ਗਏ।ਆਸਪਾਸ ਤੇ ਲੋਕਾਂ ਅਤੇ ਰਾਹਗੀਰਾਂ ਨੇ ਤੁਰੰਤ ਪਤੀ ਪਤਨੀ ਨੂੰ ਜ਼ਖਮੀ ਹਾਲਤ 'ਚ ਤੁਰੰਤ ਨਜ਼ਦੀਕੀ ਹਸਪਤਾਲ ਵਿੱਚ ਦਾਖਿਲ ਕਰਵਾਇਆ ਜਿੱਥੇ ਉਹ ਜ਼ੇਰੇ ਇਲਾਜ ਹਨ। ਹਾਦਸੇ ਤੋਂ ਬਾਅਦ ਅਣਪਛਾਤਾ ਵਾਹਨ ਚਾਲਕ ਘਟਨਾ ਸਥਾਨ ਤੋਂ ਫਰਾਰ ਹੋ ਚੁੱਕਿਆ ਸੀ।

## ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਦਿਵਸ ਮਨਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਨੂੰ ਸਮਰਪਤ ਵਿਸ਼ਾਲ ਧਾਰਮਿਕ ਸਮਾਗਮ ਸਵ: ਸੰਤ ਦਲਬਾਰ ਸਿੰਘ ਛੀਨੀਵਾਲ ਮੈਂਬਰ ਸ਼੍ਰੋਮਣੀ ਕਮੇਟੀ ਦੇ ਪਰਿਵਾਰਕ ਮੈਂਬਰਾਂ ਹਰਦਿਆਲ ਸਿੰਘ ਯੂ ਐੱਸ ਏ, ਭਾਈ ਰਾਜਿੰਦਰ ਸਿੰਘ ਛੀਨੀਵਾਲ, ਜਥੇ: ਪ੍ਰਿਤਪਾਲ ਸਿੰਘ ਛੀਨੀਵਾਲ ਦੇ ਉੱਦਮ ਸਦਕਾ ਪਿੰਡ ਛੀਨੀਵਾਲ ਕਲਾਂ ਵਿਖੇ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ।ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਸੁਖਜਿੰਦਰ ਸਿੰਘ ਬੀਹਲਾ ਦੇ ਰਾਗੀ ਜਥੇ ਨੇ ਕੀਰਤਨ ਕੀਤਾ।ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ ਨੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਗੁਰਮਤਿ 'ਚ ਪ੍ਰਪੱਕ ਹੋਣ ਲਈ ਪ੍ਰੇਰਿਆ।ਉਨ੍ਹਾਂ ਵੱਧ ਰਹੇ ਨਸ਼ਿਆਂ, ਪ੍ਰਦੂਸ਼ਣ ਦੇ ਮਾਰੂ ਪ੍ਰਭਾਵ ਨੂੰ ਠੱਲ੍ਹਣ ਲਈ ਸਾਰਿਆਂ ਨੂੰ ਇਕ ਜੁੱਟ ਹੋਣ ਦੀ ਅਪੀਲ ਕੀਤੀ।ਸਾਬਕਾ ਸੰਸਦੀ ਸਕੱਤਰ ਸੰਤ ਬਲਵੀਰ ਸਿੰਘ ਘੁੰਨਸ ਮੈਂਬਰ ਸ਼੍ਰੋਮਣੀ ਕਮੇਟੀ ਨੇ ਸੰਤ ਛੀਨੀਵਾਲ ਦੇ ਪਰਵਾਰ ਵੱਲੋਂ ਧਾਰਮਿਕ ਤੇ ਸਮਾਜ ਸੇਵਾ ਦੇ ਖੇਤਰ ਪਾਏ ਜਾ ਰਹੇ ਅਹਿਮ ਯੋਗਦਾਨ ਦੀ ਸ਼ਲਾਘਾ ਕਰਦਿਆਂ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਮੁੱਖ ਪ੍ਰਬੰਧਕ ਸ: ਰਾਜਿੰਦਰ ਸਿੰਘ ਗੋਗੀ, ਜਥੇ: ਪ੍ਰਿਤਪਾਲ ਸਿੰਘ ਛੀਨੀਵਾਲ ਦੀ ਅਗਵਾਈ ਹੇਠ ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਸਮੇਂ ਡਿਪਟੀ ਡੀ ਐੱਮ ਓ ਭਰਪੂਰ ਸਿੰਘ, ਸਕੱਤਰ ਡੀਨਪਾਲ ਸਿੰਘ, ਜਥੇ: ਨਾਥ ਸਿੰਘ ਹਮੀਦੀ, ਡਾ: ਸੁਖਵਿੰਦਰ ਸਿੰਘ ਨਿਹਾਲੂਵਾਲ, ਅਜੀਤ ਸਿੰਘ ਕੁਤਬਾ, ਰੂਬਲ ਗਿੱਲ, ਸੁਖਵਿੰਦਰ ਸਿੰਘ ਸੁੱਖਾ, ਬਲਦੇਵ ਸਿੰਘ ਗਾਗੇਵਾਲ, ਮੈਨੇਜਰ ਇਕਬਾਲ ਸਿੰਘ, ਸੁਦਾਗਰ ਸਿੰਘ ਗਹਿਲ, ਜਗਦੇਵ ਸਿੰਘ ਮਹਿਮੇ ਕੇ ਆਦਿ ਹਾਜ਼ਰ ਸਨ।

## ਰੰਧਾਵਾ ਦੀ ਪ੍ਰਧਾਨਗੀ ਹੇਠ ਜ਼ਿਲਾ ਵਿਕਾਸ ਤਾਲਮੇਲ ਤੇ ਨਿਗਰਾਨ ਕਮੇਟੀ ਦੀ ਮੀਟਿੰਗ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਲੋਕ ਸਭਾ ਮੈਂਬਰ ਗੁਰਦਾਸਪੁਰ ਸੁਖਜਿੰਦਰ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਜਿਲ ਾ ਵਿਕਾਸ ਤਾਲਮੇਲ ਅਤੇ ਨਿਗਰਾਨ ਕਮੇਟੀ ਦੀ ਮੀਟਿੰਗ ਸਥਾਨਕ ਪੰਚਾਇਤ ਭਵਨ ਵਿਖੇ ਹੋਈ।ਇਸ ਮੌਕੇ ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ, ਕਾਦੀਆਂ ਦੇ ਵਿਧਾਇਕ ਪ੍ਰਤਾਪ ਸਿੰਘ ਬਾਜਵਾ, ਫਤਿਹਗੜ੍ਹ ਚੂੜੀਆਂ ਦੇ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਦੀਨਾਨਗਰ ਦੇ ਵਿਧਾਇਕ ਅਰੁਣਾ ਚੌਧਰੀ, ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿ) ਗੁਰਪਰੀਤ ਸਿੰਘ ਗਿੱਲ, ਜੁਗਰਾਜ ਸਿੰਘ ਐਸਪੀ (ਐੱਚ) ਗੁਰਦਾਸਪੁਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਮੀਟਿੰਗ ਦੌਰਾਨ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਸਮੂਹ ਵਿਭਾਗਾਂ ਵਲੋਂ ਚਲਾਈਆਂ ਜਾ ਰਹੀਆਂ ਕੇਂਦਰੀ ਪ੍ਰਯੋਜਿਤ ਸਕੀਮਾਂ ਸਬੰਧੀ ਜਾਣਕਾਰੀ ਲਈ ਅਤੇ ਕਿਹਾ ਕਿ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਜਾਵੇ।ਉਨ ਾਂ ਕਿਹਾ ਕਿ ਮੀਟਿੰਗ ਕਰਨ ਦਾ ਮੁੱਖ ਮੰਤਵ ਇਹੀ ਕਿ ਵੱਖ-ਵੱਖ ਲੋਕ ਭਲਾਈ ਸਕੀਮਾਂ, ਜੋ ਲੋਕ ਹਿੱਤ ਵਿੱਚ ਬਣਾਈਆਂ ਗਈਆਂ ਹਨ, ਉਨ ਾਂ ਦਾ ਲਾਭ ਲੋਕਾਂ ਤੱਕ ਪਹੁੰਚ ਸਕੇ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ ਾ ਪ੍ਰਸ਼ਾਸਨ ਵੱਲੋਂ ਲੋਕ ਹਿੱਤ ਵਿੱਚ ਲਾਗੂ ਕੀਤੀਆਂ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਜਾ ਰਿਹਾ ਅਤੇ ਭਵਿੱਖ ਵਿੱਚ ਵੀ ਸਕੀਮਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ।

# ਟਰੇਡ ਯੂਨੀਅਨ ਤੇ ਸੰਯੁਕਤ ਕਿਸਾਨ ਮੋਰਚੇ ਨੇ 29 ਕਿਰਤ ਕਾਨੂੰਨ ਖਤਮ ਕਰਨ ਨੂੰ ਲੈ ਕੇ ਕਾਲਾ ਦਿਨ ਮਨਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਦੇਸ਼ ਦੀਆਂ ਪ੍ਰਮੁੱਖ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਸੰਯੁਕਤ ਕਿਸਾਨ ਮੋਰਚੇ ਦੇ ਹਮਾਇਤੀਆਂ ਕੇਂਦਰ ਸਰਕਾਰ ਵੱਲੋਂ 29 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਬਣਾਏ ਮਜ਼ਦੂਰ ਅਤੇ ਲੋਕ ਵਿਰੋਧੀ 4 ਲੇਬਰ ਕੋਡਜ਼ ਅਤੇ 3 ਫੌਜਦਾਰੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਪੂਰੇ ਦੇਸ਼ ਵਿੱਚ ਕਾਲਾ ਦਿਵਸ ਮਨਾਉਂਦਿਆਂ ਡੀਸੀ ਦਫਤਰ ਦੇ ਬਾਹਰ ਵਿਸ਼ਾਲ ਰੋਸ ਰੈਲੀ ਕੀਤੀ ਜਿਸ ਨੂੰ ਸੀਟੂ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ, ਇੰਟਕ ਦੇ ਸੂਬਾਈ ਪ੍ਰਧਾਨ ਸੁਰਿੰਦਰ ਕੁਮਾਰ, ਏਟਕ ਆਗੂ ਬਲਕਾਰ ਦੁਧਾਲਾ, ਬਲਵਿੰਦਰ ਸਿੰਘ ਦੁਧਾਲਾ, ਲਖਬੀਰ ਸਿੰਘ ਨਿਜ਼ਾਮਪੁਰਾ, ਸੀਟੀਯੂ ਆਗੂ ਪ੍ਰੇਮ, ਨਰਿੰਦਰਪਾਲ ਚਮਿਆਰੀ, ਗੁਰਨਾਮ ਸਿੰਘ ਤਲਵੰਡੀ, ਗੁਰਦੀਪ ਸਿੰਘ ਬੁਤਾਲਾ, ਸੁਖਦੇਵ ਸਿੰਘ ਗੋਲਵੜ, ਚਰਨਜੀਤ ਸਿੰਘ ਮਜੀਠਾ, ਤਰਸੇਮ ਟਪਿਆਲਾ, ਕਿਰਪਾ ਰਾਮ, ਜੀਤ ਰਾਜ, ਪ੍ਰਤਾਪ ਸਿੰਘ ਖਾਪੜਖੇੜੀ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਡਾ. ਸਤਨਾਮ ਸਿੰਘ ਅਜਨਾਲਾ, ਰਤਨ ਸਿੰਘ ਰੰਧਾਵਾ, ਬਲਵੀਰ ਸਿੰਘ ਮੂਧਲ, ਅਮਰੀਕ ਸਿੰਘ, ਗੁਰਲਾਲ ਸਿੰਘ ਲਾਲੀ, ਸੁਵਿੰਦਰ ਸਿੰਘ ਮੀਰਾਂਕੋਟ ਆਦਿ ਨੇ ਸੰਬੋਧਨ ਕੀਤਾ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਦੇ ਮਜ਼ਦੂਰ ਵਿਰੋਧੀ ਫੈਸਲਿਆਂ ਦੇ ਨਿੰਦਾ ਕਰਦਿਆਂ ਕਿਹਾ ਕਿ ਮਜ਼ਦੂਰ ਵਿਰੋਧੀ 4 ਲੇਬਰ ਕੋਡਜ਼ ਰੱਦ ਕੀਤੇ ਜਾਣ, ਪੂਰੇ ਦੇਸ਼ ਦੀ 10 ਕੇਂਦਰੀ ਟਰੇਡ ਯੂਨੀਅਨਾਂ ਅਤੇ ਸਮੁੱਚੀਆਂ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ ਕਿਉਂਕਿ ਇਨ ਾਂ ਚਾਰ ਲੇਬਰ ਕੋਡਜ਼ ਦੇ ਲਾਗੂ ਹੋ ਜਾਣ ਨਾਲ ਮਜ਼ਦੂਰਾਂ ਦੀਆਂ ਉਜਰਤਾਂ ਤੈਅ ਕਰਨ ਦੀ ਸਾਰੀ ਬੁਨਿਆਦੀ ਪ੍ਰਣਾਲੀ ਅਤੇ ਕਿਰਤ ਮਹਿਕਮੇ ਦੀ ਭੂਮਿਕਾ ਤਹਿਸ਼ ਨਹਿਸ਼ ਹੋ ਜਾਵੇਗੀ। ਸਰਮਾਏਦਾਰਾਂ ਨੂੰ ਮਨ ਮਰਜ਼ੀਆਂ ਕਰਨ ਦੀ ਖੁੱਲ ਦੇ ਦਿੱਤੀ ਜਾਵੇਗੀ।ਯੂਨੀਅਨ ਬਣਾਉਣ ਅਤੇ ਸਮੂਹਿਕ ਸੌਦੇਬਾਜ਼ੀ ਕਰਨ, ਸੰਘਰਸ਼ ਕਰਨ ਅਤੇ ਮਜ਼ਦੂਰ ਹਿੱਤਾਂ ਦੀ ਰਾਖੀ ਕਰਨ ਤੋਂ ਕਿਰਤੀ ਸ਼੍ਰੇਣੀ ਨੂੰ ਵਾਂਝਿਆਂ ਕਰ ਦਿੱਤਾ ਜਾਵੇਗਾ।ਪਹਿਲਾਂ 29 ਕਿਰਤ ਕਾਨੂੰਨਾਂ ਵਿੱਚ ਲੰਮੇ ਸੰਘਰਸ਼ਾਂ ਰਾਹੀਂ ਕੀਤੀਆਂ ਪ੍ਰਾਪਤੀਆਂ ਨੂੰ ਖ਼ਤਮ ਕਰਕੇ ਉਨ ਾਂ ਨੂੰ ਮੱਧਕਾਲੀਨ ਗੁਲਾਮੀ ਦੇ ਦੌਰ ਵਿੱਚ ਧੱਕ ਦਿੱਤਾ ਜਾਵੇਗਾ।ਮਜ਼ਦੂਰ ਭਲਾਈ ਅਤੇ ਸੇਵਾਵਾਂ (ਨੌਕਰੀ) ਕਾਨੂੰਨਾਂ ਦੀ ਥਾਂ ਮਾਲਿਕਾਂ ਦੀ ਮਰਜ਼ੀ ਉੱਤੇ ਛੱਡ ਦਿੱਤਾ ਜਾਵੇਗਾ, ਕੰਮ ਦੀ ਸੁਰੱਖਿਆ, ਸਿਹਤ ਦੀ ਸੁਰੱਖਿਆ ਖ਼ਤਮ ਕਰ ਦਿੱਤੀ ਜਾਵੇਗੀ ਅਤੇ ਸਮਾਜਿਕ ਸੁਰੱਖਿਆ ਖ਼ਤਮ ਕਰ ਦਿੱਤੀ ਜਾਵੇਗੀ।ਇਸੇ ਤਰ ਾਂ 3 ਫੌਜਦਾਰੀ ਕਾਨੂੰਨ ਕਾਰਣ ਦੇਸ਼ ਨੂੰ ਇੱਕ ਪੁਲਸ ਰਾਜ ਵਿੱਚ ਬਦਲਿਆ ਜਾ ਰਿਹਾ ਹੈ।ਸਰਕਾਰ ਵਿਰੋਧੀਆਂ ਨੂੰ ਦਬਾਉਣ ਲਈ ਇਨ ਾਂ ਦੀ ਦੁਰਵਰਤੋਂ ਕਰ ਸਕਦੀ।ਇਸ ਲਈ ਸਾਡੀ ਮੰਗ ਹੈ ਕਿ ਇਨ ਾਂ ਪਾਸ ਕੀਤੇ ਗਏ ਅਤੇ ਲਾਗੂ ਕੀਤੇ ਜਾ ਰਹੇ 3 ਫੌਜਦਾਰੀ ਕਾਨੂੰਨਾਂ ਨੂੰ ਵੀ ਵਾਪਿਸ ਲਿਆ ਜਾਵੇ।ਇਸ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਦੇ ਕੇ 4 ਲੇਬਰ ਕੋਡਜ਼ ਅਤੇ ਤਿੰਨ ਫੌਜਦਾਰੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।ਰਾਜਵਿੰਦਰ ਕੌਰ ਤਹਿਸੀਲਦਾਰ ਅੰਮ੍ਰਿਤਸਰ -1 ਵਲੋਂ ਮੰਗ ਪੱਤਰ ਪ੍ਰਾਪਤ ਕਰਕੇ ਉਨ ਾਂ ਦੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ ਗਿਆ।

## ਜ਼ੋਨ ਪੱਧਰੀ ਖੇਡਾਂ 'ਚ ਪੰਜਾਬ ਕੋ-ਐਜੂਕੇਸ਼ਨ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜ਼ਿਲ੍ਹੇ ਦੀ ਹਰ ਖੇਤਰ ਵਿੱਚ ਮੋਹਰੀ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਚੇਅਰਮੈਨ ਸ੍. ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਰਹਿਨੁਮਾਈ ਵਿੱਚ ਵਿਦਿਆਰਥੀਆਂ ਦੇ ਵਿੱਦਿਅਕ, ਮਾਨਸਿਕ, ਬੌਧਿਕ ਤੇ ਸਰੀਰਕ ਵਿਕਾਸ ਲਈ ਹਮੇਸ਼ਾ ਤੱਤਪਰ ਰਹਿੰਦੀ ਹੈ, ਦੇ ਵਿਦਿਆਰਥੀਆਂ ਵੱਲੋਂ ਜ਼ੋਨ ਪੱਧਰੀ ਐਥਲੈਟਿਕ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।ਸਰਕਾਰੀ ਹਾਈ ਸਕੂਲ ਵੈਰੋਕੇ ਵਿਖੇ ਹੋਏ ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ-19 ਵਿੱਚ ਗੁਰਬਿੰਦਰ ਸਿੰਘ ਨੇ 800 ਮੀਟਰ ਰੇਸ ਤੇ ਯਸ਼ਕਰਨ ਸਿੰਘ ਨੇ ਜੈਵਲਿਨ ਥ੍ਰੋ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ।ਬਾਰਵੀ ਸ਼੍ਰੇਣੀ ਦੇ ਕੁਲਬੀਰ ਸਿੰਘ ਨੇ 400 ਮੀਟਰ ਰੇਸ 'ਚ ਦੂਸਰਾ, ਨਵਦੀਪ ਸਿੰਘ ਨੇ 100 ਮੀਟਰ 'ਚ ਦੂਸਰਾ, ਗਿਆਰਵੀ ਸ਼੍ਰੇਣੀ ਦੇ ਕੁਲਵੀਰ ਸਿੰਘ ਨੇ 200 ਮੀਟਰ ਰੇਸ 'ਚ ਦੂਜਾ, ਰਿਲੇਅ ਰੇਸ 'ਚ ਕੁਲਵੀਰ ਸਿੰਘ, ਯਸ਼ਕਰਨ ਸਿੰਘ, ਹਰਸੁਖਇੰਦਰ ਸਿੰਘ ਤੇ ਨਵਦੀਪ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਇਸ਼ਮੀਤ ਸਿੰਘ ਨੇ ਉੱਚੀ ਛਾਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਅੰਡਰ-14 ਵਿੱਚ ਪ੍ਰਭਾਤ ਪਾਂਡੇ ਨੇ 200 ਮੀਟਰ ਰੇਸ 'ਚ ਪਹਿਲਾ, ਰਿਲੇਅ ਰੇਸ 'ਚ ਪ੍ਰਭਾਤ ਪਾਂਡੇ, ਗੁਰਮਨ ਸਿੰਘ, ਮਹਾਂਵੀਰ ਸਿੰਘ ਤੇ ਗੁਰਵਰ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ।ਗੁਰਮਨ ਸਿੰਘ ਨੇ ਉੱਚੀ ਛਾਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਖੁਸ਼ੀ ਦੇ ਮੌਕੇ 'ਤੇ ਸੰਸਥਾ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਦੇ ਸ਼ਾਨਦਰ ਪ੍ਰਦਰਸ਼ਨ ਲਈ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੌਕੇ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਐਡਵੋਕੇਟ ਰਾਜਾ ਸਿੰਘ, ਮੈਡਮ ਖੁਸ਼ਪ੍ਰੀਤ ਕੌਰ, ਕੋਆਰਡੀਨੇਟਰ ਮੁਕੇਸ਼ ਅਰੋੜਾ, ਕੋਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ, ਕੋਚ ਨਵਨੀਤ ਸਿੰਘ ਤੇ ਡੀ.ਪੀ.ਈ. ਬਲਰਾਜ ਸਿੰਘ ਹਾਜ਼ਰ ਸਨ।

## ਪਰਾਲੀ ਸਾੜਨ ਦੀ ਪ੍ਰਥਾ ਬੰਦ ਕਰਨ ਲਈ ਸਾਰੇ ਵਿਭਾਗ ਤਨਦੇਹੀ ਨਾਲ ਕੰਮ ਕਰਨ : ਡੀ ਸੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਇੱਥੇ ਬਾਰਡਰ ਪੱਟੀ ਦੇ ਪਿੰਡਾਂ ਵਿੱਚ ਝੋਨੇ ਦੀ ਵਾਢੀ ਤੋਂ ਬਾਅਦ ਪਰਾਲੀ ਸਾੜਨ ਦੀ ਪ੍ਰਥਾ ਨੂੰ ਬੰਦ ਕਰਨ ਲਈ ਕੀਤੀ ਯੋਜਨਾਬੰਦੀ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ।ਡਿਪਟੀ ਕਮਿਸ਼ਨਰ ਨੇ ਇਸ ਮੌਕੇ ਕਿਸਾਨਾਂ ਨੂੰ ਜਿੱਥੇ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ, ਉੱਥੇ ਹੀ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਇਸ ਸਬੰਧੀ ਤਨਦੇਹੀ ਨਾਲ ਕਾਰਜ ਯੋਜਨਾ ਅਨੁਸਾਰ ਕੰਮ ਕਰਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਵੱਧ ਤੋਂ ਵੱਧ ਕਿਸਾਨਾਂ ਨਾਲ ਰਾਬਤਾ ਕਰਕੇ ਉਨ੍ਹਾਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਦੇ ਤਕਨੀਕੀ ਨੁਕਤੇ ਤੇ ਉਪਲਬਧ ਮਸ਼ੀਨਰੀ ਦੀ ਜਾਣਕਾਰੀ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਜਾਵੇ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਮਸ਼ੀਨਾਂ ਪਰਾਲੀ ਦੇ ਪ੍ਰਬੰਧ ਲਈ ਉਪਲਬਧ ਹਨ।ਉਨ੍ਹਾਂ ਖੇਤੀਬਾੜੀ ਵਿਭਾਗ ਨੂੰ ਇਨ੍ਹਾਂ ਮਸ਼ੀਨਾਂ ਦੀ ਪਿੰਡ ਵਾਰ ਸੂਚੀ ਤਿਆਰ ਕਰਨ ਤੇ ਇਨ੍ਹਾਂ ਦੀ ਮੈਪਿੰਗ ਕਰਨ ਦੀ ਹਦਾਇਤ ਕੀਤੀ।ਉਨ੍ਹਾਂ ਦੱਸਿਆ ਕਿ ਇਸ ਵਾਰ ਪਿਛਲੇ ਸਾਲ ਰਹੇ ਹੋਟ ਸਪੋਟ ਪਿੰਡਾਂ 'ਤੇ ਵਿਸ਼ੇਸ਼ ਨਜ਼ਰ ਰਹੇਗੀ ਤੇ ਇੱਥੇ ਪੂਰੀ ਚੌਕਸੀ ਰੱਖੀ ਜਾਵੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰਕੇਸ਼ ਕੁਮਾਰ ਪੋਪਲੀ, ਜ਼ਿਲ੍ਹਾ ਖੇਤੀਬਾੜੀ ਅਫਸਰ ਸੰਦੀਪ ਰਿਣਵਾ, ਡੀਡੀਪੀਓ ਗੁਰਦਰਸ਼ਨ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਪਰਾਲੀ ਸਾੜਨ 'ਤੇ ਕਿਸਾਨਾਂ ਨੂੰ ਜੁਰਮਾਨੇ ਤੇ ਜ਼ਮੀਨੀ ਰਿਕਾਰਡ 'ਚ ਰੈੱਡ ਐਂਟਰੀਜ਼ ਨਹੀਂ ਹੋਣ ਦਿਆਂਗੇ : ਪੰਨੂੰ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਵੱਲੋਂ ਧੰਨ-ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਅਸਥਾਨ ਨਗਰ ਪਹੂਵਿੰਡ ਸਾਹਿਬ ਵਿਖੇ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੀ ਪ੍ਰਧਾਨਗੀ ਹੇਠ ਬੀਬੀਆਂ ਦੀ ਵਿਸ਼ਾਲ ਕਨਵੈਨਸ਼ਨ ਕਰਵਾਈ ਗਈ।ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਸਤਨਾਮ ਸਿੰਘ ਪੰਨੂ, ਸੂਬਾਈ ਆਗੂ ਸਤਨਾਮ ਸਿੰਘ ਮਾਣੋਚਾਹਲ ਤੇ ਜ਼ਿਲ ਾ ਆਗੂ ਰੇਸ਼ਮ ਸਿੰਘ ਘੁਰਕਵਿੰਡ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੀ ਮਾਨ ਸਰਕਾਰ ਵੱਲੋਂ ਪ੍ਰਦੂਸ਼ਣ ਦੇ ਨਾਮ 'ਤੇ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡਾਂ ਵਿੱਚ ਲਾਲ ਐਂਟਰੀਆਂ ਦਰਜ ਕਰਨ ਤੇ ਭਾਰੀ ਜੁਰਮਾਨੇ ਕਰਨ ਦੇ ਨਾਦਰਸ਼ਾਹੀ ਫ਼ਰਮਾਨ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਹਾਜ਼ਰ ਸੰਗਤਾਂ ਨੇ ਪ੍ਰਣ ਕੀਤਾ ਕਿ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿੱਚ ਰੈੱਡ ਐਂਟਰੀਜ਼ ਦਰਜ ਨਹੀਂ ਹੋਣ ਦਿੱਤੀਆਂ ਜਾਣਗੀਆਂ ਤੇ ਕਾਰਵਾਈ ਕਰਨ ਆਏ ਅਧਿਕਾਰੀਆਂ ਦਾ ਘਿਰਾਉ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਚਿੱਪ ਵਾਲੇ ਮੀਟਰ ਕਿਸੇ ਵੀ ਹਾਲਤ ਵਿੱਚ ਲੱਗਣ ਨਹੀਂ ਲੱਗਣ ਦਿੱਤੇ ਜਾਣਗੇ।ਇਸ ਮੌਕੇ ਰਣਜੀਤ ਕੌਰ ਕੱਲਾ ਤੇ ਗੁਰਮੀਤ ਕੌਰ ਸੁਰਵਿੰਡ ਨੇ ਬੀਬੀਆਂ ਤੇ ਕਿਸਾਨ ਮਜ਼ਦੂਰ ਜੱਥੇਬੰਦਕ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਦੁਆਰਾ ਰਲ ਕੇ ਲੋਕਾਂ ਦੇ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ।ਉਨ ਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਨਵੇਂ ਤੋਂ ਨਵੇਂ ਕਾਨੂੰਨ ਲਿਆ ਕੇ ਭਾਰਤ ਦੇ ਭੋਲੇ ਭਾਲੇ ਲੋਕਾਂ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ।ਆਗੂਆਂ ਨੇ ਕਿਹਾ ਕਿ ਪਿੰਡਾਂ ਵਿੱਚ ਬੀਬੀਆਂ ਦੀ ਉੱਚ-ਪੱਧਰੀ ਟੀਮ ਤਿਆਰ ਕਰਨਾ ਸਮੇਂ ਦੀ ਅਹਿਮ ਲੋੜ ਬਣ ਚੁੱਕੀ ਹੈ।ਦੱਸਣਯੋਗ ਹੈ ਕਿ ਜਥੇਬੰਦੀ ਵੱਲੋਂ ਜ਼ੋਨ ਪੱਧਰੀ ਬੀਬੀਆਂ ਦੀ 11 ਮੈਂਬਰੀ ਕਮੇਟੀ ਗਠਤ ਕੀਤੀ ਗਈ।ਬੀਬੀਆਂ ਦੀ ਕਮੇਟੀ ਵਿੱਚ ਬਲਜੀਤ ਕੌਰ ਅਮੀਸ਼ਾਹ, ਰਾਜਵਿੰਦਰ ਕੌਰ ਚੇਲਾ, ਅਮਰਜੀਤ ਕੌਰ ਚੀਮਾ, ਜਸਬੀਰ ਕੌਰ ਮੱਦਰ, ਸੁਖਜਿੰਦਰ ਕੌਰ ਮਾੜੀਮੇਘਾ, ਬਲਜਿੰਦਰ ਕੌਰ ਵੀਰਮ, ਜਸਬੀਰ ਕੌਰ ਵੀਰਮ, ਕੁਲਵੰਤ ਕੌਰ ਅਮੀਸ਼ਾਹ, ਮਨਜੀਤ ਕੌਰ ਚੇਲਾ, ਅਮਰੀਕ ਕੌਰ ਮਾੜੀਮੇਘਾ, ਬਲਵਿੰਦਰ ਕੌਰ ਮਨਿਹਾਲਾ ਨੂੰ ਅਹੁਦੇਦਾਰ ਚੁਣਿਆ ਗਿਆ।ਇਸ ਮੌਕੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਰਣਜੀਤ ਸਿੰਘ ਚੀਮਾ, ਨਿਸ਼ਾਨ ਸਿੰਘ ਮਾੜੀਮੇਘਾ ਤੇ ਪੂਰਨ ਸਿੰਘ ਮੱਦਰ ਨੇ ਕਿਹਾ ਕਿ 27 ਸਤੰਬਰ ਨੂੰ ਤਰਨਤਾਰਨ ਦੇ ਪਿੰਡ ਪਿੱਦੀ ਵਿਖੇ ਜਥੇਬੰਦੀ ਵੱਲੋਂ ਸਰਕਾਰਾਂ ਦੀਆਂ ਗਲਤ ਨੀਤੀਆਂ ਖ਼ਿਲਾਫ਼ ਵਿਸ਼ਾਲ ਇਕੱਤਰਤਾ ਕੀਤੀ ਜਾਵੇਗੀ,ਜਿਸ ਵਿੱਚ ਭਿੱਖੀਵਿੰਡ ਜ਼ੋਨ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਤੇ ਬੀਬੀਆਂ ਸ਼ਮੂਲੀਅਤ ਕਰਨਗੀਆਂ। ਇਸ ਮੌਕੇ ਸੁੱਚਾ ਸਿੰਘ ਵੀਰਮ, ਮਾਨ ਸਿੰਘ ਮਾੜੀਮੇਘਾ, ਸੁਖਪਾਲ ਸਿੰਘ ਦੋਦੇ, ਨਿਰਵੈਲ ਸਿੰਘ ਚੇਲਾ, ਸਤਿਨਾਮ ਸਿੰਘ ਮਨਿਹਾਲਾ, ਅਜਮੇਰ ਸਿੰਘ ਅਮੀਸ਼ਾਹ, ਬਚਿੱਤਰ ਸਿੰਘ ਨਵਾਂਪਿੰਡ, ਸੁਬੇਗ ਸਿੰਘ ਮੱਖੀ ਕਲ ਾਂ, ਸੁਖਦੇਵ ਸਿੰਘ ਚੀਮਾ, ਜਗਰੂਪ ਸਿੰਘ ਮਾੜੀਮੇਘਾ, ਹੀਰਾ ਸਿੰਘ ਮੱਦਰ, ਬਲਵਿੰਦਰ ਸਿੰਘ ਦੋਦੇ, ਬਘੇਲ ਸਿੰਘ ਖਾਲੜਾ, ਸਵਰਨ ਸਿੰਘ ਡਲੀਰੀ, ਸੁਖਦੇਵ ਸਿੰਘ ਭੈਣੀ ਮੱਸਾ ਸਿੰਘ, ਗੁਰਪ੍ਰੀਤ ਸਿੰਘ ਚੂੰਘ, ਅੰਗਰੇਜ਼ ਸਿੰਘ ਵਾਂ, ਕੰਵਲਜੀਤ ਸਿੰਘ ਪਹੂਵਿੰਡ, ਅਰੂੜ ਸਿੰਘ ਥੇਹ ਨੌਸ਼ਹਿਰਾ, ਜਗਤਾਰ ਸਿੰਘ ਕੱਚਾ ਪੱਕਾ, ਸੁਖਦੇਵ ਸਿੰਘ ਭਿੱਖੀਵਿੰਡ ਆਦਿ ਅਹੁਦੇਦਾਰ ਹਾਜ਼ਰ ਸਨ।


### ਉੱਤਰ ਰੇਲਵੇ

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਪੱਤਰ ਨੰ.:-** 770-W/169/WA-1/FZR-205-2024-25-Sr.DEN-I-FZR & 206-2024-25-ADEN-JRC

ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ ਅੰਤਮ ਮਿਤੀ 14.10.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਨਿਵਿਦਾ ਸੁਰੱਖਿਆ ਪੱਤਰ ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ ਤੇ ਨਥੀ ਕਰੇਗਾ।

| ਲ. ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 205-2024-25-Sr.DEN-I-FZR | ਸੀਨੀਅਰ ਮੰਡਲ ਇੰਜੀਨੀਅਰ-ਫਸਟ ਦੇ ਅਧਿਕਾਰ ਖੇਤਰ ਵਿਚ LDHJ-JRC ਸੈਕਸ਼ਨ ਤੇ ਆਟੋਮੈਟਿਕ ਬਲਾਕ ਸਿਗਨਲਿੰਗ ਦਾ ਪ੍ਰਾਵਧਾਨ ਕਰਨਾ ਦਾ ਕੰਮ। | | |
| | | ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 2,61,86,070.71 | 60 ਦਿਨ | 06 ਮਹੀਨੇ |
| 2. | 206-2024-25-ADEN-JRC | ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਦੇ ਅਧਿਕਾਰ ਖੇਤਰ ਵਿਚ JRC-PTKC ਸੈਕਸ਼ਨ ਤੇ ਕਿਮੀ 29/2-3 ਤੇ ਪੁਲ ਨੰਬਰ 58 UP ਦੇ ਪੀਐਸਸੀ ਸਲੈਬ ਦੇ ਨਾਲ ਆਰਸੀਸੀ ਸਲੈਬ ਨੂੰ ਪ੍ਰਤੀਸਥਾਪਿਤ ਕਰਨਾ ਅਤੇ ਪਿਯਰਸ ਅਤੇ ਅਬਟਮੈਂਟਸ ਦੀ ਜੈਕੇਟਿੰਗ ਕਰਨਾ ਦਾ ਕੰਮ। | | |
| | | ਵਿਗਿਆਪਨ ਮੂਲ (ਰੁ.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 2,25,52,904.43 | 60 ਦਿਨ | 06 ਮਹੀਨੇ |

ਨੋਟ 1. ਨਿਵਿਦਾ ਪਾਉਣ ਤੋਂ ਪਹਿਲੇ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — 2954/24

### ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਸੀਨੀ.ਮੰਡਲ ਵਿਯੁਤ ਇੰਜੀਨੀਅਰ/ਟੀ.ਆਰ./ਉੱਤਰ ਰੇਲਵੇ/ਜੰਮੂ ਤਵੀ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਆਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਬਿਆਨਾ ਰਾਸ਼ੀ (₹) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੇਬਸਾਈਟ |
|---|---|---|---|---|---|---|
| 251J-ਵਿਯੁਤ-T-03/2024-25 | ਬੀ ਏ ਐਚ ਐਲ - ਬੀ ਆਰ ਐਮ ਐਲ (BAHL-BRML) ਖੰਡ ਵਿਚ ਬੀ ਡੀ ਜੀ ਐਮ (BDGM) ਵਿਚ ਵਾਸ਼ਿੰਗ ਲਾਇਨ ਉਤੇ ਕਵਰਡ ਸ਼ੇਡ ਅਤੇ ਹੋਰ ਸਬੰਧਤ ਕੰਮਾਂ ਦੇ ਪ੍ਰਾਵਧਾਨ ਵਿਚ ਵਿਯੁਤ ਕੰਮ। | Rs. 1,43,13,470.11p | 2,21,600.00 | 06 ਮਹੀਨੇ | 14.10.2024 15:00 ਵਜੇ ਦੇ ਬਾਦ | www.ireps.gov.in |

ਨੰਬਰ-251J-ਵਿਯੁਤ-ਵਿਯੁਤ ਟੈਂਡਰ ਨੋਟਿਸ ਨੰ: 03/2024-25 ਮਿਤੀ : 23.09.2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — 2958/24


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਸਫਾਈ ਸੇਵਕਾਂ ਦੇ ਮਸਲੇ 'ਤੇ ਰਾਜਨੀਤੀ ਕਰਨ ਦੀ ਬਜਾਏ ਲੋਕਾਂ 'ਚ ਸਹੀ ਸਥਿਤੀ ਸਪੱਸ਼ਟ ਕੀਤੀ ਜਾਵੇ : ਹੀਰਾ ਵਾਲੀਆ



**ਬਟਾਲਾ (ਤਰਲੋਕ ਬੱਗਾ)**- ਭਾਰਤੀ ਜਨਤਾ ਪਾਰਟੀ ਦੇ ਜ਼ਿਲਾ ਪ੍ਰਧਾਨ ਹੀਰਾ ਵਾਲੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਅਤੇ ਨਗਰ ਨਿਗਮ ਪ੍ਰਸ਼ਾਸ਼ਨ ਸਫਾਈ ਸੇਵਕਾਂ ਦੀ ਪਾਰਦਰਸ਼ੀ ਭਰਤੀ ਦੇ ਸੰਬੰਧ ਵਿੱਚ ਇੱਕ ਦੂਜੇ ਦੇ ਦੋਸ਼ ਮੜ ਰਹੇ ਹਨ ਪਰ ਇਸ ਸਬੰਧ ਵਿਚ ਸੱਚਾਈ ਲੋਕਾਂ ਦੀ ਕਚਹਿਰੀ ਵਿੱਚ ਆਉਣੀ ਬਹੁਤ ਜ਼ਰੂਰੀ ਹੈ।ਹੀਰਾ ਵਾਲੀਆ ਨੇ ਕਿਹਾ ਕਿ ਦੇਸ਼ ਦੇ ਅੰਦਰ ਇੰਡੀਆ ਗਠਬੰਧਨ ਰਾਹੀਂ ਆਪ ਅਤੇ ਕਾਂਗਰਸ ਦਾ ਗੱਠਜੋੜ ਹੈ ਅਤੇ ਪੰਜਾਬ ਵਿੱਚ ਦੋਵੇਂ ਸਿਆਸੀ ਪਾਰਟੀਆਂ ਫਰੈਂਡਲੀ ਮੈਚ ਖੇਡ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ।ਉਨ ਾਂ ਕਿਹਾ ਕਿ ਸਫਾਈ ਸੇਵਕਾਂ ਦੇ ਮਸਲੇ 'ਤੇ ਬਿਲਕੁਲ ਰਾਜਨੀਤੀ ਨਹੀਂ ਹੋਣੀ ਚਾਹੀਦੀ ਸਗੋਂ ਸਿਆਸਤ ਤੋਂ ਉਪਰ ਉਠ ਕੇ ਸਰਕਾਰ ਅਤੇ ਪ੍ਰਸ਼ਾਸ਼ਨ ਨੂੰ ਸੱਚਾਈ ਲੋਕਾਂ ਵਿਚ ਸਪੱਸ਼ਟ ਕਰਨੀ ਚਾਹੀਦੀ ਹੈ।ਜ਼ਿਲਾ ਪ੍ਰਧਾਨ ਵਾਲੀਆ ਨੇ ਕਿਹਾ ਕਿ ਨਗਰ ਨਿਗਮ ਅਤੇ ਸਰਕਾਰ ਦੋਵਾਂ ਵਲੋਂ ਸਫਾਈ ਸੇਵਕਾਂ ਦੀ ਭਰਤੀ ਸੰਬੰਧੀ ਪਾਰਦਰਸ਼ੀ ਨਾ ਹੋਣ ਦੀ ਗੱਲ ਕਹੀ ਜਾ ਰਹੀ ਹੈ ਜਦਕਿ ਐੱਸਡੀਐੱਮ ਬਟਾਲਾ ਵਲੋਂ ਪਾਰਦਰਸ਼ੀ ਭਰਤੀ ਵਲੋਂ ਪੂਰਾ ਭਰੋਸਾ ਦਿੱਤਾ ਜਾ ਰਿਹਾ ਹੈ।ਉਨ ਾਂ ਕਿਹਾ ਕਿ ਇਸ ਸੰਬੰਧ ਵਿਚ ਸੱਚਾਈ ਜਨਤਾ ਵਿੱਚ ਸਪੱਸ਼ਟ ਹੋਣੀ ਚਾਹੀਦੀ ਹੈ।ਉਨ ਾਂ ਕਿਹਾ ਕਿ ਕਿਸੇ ਵੀ ਸਫਾਈ ਸੇਵਕ ਨਾਲ ਧੱਕਾ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਡੇ ਸਫਾਈ ਸੇਵਕ ਉਹ ਯੋਧੇ ਹਨ ਜਿਨ ਾਂ ਦੀ ਬਦੌਲਤ ਹੀ ਸ਼ਹਿਰ ਸਵੱਛ ਰਹਿ ਸਕਦਾ ਹੈ।ਉਨ ਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਸਫਾਈ ਸੇਵਕਾਂ ਨਾਲ ਚੱਟਾਨ ਵਾਂਗ ਖੜ ੀ ਹੈ ਅਤੇ ਜਲਦ ਇਨ ਾਂ ਨਾਲ ਨਿਆਂ ਕਰਨ ਦੀ ਹਮਾਇਤ ਕਰਦੀ ਹੈ।

# ਹਲਕਾ ਮਜੀਠਾ ਦੇ ਵਿਕਾਸ ਲਈ ਵਚਨਬੱਧ ਹਾਂ : ਜੱਗਾ ਮਜੀਠਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**— ਸਰਕਾਰਾਂ ਲੋਕਾਂ ਦੀ ਭਲਾਈ ਕਰਨ ਲਈ ਹੁੰਦੀਆਂ ਹਨ, ਲੋਕ ਸਾਂਝੇ ਕੰਮ ਕਰਨ ਵਾਲੀਆਂ ਚੰਗੀਆਂ ਸਰਕਾਰ ਦੀ ਕਦਰ ਕਰਦੇ ਹਨ।ਭਗਵੰਤ ਮਾਨ ਸਰਕਾਰ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਕਾਰਜ ਕਰ ਰਹੀ ਹੈ ਜਿਸ ਤੋਂ ਪੰਜਾਬ ਦੇ ਲੋਕ ਬਹੁਤ ਖੁਸ਼ ਹਨ। ਇਹ ਸ਼ਬਦ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਮਕਾਨਾਂ ਦੀ ਉਸਾਰੀ ਲਈ ਚੈੱਕ ਤਕਸੀਮ ਕਰਨ ਮੌਕੇ ਸੰਬੋਧਨ ਕਰਦਿਆਂ ਕਹੇ। ਜੱਗਾ ਮਜੀਠਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਮਜੀਠਾ ਉਨ ਾਂ ਦੀ ਜਿੰਦਜਾਨ ਹੈ ਅਤੇ ਉਹ ਹਰ ਵੇਲੇ ਹੀ ਹਲਕੇ ਦੇ ਵਿਕਾਸ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਲੋਕਾਂ ਦੇ ਕੰਮ ਕਰਾਉਣਾ ਮੇਰੀ ਜ਼ਿੰਮੇਵਾਰੀ ਹੈ ਤੇ ਮੈਂ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਵਾਂਗਾ ਜਿਸ ਵਿੱਚ ਮੈਨੂੰ ਹਲਕੇ ਦੇ ਲੋਕਾਂ ਦਾ ਸਹਿਯੋਗ ਚਾਹੀਦਾ ਹੈ। ਉਨ ਾਂ ਕਿਹਾ ਕਿ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਜੋ ਪਿੰਡ ਸਰਕਾਰੀ ਗਰਾਂਟ ਤੋਂ ਵਾਂਝੇ ਹਨ ਉਨ ਾਂ ਨੂੰ ਜਲਦੀ ਹੀ ਗਰਾਂਟ ਦੇ ਕੇ ਵਿਕਾਸ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਗਟ ਸਿੰਘ ਬੀਡੀਪੀਓ ਤਰਸਿੱਕਾ, ਆਪ ਆਗੂ ਬਲਬੀਰ ਸਿੰਘ ਬੋਪਾਰਾਏ, ਲਾਲੀ ਢਿੰਗ ਨੰਗਲ, ਤਰਵਿੰਦਰ ਸਿੰਘ ਸਾਧਪੁਰ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਲੰਬਾ ਪੈਂਡਾ ਤੈਅ ਕਰਨ ਮਗਰੋਂ ਮਨੁੱਖ ਨੇ ਜੀਵਨ ਪ੍ਰਤੀ ਬਹੁਤ ਸਾਰੀਆਂ ਮਾਨਤਾਵਾਂ ਨੂੰ ਜਨਮ ਦਿੱਤਾ: ਸੁਰਿੰਦਰ



**ਤਰਨਤਾਰਨ (ਪ੍ਰਿਤਪਾਲ ਸਿੰਘ)**-ਦਿਵਯ ਜਯੋਤੀ ਜਾਗਰਤੀ ਸੰਸਥਾਨ ਦੁਆਰਾ ਤਰਨਤਾਰਨ ਆਸ਼ਰਮ ਅੰਦਰ ਸਪਤਾਹਿਕ ਸਤਿਸੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਆਸ਼ੂਤੋਸ਼ ਮਹਾਰਾਜ ਦੇ ਸੇਵਕ ਗੁਰਮੁਖ ਵੀਰ ਸੁਰਿੰਦਰ ਸਿੰਘ ਨੇ ਆਪਣੇ ਵਿਚਾਰਾਂ ਪ੍ਰਗਟ ਕਰਦਿਆਂ ਕਿਹਾ ਕਿ ਜ਼ਿੰਦਗੀ ਦੇ ਲੰਬੇ ਪੈਂਡੇ ਨੂੰ ਤੈਅ ਕਰਨ ਮਗਰੋਂ ਮਨੁੱਖ ਨੇ ਜੀਵਨ ਪ੍ਰਤੀ ਬਹੁਤ ਸਾਰੀਆਂ ਮਾਨਤਾਵਾਂ ਨੂੰ ਜਨਮ ਦਿੱਤਾ ਅਤੇ ਬਹੁਤ ਸਾਰੀਆਂ ਲੁਪਤ ਹੋ ਗਈਆਂ ਪਰ ਬਿਹਤਰ ਜੀਵਨ ਦੀ ਤਲਾਸ਼ ਅੱਜ ਤੱਕ ਜਾਰੀ ਹੈ।ਭਾਰਤੀ ਦਰਸ਼ਨ ਦੇ ਅਨੁਸਾਰ ਜੀਵਨ ਅੰਦਰ ਬ੍ਰਹਮ ਨਿਸ਼ਠ ਗੁਰੂ ਨੂੰ ਬਹੁਤ ਹੀ ਉੱਚਾ ਸਥਾਨ ਦਿੱਤਾ ਗਿਆ ਕਿਉਂਕਿ ਜੀਵਨ ਦੇ ਸਹੀ ਅਰਥ ਅਤੇ ਪਰਿਭਾਸ਼ਾ ਨੂੰ ਕੇਵਲ ਬ੍ਰਹਮ ਨਿਸ਼ਠ ਗੁਰੂ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਬੇਸ਼ੱਕ ਜੀਵਨ ਦੇ ਹਰ ਰਿਸ਼ਤੇ ਨੂੰ ਮਰਿਆਦਾ ਸਹਿਤ ਮਹੱਤਵ ਦਿੱਤਾ ਗਿਆ ਹੈ ਪਰ ਗੁਰੂ ਦਾ ਸਥਾਨ ਅਜਿਹਾ ਹੈ ਜਿਸ ਦੇ ਲਈ ਸਭ ਕੁਝ ਤਿਆਗ ਕੀਤਾ ਜਾ ਸਕਦਾ ਹੈ।ਗੁਰੂ ਦਾ ਰਿਸ਼ਤਾ ਅਜਿਹਾ ਹੁੰਦਾ ਹੈ ਜੋ ਸਭ ਦਾ ਪੂਰਕ ਹੋਣ ਦੇ ਨਾਲ ਨਾਲ ਮਨੁੱਖ ਨੂੰ ਅਜਿਹਾ ਪ੍ਰੇਮ ਪ੍ਰਦਾਨ ਕਰਦਾ ਜਿਸ ਤੋਂ ਬਾਅਦ ਹੋਰ ਕਿਸੇ ਪ੍ਰੇਮ ਦੀ ਜ਼ਰੂਰਤ ਨਹੀਂ ਪੈਂਦੀ। ਗੁਰੂ ਸੇਵਕ ਨੂੰ ਬ੍ਰਹਮ ਗਿਆਨ ਪ੍ਰਦਾਨ ਕਰਕੇ ਜੀਵਨ ਦੇ ਮਕਸਦ, ਅਰਥ ਅਤੇ ਸੀਮਾ ਤੋਂ ਜਾਣੂ ਕਰਵਾਉਂਦੇ ਹਨ।ਜੀਵਨ ਅੰਦਰ ਗੁਰੂ ਦਾ ਮਿਲ ਜਾਣਾ ਉਸ ਪਰਮਾਤਮਾ ਦੀ ਜੀਵ ਉੱਪਰ ਵਿਸ਼ੇਸ਼ ਕਿਰਪਾ ਹੋਇਆ ਕਰਦੀ ਹੈ।ਗੁਰੂ ਨਾਲ ਰਿਸ਼ਤਾ ਸਥਾਪਿਤ ਹੋ ਜਾਣਾ ਬਹੁਤ ਵੱਡੀ ਗੱਲ ਹੈ। ਪਰੰਤੂ ਇਸ ਰਿਸ਼ਤੇ ਦੇ ਮਿਲਣ ਤੋਂ ਬਾਅਦ ਇਸ ਨੂੰ ਤੋੜ ਨਿਭਾਉਣਾ ਮਨੁੱਖ ਲਈ ਇੱਕ ਵੱਡਾ ਪ੍ਰਸ਼ਨ ਬਣ ਜਾਂਦਾ ਹੈ ਕਿਉਂਕਿ ਸੰਸਾਰਕ ਰਿਸ਼ਤੇ ਤਾਂ ਵਿਅਕਤੀ ਦੀਆਂ ਸਰੀਰਕ ਅਤੇ ਮਾਨਸਿਕ ਇੱਛਾਵਾਂ ਦੀ ਪੂਰਤੀ ਦਾ ਸਾਧਨ ਨਜ਼ਰ ਆਉਂਦੇ ਹਨ ਪਰੰਤੂ ਗੁਰੂ ਉਨ ਾਂ ਨੂੰ ਮਾਰਨ ਦੀ ਗੱਲ ਕਰਦਾ ਹੈ।ਜਦੋਂ ਵਿਅਕਤੀ ਗੁਰੂ ਦੇ ਮਾਰਗ 'ਤੇ ਦ੍ਰਿੜਤਾ ਨਾਲ ਚੱਲਦਾ ਹੈ ਤਾਂ ਫਿਰ ਉਹ ਆਪਣੇ ਜੀਵਨ ਦੇ ਲਕਸ਼ ਨੂੰ ਪ੍ਰਾਪਤ ਕਰ ਜਾਂਦਾ ਹੈ। ਪ੍ਰੋਗਰਾਮ ਦੌਰਾਨ ਗੁਰਮੁਖ ਵੀਰ ਹਰੀ ਸਿੰਘ ਨੇ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕੀਤਾ।

## ਪਿਛਲੀਆਂ ਸਰਕਾਰਾਂ ਨੇ ਅਜਨਾਲਾ ਹਲਕੇ ਦੀ ਕੋਈ ਸਾਰ ਨਹੀਂ ਲਈ : ਛੀਨਾ, ਚੈਨਪੁਰੀਆ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਪਿਛਲੀਆਂ ਸਰਕਾਰਾਂ ਨੇ ਅਜਨਾਲਾ ਹਲਕੇ ਦੀ ਕੋਈ ਸਾਰ ਨਹੀਂ ਲਈ ਅਤੇ ਇਹ ਇਲਾਕਾ ਵਿਕਾਸ ਵਜੋਂ ਕਾਫੀ ਪੱਛੜ ਗਿਆ ਸੀ ਪ੍ਰੰਤੂ ਹੁਣ ਇਲਾਕੇ ਦਾ ਵਿਕਾਸ ਯਕੀਨੀ ਬਣਾਇਆ ਜਾਵੇਗਾ। ਸੜਕਾਂ ਹੋਣ ਜਾਂ ਭਾਵੇਂ ਬਿਜਲੀ ਘਰ, ਪਿੰਡਾਂ ਦੇ ਸਟੇਡੀਅਮ, ਗੁਰਦੁਆਰਾ ਸਾਹਿਬ ਨੂੰ ਜਾਂਦਿਆਂ ਹੋਇਆਂ ਰਸਤਿਆਂ ਦੇ ਗੇਟ ਹੋਣ ਜਾਂ ਅਜਨਾਲੇ ਹਲਕੇ ਨੂੰ ਟ੍ਰੇਨ ਦੀ ਸਹੂਲਤ ਹੋਵੇ, ਵਿਕਾਸ ਪੱਖੋਂ ਸੱਖਣਾ ਨਹੀਂ ਰਹਿਣ ਦਿੱਤਾ ਜਾਵੇਗਾ। ਇਨ ਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਯੂਥ ਵਿੰਗ ਦੇ ਜ਼ਿਲ ਾ ਜਨਰਲ ਸਕੱਤਰ ਗਗਨਦੀਪ ਸਿੰਘ ਛੀਨਾ ਅਤੇ ਸਾਬਕਾ ਸ਼ਹਿਰੀ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ ਨੇ ਕਿਹਾ ਕਿ ਲੋਕਾਂ ਨਾਲ ਜੋ ਵਾਅਦੇ ਕੀਤੇ ਸੀ ਉਹ ਪੂਰੇ ਕਰਾਂਗੇ।ਉਨ ਾਂ ਦੱਸਿਆ ਕਿ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ ਦੇ ਯਤਨਾਂ ਸਦਕਾ ਹੀ ਇਹ ਸਭ ਸੰਭਵ ਹੋਇਆ। ਗਗਨਦੀਪ ਨੇ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਚੰਗੇ ਪੜੇ -ਲਿਖੇ ਨੌਜਵਾਨ ਨੂੰ ਸਰਪੰਚ ਬਣਾਓ ਤਾਂ ਕਿ ਪਿੰਡਾਂ ਦਾ ਵਿਕਾਸ ਕਰਵਾਇਆ ਜਾਵੇ।ਇਸ ਮੌਕੇ ਗਗਨਦੀਪ ਸਿੰਘ, ਦੀਪਕ ਚੈਨਪੁਰੀਆ, ਮਾਸਟਰ ਗੁਰਦੀਪ ਸਿੰਘ ਭਲਾ ਪਿੰਡ, ਵਿੱਕੀ ਅਜਨਾਲਾ, ਮੇਜਰ ਸਿੰਘ ਫੁੱਲੇ ਚੱਕ, ਬਲਜਿੰਦਰ ਸਿੰਘ ਫੁੱਲੇ ਚੱਕ, ਤਰਸੇਮ ਸਿੰਘ, ਜੱਸਨੂਰਦੀਪ ਸਿੰਘ ਸੰਧੂ ਆਦਿ ਹਾਜ਼ਰ ਸਨ!

## ਦਾਦੂਪੁਰਾ 'ਚ ਕਿਸਾਨ ਦਾ ਟ੍ਰਾਂਸਫਾਰਮਰ ਮਹੀਨੇ 'ਚ ਦੋ ਵਾਰ ਚੋਰੀ



**ਮਜੀਠਾ (ਸੋਇਮ ਆਨੰਦ)**-ਹਲਕਾ ਮਜੀਠਾ ਦੇ ਪਿੰਡ ਦਾਦੂਪੁਰਾ ਵਿਖੇ ਕਿਸਾਨ ਕੁਲਦੀਪ ਸਿੰਘ ਦੇ ਨਾਮ ਦਾ ਖੇਤਾਂ 'ਚ ਲੱਗਾ ਬਿਜਲੀ ਟ੍ਰਾਂਸਫਾਰਮਰ ਮਹੀਨੇ 'ਚ ਦੋ ਵਾਰ ਚੋਰੀ ਹੋਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਇਲਾਕੇ 'ਚ ਆਏ ਦਿਨ ਵੱਧ ਰਹੀਆਂ ਲੁੱਟਾਂ-ਖੋਹਾਂ ਤੇ ਚੋਰੀ ਦੀਆਂ ਵਾਰਦਾਤਾਂ ਨਾਲ ਜਿਥੇ ਲੋਕਾਂ ਦੇ ਮਨਾਂ ਅੰਦਰ ਭਾਰੀ ਸਹਿਮ ਹੈ ਉਥੇ ਚੋਰਾਂ ਦੇ ਵੀ ਹੌਸਲੇ ਬੁਲੰਦ ਹਨ ਜਿਸ ਦੀ ਮਿਸਾਲ ਇਲਾਕੇ 'ਚ ਬਿਨਾਂ ਡਰ ਭੈਅ ਦੇ ਹੋ ਰਹੀਆਂ ਚੋਰੀਆਂ ਤੋਂ ਮਿਲਦੀ ਹੈ।ਕਸਬਾ ਮਜੀਠਾ ਨਾਲ ਲੱਗਦੇ ਪਿੰਡ ਦਾਦੂਪੁਰਾ ਦੇ ਸੁਖਚੈਨ ਸਿੰਘ ਪੁੱਤਰ ਕੁਲਦੀਪ ਸਿੰਘ ਨੇ ਪਾਵਰਕਾਮ ਉਪ ਮੰਡਲ ਅਫਸਰ ਨੂੰ ਲਿਖਤੀ ਤੌਰ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ ਾਂ ਦੇ ਪਿਤਾ ਕੁਲਦੀਪ ਸਿੰਘ ਦੇ ਨਾਮ 'ਤੇ ਲੱਗਾ ਖੇਤਾਂ ਵਿਚਲਾ 16 ਕੇਵੀਏ ਦਾ ਬਿਜਲੀ ਟ੍ਰਾਂਸਫਾਰਮਰ ਬੀਤੀ ਰਾਤ ਚੋਰੀ ਹੋ ਗਿਆ ਹੈ, ਜਿਸ ਨੂੰ ਪਹਿਲਾਂ ਵੀ ਨਿਸ਼ਾਨਾ ਬਣਾਉਂਦਿਆਂ ਚੋਰੀ ਕਰ ਲਿਆ ਗਿਆ ਸੀ।ਕਰੀਬ ਮਹੀਨੇ ਵਿੱਚ ਇਹ ਟ੍ਰਾਂਸਫਾਰਮਰ ਦੋ ਵਾਰ ਚੋਰੀ ਹੋ ਗਿਆ ਹੈ।ਉਸ ਨੇ ਦੱਸਿਆ ਕਿ ਟ੍ਰਾਂਸਫਾਰਮਰ ਚੋਰੀ ਹੋਣ ਨਾਲ ਝੋਨੇ ਦੀ ਪੱਕੀ ਫਸਲ ਤੇ ਚਾਰੇ ਦਾ ਵੀ ਭਾਰੀ ਨੁਕਸਾਨ ਹੋਇਆ ਹੈ।ਉਨ ਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਟ੍ਰਾਂਸਫਾਰਮਰ ਚੋਰੀ ਕਰਨ ਵਾਲੇ ਚੋਰਾਂ ਨੂੰ ਜਲਦ ਕਾਬੂ ਕੀਤਾ ਜਾਵੇ ਤਾਂ ਜੋ ਕਿਸੇ ਵੀ ਕਿਸਾਨ ਦਾ ਨੁਕਸਾਨ ਹੋਣੋਂ ਬਚਾਇਆ ਜਾ ਸਕੇ।

## ਘਰ ਆ ਕੇ ਫਾਇਰ ਕਰਨ ਵਾਲੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਕਲਾਨੌਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਟੇਕ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਮੋੜ ਥਾਣਾ ਕਲਾਨੌਰ ਨੇ ਦੱਸਿਆ ਕਿ 21 ਸਤੰਬਰ ਨੂੰ ਮੈਂ ਆਪਣੇ ਪਰਿਵਾਰ ਸਮੇਤ ਘਰ ਅੰਦਰ ਮੌਜੂਦ ਸੀ। ਰਾਤ ਕਰੀਬ 8 ਵਜੇ ਘਰ ਦੇ ਬਾਹਰ ਕਿਸੇ ਨੇ ਬਾਹਰਲਾ ਦਰਵਾਜ਼ਾ ਖੜਕਿਆ। ਜਦ ਦਰਵਾਜ਼ਾ ਖੋਲ ਕੇ ਦੇਖਿਆ ਤਾਂ ਅੱਗੋਂ ਮਲਕੀਤ ਸਿੰਘ ਖੜ ਾ ਸੀ ਜਿਸ ਦੇ ਸੱਜੇ ਹੱਥ ਵਿੱਚ ਰਾਇਫਲ ਦੋਨਾਲੀ ਅਤੇ ਖੱਬੇ ਮੋਢੇ 'ਤੇ ਛੋਟਾ ਬੈਗ ਸੀ ਜਿਸ ਨੇ ਮੇਰੇ 'ਤੇ ਹਵਾਈ ਫਾਇਰ ਕਰ ਦਿੱਤਾ। ਮੈਂ ਆਪਣੇ ਬਚਾਅ ਲਈ ਮਲਕੀਤ ਸਿੰਘ ਕੋਲੋਂ ਦੋਨਾਲੀ ਰਾਇਫਲ ਅਤੇ ਛੋਟਾ ਬੈਗ ਖੋਹ ਲਿਆ ਤੇ ਮਲਕੀਤ ਸਿੰਘ ਰਾਇਫਲ ਅਤੇ ਛੋਟਾ ਬੈਗ ਮੇਰੇ ਕੋਲ ਛੱਡ ਕੇ ਘਰ ਦੇ ਬਾਹਰ ਖੜ ੀ ਆਪਣੀ ਇਨੋਵਾ ਗੱਡੀ ਵਿੱਚ ਬੈਠ ਕੇ ਭੱਜ ਗਿਆ। ਇਸ ਬਾਰੇ ਪੁਲਸ ਪਾਰਟੀ ਨੂੰ ਇਤਲਾਹ ਮਿਲਣ 'ਤੇ ਤਫਤੀਸ਼ੀ ਅਫਸਰ ਨੇ ਦੋਨਾਲੀ ਰਾਇਫਲ 14 ਰੌਂਦ ਜ਼ਿੰਦਾ ਇੱਕ ਕਾਰਤੂਸ ਅਤੇ ਰਾਇਫਲ ਦਾ ਲਾਇਸੰਸ ਕਬਜ਼ੇ ਵਿੱਚ ਲੈ ਕੇ ਮਲਕੀਤ ਸਿੰਘ ਖ਼ਿਲਾਫ਼ ਜ਼ੇਰੇ ਧਾਰਾ 125 ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਹਰਪ੍ਰੀਤ ਸਿੰਘ ਦਾ ਇੰਸਪੈਕਟਰ ਬਣਨ 'ਤੇ ਮਾਣ-ਸਨਮਾਨ



**ਝਬਾਲ, (ਹਰਜਿੰਦਰ ਸਿੰਘ ਸੋਨੀ)**- ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਵਿਖੇ ਬਤੌਰ ਅਕਾਊਟੈਂਟ ਕਲਰਕ ਡਿਊਟੀ ਨਿਭਾ ਰਹੇ ਹਰਪ੍ਰੀਤ ਸਿੰਘ ਦੀਆਂ ਬੇਹਤਰ ਸੇਵਾਵਾਂ ਨੂੰ ਵੇਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਦਉਨਤੀ ਕਰਦਿਆਂ ਉਨ ਾਂ ਨੂੰ ਗੁਰਦੁਆਰਾ ਇੰਸਪੈਕਟਰ 85 ਬਣਾਏ ਜਾਣ 'ਤੇ ਉਨ੍ਹਾਂ ਨੂੰ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ, ਮੀਤ ਮੈਨੇਜਰ ਗੁਰਜੀਤ ਸਿੰਘ ਠੱਠਾ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਤੇ ਬਾਬਾ ਬੁੱਢਾ ਸਾਹਿਬ ਜੀ ਦੀ ਯਾਦਗਾਰੀ ਤਸਵੀਰ ਦੇ ਕੇ ਸਨਮਾਨਿਤ ਕਰਦਿਆ ਰਿਲੀਵ ਕੀਤਾ ਗਿਆ ਜਦਕਿ ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ ਸੋਹਲ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਗੁਰਜੀਤ ਸਿੰਘ ਪੰਜਵੜ, ਬਿਕਰਮਜੀਤ ਸਿੰਘ ਸੁਰ ਸਿੰਘ, ਕਾਬਲ ਸਿੰਘ ਅਕਾਊਂਟੈਂਟ, ਜਗਜੀਤ ਸਿੰਘ ਖਜਾਨਚੀ, ਜਤਿੰਦਰ ਸਿੰਘ ਦਲਜੀਤ ਸਿੰਘ ਵਲਟੋਹਾ, ਹਰਜੀਤ ਸਿੰਘ ਪੰਜਵੜ, ਬਿਕਰਮ ਸਿੰਘ ਸਮੇਤ ਬਲਜੀਤ ਸਿੰਘ ਝਬਾਲ, ਪ੍ਰਤਾਪ ਸਿੰਘ ਚੀਮਾ, ਸੁਖਦੇਵ ਸਿੰਘ ਆਦਿ ਸਟਾਫ ਵੱਲੋਂ ਇੰਸਪੈਕਟਰ ਹਰਪ੍ਰੀਤ ਸਿੰਘ ਨੂੰ ਮੁਬਾਰਕ ਬਾਦ ਦਿੰਦਿਆਂ ਵਿਸ਼ੇਸ਼ ਸਨਮਾਨ ਨਾਲ ਸਨਮਾਨਿਆਂ ਗਿਆ।

## ਗੱਡੀ ਦੀ ਸਾਈਡ ਵੱਜਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਕਲਾਨੌਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨਵਜੋਤ ਪਾਲ ਪੁੱਤਰ ਜਗਦੀਸ਼ ਰਾਜ ਵਾਸੀ ਮੋੜ ਥਾਣਾ ਕਲਾਨੌਰ ਨੇ ਦੱਸਿਆ ਕਿ 21 ਸਤੰਬਰ ਨੂੰ ਮੇਰਾ ਭਰਾ ਕੁਲਜੀਤ ਕੁਮਾਰ ਆਪਣੇ ਦੋਸਤ ਅਨੁਜ ਕੁਮਾਰ ਅਤੇ ਸੁਖਪ੍ਰੀਤ ਸਿੰਘ ਵਾਸੀ ਮੋੜ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਰਮਦਾਸ ਚੌਥ ਦਾ ਮੇਲਾ ਵੇਖਣ ਲਈ ਜਾ ਰਿਹਾ ਸੀ। ਮੋਟਰਸਾਈਕਲ ਅਨੁਜ ਕੁਮਾਰ ਚਲਾ ਰਿਹਾ ਸੀ ਅਤੇ ਕੁਲਜੀਤ ਕੁਮਾਰ ਅਤੇ ਸੁਖਪ੍ਰੀਤ ਸਿੰਘ ਪਿੱਛੇ ਬੈਠੇ ਸਨ। ਰਾਤ 8 ਵਜੇ ਦੇ ਕਰੀਬ ਜਦ ਉਹ ਰਾਧਾ ਸੁਆਮੀ ਸਤਿਸੰਗ ਘਰ ਕਲਾਨੌਰ ਨੇੜੇ ਪੁੱਜੇ ਤਾਂ ਪਿੱਛੋਂ ਇੱਕ ਇਨੋਵਾ ਗੱਡੀ ਤੇਜ਼ ਰਫਤਾਰ ਨਾਲ ਆਈ ਜਿਹੜੀ ਕਿ ਗਲਤ ਸਾਇਡ ਤੋਂ ਲਾਪ੍ਰਵਾਹੀ ਨਾਲ ਕੁਲਜੀਤ ਸਿੰਘ ਦੇ ਮੋਟਰਸਾਈਕਲ 'ਤੇ ਚੜ ਾ ਦਿੱਤੀ ਗਈ ਜਿਸ ਨਾਲ ਕੁਲਜੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ ਅਤੇ ਉਸ ਦੇ ਦੋਸਤਾਂ ਦੇ ਵੀ ਕਾਫੀ ਸੱਟਾਂ ਲੱਗੀਆਂ ਹਨ। ਮੋਟਰਸਾਈਕਲ ਦਾ ਵੀ ਨੁਕਸਾਨ ਹੋਇਆ ਹੈ। ਥਾਣਾ ਕਲਾਨੌਰ ਪੁਲਸ ਨੇ ਗੱਡੀ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਲਖਵਿੰਦਰ ਉੱਪਲ ਦਾ ਸਿੰਗਲ ਟਰੈਕ 'ਲੋਕ ਵਿਰਸਾ' ਲੋਕ ਅਰਪਣ



**ਬੁਤਾਲਾ (ਨਿਰਮਲ ਸਿੰਘ ਸੰਘਾ)**—ਲੇਖਕ ਅਦਾਕਾਰ ਕਲਾ ਮੰਚ ਖਡੂਰ ਸਾਹਿਬ ਵੱਲੋਂ ਕਰਵਾਏ ਗਏ ਇੱਕ ਸਾਹਿਤਕ ਸਮਾਗਮ ਦੌਰਾਨ ਗਾਇਕ ਲਖਵਿੰਦਰ ਉੱਪਲ ਦਾ ਸਿਗਲ ਟਰੈਕ ਗੀਤ ਲੋਕ ਵਿਰਸਾ ਲੋਕ ਅਰਪਣ ਕੀਤਾ ਗਿਆ। ਪਿੰਡ ਗਿੱਲ ਕਲੇਰ ਵਿਖੇ ਹੋਏ ਇਸ ਸਾਹਿਤਕ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ (ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ) ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ, ਜਦਕਿ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਸਰਪੰਚ ਬਲਵਿੰਦਰ ਸਿੰਘ, ਪ੍ਰਸਿੱਧ ਕਮੇਡੀਅਨ ਕਸ਼ਮੀਰ ਚਤਰੋ, ਕੋਚ ਜਸਵੰਤ ਸਿੰਘ ਗਿੱਲ, ਸਾਬਕਾ ਸਰਪੰਚ ਅਵਤਾਰ ਸਿੰਘ, ਸਲੀਮ ਸਲਵੰਤ ਸਿੰਘ ਪੁਰੇਵਾਲ ਆਦਿ ਹਾਜ਼ਰ ਸਨ ।ਇਸ ਮੌਕੇ ਗਾਇਕ ਮੱਖਣ ਭੈਣੀਵਾਲਾ ਤੇ ਗਾਇਕ ਲਖਵਿੰਦਰ ਸਿੰਘ ਉੱਪਲ ਨੇ ਆਪਣੇ ਗੀਤਾਂ ਰਾਹੀਂ ਚੰਗਾ ਰੰਗ ਬੰਨਿ ਆ ।ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਕਵੀ ਅਜੈਬ ਸਿੰਘ ਬੋਦੇਵਾਲ, ਸੁਬੇਗ ਸਿੰਘ ਮੀਆਂ ਵਿੰਡ, ਸ਼ੇਲਿੰਦਰਜੀਤ ਸਿੰਘ ਰਾਜਨ, ਮਾ: ਮਨਜੀਤ ਸਿੰਘ ਵੱਸੀ, ਸਤਨਾਮ ਸਿੰਘ ਸਰਾਂ ਤਲਵੰਡੀ, ਅੰਗਰੇਜ਼ ਸਿੰਘ ਖਡੂਰ ਸਾਹਿਬ, ਅਰਜਨ ਸਿੰਘ ਸਰਾਂ ਤਲਵੰਡੀ ਆਦਿ ਨੇ ਕਾਵਿ ਰਚਨਾਵਾਂ ਰਾਹੀਂ ਖੂਬ ਰੰਗ ਬੰਨਿ ਆ ।ਇਸ ਮੌਕੇ ਡਾ. ਰਮਨ ਕੁਮਾਰ, ਲਖਬੀਰ ਸਿੰਘ ਫੌਜੀ ਸਰਾਂ ਤਲਵੰਡੀ, ਸ਼ਮਸ਼ੇਰ ਸਿੰਘ ਸਰਾਂ ਤਲਵੰਡੀ, ਕਮਲਜੀਤ ਸਿੰਘ ਫੌਜੀ ਨਾਗੋਕੇ, ਸੁਨੀਤਾ ਰਾਣੀ, ਸਰਬਜੀਤ ਕੌਰ, ਹਰਲੀਨ ਕੌਰ, ਰੌਣਕਪ੍ਰੀਤ ਕੌਰ, ਪ੍ਰਧਾਨ ਗੁਰਪ੍ਰੀਤ ਸਿੰਘ ਪੁਰੇਵਾਲ ਮੱਖਣ ਸਿੰਘ ਉੱਪਲ, ਸੁਖਵਿੰਦਰ ਕੌਰ ਉੱਪਲ, ਨਿਰਮਲ ਸਿੰਘ ਉੱਪਲ, ਸੁਖਦੇਵ ਸਿੰਘ ਸਰਾਂ ਤਲਵੰਡੀ, ਰਣਜੀਤ ਸਿੰਘ ਸਰਾਂ ਤਲਵੰਡੀ, ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ। ਮੰਚ ਸੰਚਾਲਨ ਸਕੱਤਰ ਸਿੰਘ ਪੁਰੇਵਾਲ ਨੇ ਬਾਖੂਬੀ ਨਾਲ ਨਿਭਾਇਆ ।ਅਖ਼ੀਰ ਵਿੱਚ ਪ੍ਰਧਾਨ ਗੁਰਪ੍ਰੀਤ ਸਿੰਘ ਪੁਰੇਵਾਲ ਤੇ ਡਾ. ਰਮਨ ਕੁਮਾਰ ਵੱਲੋਂ ਪਹੁੰਚੀਆਂ ਹੋਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਕਾਰਪੋਰੇਟ ਵਿਰੋਧੀ ਦਿਹਾੜੇ ਵਜੋਂ ਮਨਾਉਣ ਦਾ ਫੈਸਲਾ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਸੰਯੁਕਤ ਕਿਸਾਨ ਮੋਰਚਾ ਦੇ ਫੈਸਲੇ ਅਨੁਸਾਰ ਮੋਰਚੇ ਵੱਲੋਂ ਦੇਸ਼ ਦੇ ਸ਼ਹੀਦਾਂ ਦੀ ਵਿਚਾਰਧਾਰਾ ਅਪਣਾਉਂਦਿਆਂ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਦੀ ਆਵਾਜ਼ ਬੁਲੰਦ ਕਰਨ ਹਿੱਤ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ 28 ਸਤੰਬਰ ਨੂੰ ਕਾਰਪੋਰੇਟ ਵਿਰੋਧੀ ਦਿਹਾੜੇ ਵਜੋਂ ਪੰਜਾਬ ਭਰ 'ਚ ਤਹਿਸੀਲ ਕੇਂਦਰਾਂ, ਕਸਬਿਆਂ ਆਦਿ ਵਿੱਚ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਇਲਾਕੇ ਭਰ ਦੀਆਂ ਐੱਸਕੇਐੱਮ 'ਚ ਸ਼ਾਮਿਲ ਜਥੇਬੰਦੀਆਂ ਹਿੱਸਾ ਲੈ ਰਹੀਆਂ ਹਨ। ਇਨ ਾਂ ਵਿਚਾਰਾਂ ਦਾ ਪ੍ਰਗਟਾਵਾ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਸਰਹੱਦੀ ਪਿੰਡ ਪੰਜੂਕਰਾਲ ਵਿਖੇ ਇੱਕ ਇਕੱਠ 'ਚ ਕੀਤਾ। ਉਨ ਾਂ ਅੱਗੇ ਕਿਹਾ ਕਿ ਇਸ ਕੜੀ ਤਹਿਤ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਕਾਰਪੋਰੇਟੀ ਵਿਰੋਧੀ ਦਿਵਸ ਵਜੋਂ ਮਨਾਉਣ ਲਈ ਅਜਨਾਲਾ ਵਿਖੇ ਹੋਰਨਾਂ ਪ੍ਰੋਗਰਾਮਾਂ ਤੋਂ ਇਲਾਵਾ ਸੈਮੀਨਾਰ ਵੀ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਡੀ ਗਿਣਤੀ 'ਚ ਇਲਾਕੇ ਭਰ 'ਚੋਂ ਕਿਸਾਨ, ਮਜ਼ਦੂਰ ਜਥੇਬੰਦੀਆਂ ਦੇ ਆਗੂ ਤੇ ਕਾਰਕੁਨ ਹਿੱਸਾ ਲੈ ਰਹੇ ਹਨ। ਇਸ ਇਕੱਠ 'ਚ ਇਹ ਵੀ ਫੈਸਲਾ ਲਿਆ ਗਿਆ ਕਿ 23 ਸਤੰਬਰ ਨੂੰ ਟਰੇਡ ਯੂਨੀਅਨਾਂ ਵੱਲੋਂ ਜਿਹੜਾ ਕਾਲਾ ਦਿਵਸ ਮਨਾਇਆ ਜਾ ਰਿਹਾ ਹੈ ਉਸਨੂੰ ਭਰਵਾਂ ਸਹਿਯੋਗ ਦਿੱਤਾ ਜਾਵੇਗਾ। ਇਸ ਸਮੇਂ ਜਮਹੂਰੀ ਕਿਸਾਨ ਸਭਾ ਪੰਜੂਕਰਾਲ ਦੇ ਪ੍ਰਧਾਨ ਸੱਤਪਾਲ ਸਿੰਘ, ਸਭਾ ਦੇ ਸੈਕਟਰੀ ਗੁਰਮੇਜ ਸਿੰਘ ਅਤੇ ਹੋਰ ਆਗੂਆਂ ਸੁਖਦੇਵ ਸਿੰਘ, ਜਸਬੀਰ ਸਿੰਘ ਸੋਨੀ, ਸਰਵਣ ਸਿੰਘ, ਰੇਸ਼ਮ ਸਿੰਘ, ਅਵਤਾਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।

# ਬੀਬੀ ਰਟੌਲ ਦੀ ਅਗਵਾਈ 'ਚ ਕਿਸਾਨਾਂ ਦੀ ਪੰਦਰਵਾੜਾ ਮੀਟਿੰਗ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ ਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਰਟੌਲ ਇਕਾਈ ਵੱਲੋਂ 15 ਦਿਨ ਵਾਲੀ ਮੀਟਿੰਗ ਕੀਤੀ ਗਈ ਜਿਸ ਦੀ ਅਗਵਾਈ ਜ਼ੋਨ ਆਗੂ ਬਲਜੀਤ ਸਿੰਘ ਰਟੌਲ ਨੇ ਕੀਤੀ।

ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਨਾਲ ਵਿਚਾਰਾਂ ਕਰਦੇ ਜ਼ੋਨ ਆਗੂ ਬਲਜੀਤ ਸਿੰਘ ਰਟੌਲ ਨੇ ਕਿਹਾ ਕਿ ਜਿਸ ਤਰੀਕੇ ਨਾਲ ਕੇਂਦਰ ਸਰਕਾਰ, ਸੂਬਾ ਸਰਕਾਰ ਲੋਕ ਮਾਰੂ ਨੀਤੀਆਂ ਲਾਗੂ ਕਰ ਰਹੀਆਂ ਹਨ। ਉਨ ਾਂ ਦਾ ਵਿਰੋਧ ਕਰਨ ਲਈ ਬੀਬੀਆਂ ਦਾ ਜੱਥੇਬੰਦ ਹੋਣਾ ਬਹੁਤ ਜ਼ਰੂਰੀ ਹੈ।ਸਰਕਾਰਾਂ ਆਏ ਦਿਨ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦੀ ਬਜਾਏ ਹੱਕੀ ਮੰਗਾਂ 'ਤੇ ਡਾਕਾ ਮਾਰ ਰਹੀਆਂ ਹਨ। ਕਿਸਾਨ ਆਗੂਆਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਫਲਸਫੇ ਤੇ ਚਲਦਿਆਂ ਔਰਤਾਂ ਨੂੰ ਬਰਾਬਰ ਦਾ ਅਧਿਕਾਰ ਦੇਣਾ ਚਾਹੀਦਾ। ਗੁਰੂ ਸਾਹਿਬ ਦੇ ਦਿੱਤੇ ਸੰਦੇਸ਼ ਨੂੰ ਹਰੇਕ ਵਰਗ ਵਿੱਚ ਲਾਗੂ ਕਰਨਾ ਹੈ।ਜਾਤ-ਪਾਤ ਨੂੰ ਸਮਾਜ ਵਿੱਚੋਂ ਖਤਮ ਕਰਕੇ ਸਾਂਝੀਵਾਲਤਾ ਦੇ ਦਿੱਤੇ ਉਪਦੇਸ਼ ਨੂੰ ਲਾਗੂ ਕਰਨਾ ਹੈ। 27 ਨੂੰ ਜ਼ਿਲੇ ਵੱਲੋਂ ਪਿੱਦੀ ਪਿੰਡ ਵਿਖੇ ਬੀਬੀਆਂ ਦੀ ਵੱਡੀ ਕਨਵੈਨਸ਼ਨ ਕੀਤੀ ਜਾ ਰਹੀ ਹੈ, ਜਿਸ ਵਿੱਚ ਬੀਬੀਆਂ ਦੀ ਚੋਣ ਜ਼ਿਲੇ ਦੇ ਢਾਂਚੇ ਲਈ ਕੀਤੀ ਜਾ ਰਹੀ ਹੈ। ਇਸ ਮੌਕੇ ਹਰਜਿੰਦਰ ਸਿੰਘ ਰਟੌਲ, ਮੁਖਤਾਰ ਸਿੰਘ ਰਟੌਲ, ਜਗਤਾਰ ਸਿੰਘ ਰਟੌਲ, ਸਰਦਾਰਾ ਸਿੰਘ ਰਟੌਲ, ਅਮਰੀਕ ਕੌਰ ਰਟੌਲ, ਬਲਵਿੰਦਰ ਕੌਰ ਰਟੌਲ ਅਤੇ ਸਰਬਜੀਤ ਕੌਰ ਰਟੌਲ ਹਾਜ਼ਰ ਸਨ।

# ਮਾਤਾ ਸਵਿੱਤਰੀ ਬਾਈ ਫੂਲੇ ਵੈੱਲਫੇਅਰ ਸੋਸਾਇਟੀ ਨੇ ਤੀਸਰਾ ਸਥਾਪਨਾ ਦਿਵਸ ਮਨਾਇਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਮਾਤਾ ਸਵਿਤਰੀ ਬਾਈ ਫੂਲੇ ਵੈੱਲਫੇਅਰ ਸੋਸਾਇਟੀ ਨੇ ਆਪਣੀ ਸੁਸਾਇਟੀ ਦਾ ਤੀਸਰਾ ਸਥਾਪਨਾ ਦਿਵਸ ਮਨਾਇਆ।ਇਸ ਮੌਕੇ ਵੱਖ-ਵੱਖ ਵਿਸ਼ਿਆਂ ਦੇ ਅਤੇ ਵੱਖ-ਵੱਖ ਜ਼ਿਲਿਆਂ ਦੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ।ਇਨ ਾਂ ਤੋਂ ਇਲਾਵਾ ਵੱਖ-ਵੱਖ ਸੁਸਾਇਟੀਆਂ ਜੋ ਸਮਾਜ ਦੀ ਭਲਾਈ ਲਈ ਕੰਮ ਕਰ ਰਹੀਆਂ ਹਨ, ਦੇ ਪ੍ਰਧਾਨ ਅਤੇ ਚੇਅਰਪਰਸਨ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ (ਬਜ਼ੁਰਗਾਂ ਦੇ ਵਿਹੜੇ ਵਿੱਚ) ਲੰਗਰ ਲਗਾਇਆ ਅਤੇ ਇਸ ਦੇ ਨਾਲ ਹੀ ਉਨ ਾਂ ਵੱਲੋਂ ਆਸ਼ਰਮ ਦੀ ਆਰਥਿਕ ਪੱਖੋਂ ਸਹਾਇਤਾ ਕੀਤੀ।ਉਨ ਾਂ ਨੇ ਕਿਹਾ ਕਿ ਅਸੀਂ ਪਿਛਲੇ ਤਿੰਨ ਸਾਲ ਤੋਂ ਬੱਚਿਆਂ ਦੀ ਅਤੇ ਸਮਾਜ ਦੀ ਭਲਾਈ ਲਈ ਵੱਖ-ਵੱਖ ਉਪਰਾਲੇ ਕਰ ਰਹੇ ਹਾਂ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਤੁਸੀਂ ਜੋ ਮਾਨਵਤਾ ਦੀ ਸੇਵਾ ਕਰ ਰਹੇ ਹੋ ਇਹ ਸਭ ਤੋਂ ਉੱਤਮ ਸੇਵਾ ਹੈ। ਅਸੀਂ ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਹਾਂ ਕਿ ਤੁਹਾਨੂੰ ਇਨ ਾਂ ਬਜ਼ੁਰਗਾਂ ਦੀ ਸੇਵਾ ਕਰਨ ਦਾ ਬਲ ਬਖਸ਼ੇ।ਇਸ ਮੌਕੇ ਮਾਤਾ ਸਵਿਤਰੀ ਬਾਈ ਫੂਲੇ ਸੁਸਾਇਟੀ ਪਠਾਨਕੋਟ ਦੇ ਚੇਅਰਪਰਸਨ ਦਰਸ਼ਨ ਲਾਲ ਪਾਠੀ, ਨਸੀਬ ਸਿੰਘ, ਗੁਲਸ਼ਨ ਕੁਮਾਰ, ਪ੍ਰਧਾਨ ਮਮਤਾ ਥਾਪਾ, ਕਾਂਤਾ ਦੇਵੀ, ਪੂਜਾ, ਮਾਸਟਰ ਜੀਤ ਰਾਮ, ਨਿਰਮਲਜੀਤ ਕੌਰ, (ਚੇਅਰ ਪਰਸਨ ਪਬਲਿਕ ਵਿਕਾਸ ਕੌਂਸਲਿੰਗ), ਪ੍ਰਧਾਨ ਨਿੰਦੀ ਮਗਿਆਲ, ਪਬਲਿਕ ਵਿਕਾਸ ਕੌਂਸਲਿੰਗ ਸੋਸਾਇਟੀ ਮੌਜੂਦ ਸਨ। ਇਸ ਦੇ ਨਾਲ ਹੀ ਆਸ਼ਰਮ ਪ੍ਰਬੰਧਕ ਮੈਡਮ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਨੇ ਆਏ ਹੋਏ ਅਧਿਆਪਕਾਂ ਤੇ ਟੀਮ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਸਰਪੰਚੀ ਦੇ ਉਮੀਦਵਾਰ ਵਿਕਰਮ ਸਿੰਘ ਢਿੱਲੋਂ ਦੇ ਹੱਕ 'ਚ ਲੋਕਾਂ ਦਾ ਭਾਰੀ ਸਮਰਥਨ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕਸਬਾ ਝਬਾਲ ਦੀ ਗ੍ਰਾਮ ਪੰਚਾਇਤ ਝਬਾਲ ਖਾਮ ਵਿਖੇ ਸਰਪੰਚੀ ਦੇ ਉਮੀਦਵਾਰ ਵਿਕਰਮ ਸਿੰਘ ਢਿੱਲੋਂ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਮਿਲਿਆ ਜਦੋਂ ਨੌਜਵਾਨ ਪ੍ਰਗਟ ਸਿੰਘ ਦੇ ਗ੍ਰਹਿ ਵਿਖੇ ਹੋਏ ਝਬਾਲ ਖਾਮ ਦੇ ਵਾਸੀਆਂ ਦੇ ਹੋਏ ਵੱਡੇ ਇਕੱਠ ਨੇ ਬਾਹਾਂ ਖੜੀਆਂ ਕਰਕੇ ਸਮਰਥਨ ਦਿੱਤਾ।ਇਸ ਮੌਕੇ ਵਿਕਰਮ ਸਿੰਘ ਢਿੱਲੋਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਤੁਸੀਂ ਸਰਪੰਚ ਬਣਾ ਦਿਉ, ਸਭ ਤੋਂ ਪਹਿਲਾਂ ਮੁੱਖ ਸਮਸਿਆ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਲਈ ਗੰਦੇ ਪਾਣੀ ਨੂੰ ਡਰੇਨ ਵਿੱਚ ਪਵਾ ਕੇ ਅਤੇ ਪੀਣ ਵਾਲੇ ਪਾਣੀ ਲਈ ਚੜ ਦੇ ਬੰਨੇ ਝਬਾਲ ਖਾਮ ਵਾਸੀਆਂ ਲਈ ਪਾਣੀ ਵਾਲੀ ਟੈਂਕੀ, ਲੋੜਵੰਦ ਪਰਿਵਾਰਾਂ ਨੂੰ ਆਟਾ ਦਾਲ ਸਕੀਮ ਤਹਿਤ ਲਾਭ ਦਿਵਾਵਾਂਗੇ।ਪਿੰਡ ਦੇ ਝਗੜਿਆਂ ਨੂੰ ਸੁਲਝਾਉਣ ਲਈ ਪੜੇ -ਲਿਖੇ ਤੇ ਬੁੱਧੀਜੀਵੀ ਵਿਅਕਤੀ ਦੀ ਕਮੇਟੀ ਨੌਜਵਾਨਾ ਕਮੇਟੀ ਅਤੇ ਔਰਤਾਂ ਦੀ ਕਮੇਟੀ ਬਣਾਈ ਜਾਵੇਗੀ ਜੋ ਇੱਕ ਥਾਂ ਬੈਠ ਕੇ ਮਾਮਲੇ ਹਰ ਤਰਾਂ ਦੇ ਮਾਮਲੇ ਹੱਲ ਕਰਿਆ ਕਰਨ ਵਿੱਚ ਸੁਹਾਈ ਹੋਣਗੀਆਂ।ਇਸ ਮੌਕੇ ਪ੍ਰਗਟ ਸਿੰਘ ਵੱਲੋਂ ਵਿਕਰਮ ਸਿੰਘ ਢਿੱਲੋਂ ਤੇ ਉਨਾਂ ਦੇ ਸਾਥੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦਿਆ ਵਿਸ਼ਵਾਸ ਦਿਵਾਇਆ ਕਿ ਉਹ ਤੇ ਉਨ ਾਂ ਦੇ ਵਿਹੜੇ ਇਕੱਤਰ ਪਰਿਵਾਰਕ ਮੈਂਬਰ ਤੇ ਪਿੰਡ ਵਾਸੀ ਉਨਾਂ ਦੇ ਹੱਕ 'ਚ ਡਟ ਕੇ ਖੜੇ ਹਨ ਜਦਕਿ ਸਾਬਕਾ ਥਾਣੇਦਾਰ ਅਜੀਤ ਸਿੰਘ, ਥਾਣੇਦਾਰ ਅਜਮੇਰ ਸਿੰਘ, ਥਾਣੇਦਾਰ ਬਲਵਿੰਦਰ ਸਿੰਘ, ਥਾਣੇਦਾਰ ਹਰਦੀਪ ਸਿੰਘ, ਸੁਖਦੇਵ ਸਿੰਘ, ਸੁਖਰਾਜ ਸਿੰਘ ਢਿੱਲੋਂ, ਬਲਰਾਜ ਸਿੰਘ ਢਿੱਲੋਂ ਹੈਪੀ, ਪੂਰਨ ਸਿੰਘ ਬੰਬੇ ਵਾਲੇ, ਪ੍ਰਧਾਨ ਸੰਤੋਖ ਸਿੰਘ ਝਬਾਲ, ਅਵਤਾਰ ਸਿੰਘ ਢਿੱਲੋਂ, ਬਚਿੱਤਰ ਸਿੰਘ ਬਿੱਟਾ, ਮਨਜੀਤ ਸਿੰਘ ਕੇਬਲ ਵਾਲੇ, ਕਾਮਰੇਡ ਸਾਬਕਾ ਮੈਂਬਰ ਪੂਰਨ ਸਿੰਘ, ਕਾਮਰੇਡ ਬਖਸ਼ੀਸ਼ ਸਿੰਘ ਢਿੱਲੋਂ, ਨੰਬਰਦਾਰ ਦਿਲਬਾਗ ਸਿੰਘ, ਨੰਬਰਦਾਰ ਗੁਰਮੇਜ ਸਿੰਘ, ਤਰਲੋਚਨ ਸਿੰਘ, ਕਸ਼ਮੀਰ ਸਿੰਘ ਫੌਜੀ, ਕਰਤਾਰ ਸਿੰਘ, ਮਿੰਨਕੀ, ਸਾਬਕਾ ਸਰਪੰਚ ਕੁਲਦੀਪ ਸਿੰਘ, ਹਰਭਾਲ ਸਿੰਘ ਭਾਲਾ, ਠੇਕੇਦਾਰ ਮਨਜੀਤ ਸਿੰਘ ਮਿੰਠੂ, ਹਰਜੀਤ ਸਿੰਘ ਜੀਤਾ, ਜੈਮਲ ਸਿੰਘ ਟੋਨਾ ਸਮੇਤ ਵੱਡੀ ਗਿਣਤੀ ਵਿਚ ਨੌਜਵਾਨ ਤੇ ਪਿੰਡ ਵਾਸੀ ਹਾਜ਼ਰ ਸਨ।

# ਮਹੇਸ਼ ਚੰਦਰਭਾਨੀ 'ਬਾਵਾ ਬਲਵੰਤ ਯਾਦਗਾਰੀ ਉਤਸ਼ਾਹਵਰਧਕ ਪੁਰਸਕਾਰ' ਨਾਲ ਸਨਮਾਨਿਤ

## ਕੁਲਜੀਤ ਸਿੰਘ ਰੰਧਾਵਾ ਦੇ ਕਾਵਿ ਸੰਗ੍ਰਹਿ 'ਸੱਚ ਦੇ ਰਾਹੀ' 'ਤੇ ਹੋਈ ਵਿਚਾਰ ਚਰਚਾ



**ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**-ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਜ਼ਿਲ ਾ ਸਾਹਿਤ ਕੇਂਦਰ ਗੁਰਦਾਸਪੁਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ, ਸ਼ਹੀਦ ਬਲਜੀਤ ਸਿੰਘ ਯਾਦਗਾਰੀ ਭਵਨ ਗੁਰਦਾਸਪੁਰ ਵਿਖੇ ਪੁਸਤਕ ਗੋਸ਼ਟੀ, ਸਨਮਾਨ ਸਮਾਰੋਹ ਤੇ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਲੇਖ ਰਾਜ, ਡਾ. ਰਾਜਵਿੰਦਰ ਕੌਰ ਨਾਗਰਾ, ਮੰਗਤ ਚੰਚਲ, ਮੱਖਣ ਕੁਹਾੜ, ਤਰਸੇਮ ਸਿੰਘ ਭੰਗੂ, ਗੁਰਮੀਤ ਸਿੰਘ ਬਾਜਵਾ, ਗੁਰਪ੍ਰੀਤ ਰੰਗੀਲਪੁਰ ਅਤੇ ਮਲਕੀਤ ਸਿੰਘ ਸੁਹਲ ਨੇ ਸਾਂਝੇ ਤੌਰ 'ਤੇ ਕੀਤੀ।ਸਮਾਗਮ ਦਾ ਵਿਧੀਵਤ ਆਰੰਭ ਬਟਾਲੇ ਤੋਂ ਆਏ ਲੋਕ ਪੀੜਾਂ ਦੇ ਤਰਜਮਾਨ ਸ਼ਾਇਰ ਵਿਜੇ ਅਗਨੀਹੋਤਰੀ ਦੇ ਗੀਤ ਨਾਲ ਕੀਤਾ ਗਿਆ।ਇਸ ਤੋਂ ਬਾਅਦ ਸਭਾ ਦੀ ਪ੍ਰਧਾਨ ਡਾ. ਰਾਜਵਿੰਦਰ ਕੌਰ ਨੇ ਹਾਲ ਵਿੱਚ ਹਾਜ਼ਰ ਅਦੀਬਾਂ, ਵਿਦਵਾਨਾਂ ਤੇ ਸਾਹਿਤ ਪ੍ਰੇਮੀਆਂ ਨੂੰ ਤਹਿ ਦਿਲੋਂ ਜੀ ਆਇਆਂ ਆਖਿਆ।ਕੁਲਜੀਤ ਸਿੰਘ ਰੰਧਾਵਾ ਦੇ ਕਾਵਿ ਸੰਗ੍ਰਹਿ ਸੱਚ ਦੇ ਰਾਹੀ' ਉਪਰ ਪੇਪਰ ਸੀਤਲ ਸਿੰਘ ਗੁੰਨੋਪੁਰੀ ਵੱਲੋਂ ਪੜਿ ਆ ਗਿਆ।ਵਿਚਾਰ ਚਰਚਾ ਵਿੱਚ ਭਾਗ ਲੈਂਦਿਆਂ ਮੱਖਣ ਕੁਹਾੜ ਅਤੇ ਸਰਬਜੀਤ ਸਿੰਘ ਚਾਹਲ ਨੇ ਜਿੱਥੇ ਪੜੇ ਗਏ ਪਰਚੇ ਦੀ ਸਰਾਹਨਾ ਕੀਤੀ ਓਥੇ ਲੇਖਕਾਂ/ਕਵੀਆਂ ਨੂੰ ਦਰਪੇਸ਼ ਚੁਣੌਤੀਆਂ ਉਤੇ ਵੀ ਚਾਨਣਾ ਪਾਇਆ ਗਿਆ।ਮੱਖਣ ਕੁਹਾੜ ਨੇ 6 ਅਕਤੂਬਰ 2024 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਅਮ੍ਰਿਤਸਰ ਵਿਖੇ ਨਵੀਂ ਸਿੱਖਿਆ ਨੀਤੀ ਬਾਰੇ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਵੀ ਸਭ ਲੇਖਕਾਂ ਨੂੰ ਵਧ-ਚੜ ਕੇ ਭਾਗ ਲੈਣ ਦੀ ਬੇਨਤੀ ਕੀਤੀ ਗਈ।ਬੂਟਾ ਰਾਮ ਆਜ਼ਾਦ ਨੇ ਸਨਮਾਨਿਤ ਕੀਤੇ ਜਾ ਰਹੇ ਲੋਕ ਕਵੀ ਮਹੇਸ਼ ਚੰਦਰਭਾਨੀ ਦੇ ਜੀਵਨ ਅਤੇ ਕਾਵਿਕ-ਸਫ਼ਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਤੋਂ ਬਾਅਦ ਮਹੇਸ਼ ਚੰਦਰਭਾਨੀ ਨੂੰ ਬਾਵਾ ਬਲਵੰਤ ਯਾਦਗਾਰੀ ਉਤਸ਼ਾਹ ਵਰਧਕ ਪੁਰਸਕਾਰ ਨਾਲ, ਸਨਮਾਨ ਪੱਤਰ, ਸ਼ਾਲ ਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।ਕੁਲਜੀਤ ਸਿੰਘ ਰੰਧਾਵਾ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਚੰਦਰਭਾਨੀ ਨੇ ਆਪਣੀਆਂ ਚੋਣਵੀਆਂ ਰਚਨਾਵਾਂ ਸੁਣਾ ਕੇ ਸ੍ਰੋਤਿਆਂ ਨੂੰ ਮੰਤਰਮੁਗਧ ਕੀਤਾ।

# ਕੀ ਹਰ ਵਾਰ ਮੰਗਾਂ ਦੇ ਹੱਲ ਲਈ.... (ਸ.ਫ਼ਾ 4 ਦੀ ਬਾਕੀ)

ਚਾਰ ਦਿਨਾਂ ਬਾਅਦ ਜੇਕਰ ਮੰਗਾਂ ਮੰਨਣੀਆਂ ਸਨ ਤਾਂ ਪਹਿਲੇ ਦਿਨ ਕਿਉਂ ਨਹੀਂ? ਇਹਨਾਂ ਦਿਨਾਂ ਵਿੱਚ ਰੈਵੇਨਿਊ ਦਾ ਵੱਡਾ ਘਾਟਾ ਪਿਆ । ਬਹੁਤੀਆਂ ਲਾਈਨਾਂ ਬੰਦ ਰਹੀਆਂ। ਕਈ ਬਿਜਲੀ ਘਰ ਫਲੈਸ਼ ਪੈਣ ਕਾਰਨ ਬੰਦ ਰਹੇ। ਲੋਕ ਤਰਾਹ-ਤਰਾਹ ਕਰਨ ਲੱਗ ਪਏ । ਜੇਕਰ ਇਹ ਸਮੂਹਿਕ ਛੁੱਟੀ ਹੋਰ ਵਧ ਜਾਂਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਜੋ ਅਣਜਾਣ ਸਟਾਫ ਬਿਜਲੀ ਘਰਾਂ ਵਿੱਚ ਲਾਇਆ ਸੀ ਜਾਂ ਜੋ ਲੋਕ ਆਪ-ਮੁਹਾਰੇ ਬਿਜਲੀ ਘਰਾਂ ਦੇ ਬ੍ਰੇਕਰਾਂ ਨੂੰ ਅਪ੍ਰੇਟ ਕਰਦੇ ਸਨ, ਨੂੰ ਫਲੈਸ਼ ਪੈਣ ਨਾਲ ਅਣਸੁਖਾਵੀਆਂ ਘਟਨਾਵਾਂ ਵਾਪਰਨ ਦਾ ਖਦਸ਼ਾ ਸੀ। ਪੂਰੇ ਪੰਜਾਬ ਵਿੱਚ ਬਿਜਲੀ ਸੰਬੰਧੀ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੀ ਥਾਂ ਅੰਬਾਰ ਲੱਗ ਗਏ। ਜਿੱਥੇ ਕਿਤੇ ਬਿਜਲੀ ਚੱਲ ਵੀ ਰਹੀ ਸੀ, ਲੋਕ ਡਰੇ ਹੋਏ ਪਾਣੀ ਵਾਲੀ ਮੋਟਰ ਦਾ ਬਟਨ ਦਿਨ ਵਿੱਚ 10 ਵਾਰ ਦੱਬਦੇ ਸਨ ਕਿ ਜੇਕਰ ਬੱਤੀ ਗੁੱਲ ਹੋ ਗਈ ਤਾਂ ਕਿਸੇ ਨੇ ਠੀਕ ਨਹੀਂ ਕਰਨੀ। ਇਸ ਤਰ੍ਹਾਂ ਦੇ ਨਤੀਜੇ ਆਉਣ ਨਾਲ ਬਿਜਲੀ ਨਿਗਮ ਤੇ ਸਰਕਾਰ ਦਾ ਅਕਸ ਲੋਕਾਂ ਵਿੱਚ ਡਿੱਗਿਆ ਹੈ ਕਿ ਸਰਕਾਰ ਕਰ ਕੀ ਰਹੀ ਹੈ? ਬਿਜਲੀ ਨਿਗਮ ਦੇ ਕਾਮੇ ਆਪਣੀਆਂ ਮੰਗਾਂ-ਮੁਸ਼ਕਲਾਂ ਦੀ ਪੂਰਤੀ ਸੰਬੰਧੀ ਮੈਨੇਜਮੈਂਟਾਂ ਤੇ ਸਰਕਾਰਾਂ ਨਾਲ ਪਿਛਲੇ ਲੰਬੇ ਸਮੇਂ ਤੋਂ ਟੇਬਲ ਟਾਕ ਦਾ ਰਸਤਾ ਅਪਣਾ ਕੇ ਮਸਲਿਆਂ ਨੂੰ ਨੇਪਰੇ ਚਾੜ੍ਹਨ ਲਈ ਚਾਰਾਜੋਈ ਕਰ ਰਹੇ ਸਨ, ਪਰੰਤੂ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ ਸੀ। ਹੁਣ ਮਾਮਲਾ ਨਵੀਆਂ ਲੀਹਾਂ 'ਤੇ ਚੜ੍ਹ ਚੁੱਕਾ ਹੈ ਕਿ ਬਿਜਲੀ ਕਾਮਿਆਂ ਨੂੰ ਆਪਣੀਆਂ ਸਮੱਸਿਆਵਾਂ ਦੇ ਢੁਕਵੇਂ ਹੱਲ ਲਈ ਹਰ ਵਾਰ ਬਿਜਲੀ ਸਪਲਾਈ ਨੂੰ ਰੱਬ ਆਸਰੇ ਛੱਡ ਕੇ ਸੜਕਾਂ 'ਤੇ ਡੇਰੇ ਲਾਉਣੇ ਪਿਆ ਕਰਨਗੇ, ਫਿਰ ਕਿਧਰੇ ਹੱਲ ਨਿਕਲਣ ਦੀ ਉਮੀਦ ਹੋਵੇਗੀ । ਮੈਨੇਜਮੈਂਟਾਂ ਤੇ ਸਰਕਾਰ ਦਾ ਇਹ ਪੈਂਤੜਾ ਸਹੀ ਨਹੀਂ, ਨਿੰਦਣਯੋਗ ਹੈ ਕਿ ਬਿਜਲੀ ਕਰਮਚਾਰੀਆਂ ਦਾ ਤਮਾਸ਼ਾ ਬਣਾ ਕੇ ਉਹਨਾਂ ਦੀ ਜੱਥੇਬੰਦਕ ਤਾਕਤ ਨੂੰ ਪਰਖਿਆ ਜਾਵੇ । ਰਿਜ਼ਲਟ ਸਭ ਦੇ ਸਾਹਮਣੇ ਹਨ, ਕਹਿਣ ਦੀ ਲੋੜ ਹੀ ਨਹੀਂ । ਉਹ ਭਲਿਓ ਮਾਣਸੋ ਇਹ 30 ਹਜ਼ਾਰ ਦੇ ਕਰੀਬ ਕਾਮਿਆਂ ਵਿੱਚੋਂ ਅਫਸਰ ਕੱਢਣੇ ਬਾਕੀ ਹਨ, 70 ਹਜ਼ਾਰ ਦੇ ਕਰੀਬ ਸੈਂਕਸ਼ਡ ਪੋਸਟਾਂ ਦਾ ਬੋਝ ਆਪਣੇ ਮੋਢਿਆਂ 'ਤੇ ਚੱਕ ਕੇ, ਨਾ ਦਿਨ ਦੇਖਦੇ ਹਨ, ਨਾ ਰਾਤ ਦੇਖਦੇ ਹਨ, ਪੰਜਾਬ ਵਾਸੀਆਂ ਦੇ ਵਿਹੜੇ ਚਾਨਣ ਖਿਲਾਰਨ ਲਈ ਆਪਣੇ ਪਰਵਾਰਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੀਆਂ ਕੀਮਤੀ ਜਾਨਾਂ ਕੌਡੀਆਂ ਦੇ ਭਾਅ, ਕੁਰਬਾਨੀਆਂ ਦੇ ਕੇ ਫੇਰ ਵੀ ਖਿੜੇ ਮੱਥੇ ਸਭ ਦੇ ਮਸਲੇ ਹੱਲ ਕਰਨ ਲਈ ਤੱਤਪਰ ਰਹਿੰਦੇ ਹਨ, ਪਰ ਸਰਕਾਰਾਂ ਤਾਂ ਇਹਨਾਂ ਦੀ ਕੁਰਬਾਨੀ ਦਾ ਮੁੱਲ ਮੋੜਨ ਲਈ ਵੀ ਧਰਨੇ ਲਵਾ ਕੇ ਇੱਕ ਕਰੋੜ ਦੀ ਆਰਥਿਕ ਸਹਾਇਤਾ ਤੇ ਸ਼ਹੀਦ ਦਾ ਦਰਜਾ ਦੇਣ ਲਈ ਘਾਟਾ-ਵਾਧਾ ਕਰਨ ਲਈ ਕਹਿ ਕੇ ਸਿਰਫ 30 ਲੱਖ ਮੁਆਵਜ਼ਾ ਰਾਸ਼ੀ ਦਾ ਐਲਾਨ ਕਰਨ ਲਈ ਸਹਿਮਤ ਹੋਈ ਹੈ । ਅਸਲ ਵਿੱਚ ਮਾਣਯੋਗ ਮੁੱਖ ਮੰਤਰੀ ਨੂੰ ਮੁਆਵਜ਼ਾ ਰਾਸ਼ੀ ਪੰਜ ਕਰੋੜ ਐਲਾਨ ਕਰ ਦੇਣੀ ਚਾਹੀਦੀ ਹੈ ਤੇ ਇਸ ਦਾ ਕਾਰਨ ਇਹ ਕਹਿਣਾ ਚਾਹੀਦਾ ਹੈ ਕਿ ਅਸੀਂ ਕਿਸੇ ਨੂੰ ਪੰਜ ਕਰੋੜ ਦੇਵਾਂਗੇ ਹੀ ਨਹੀਂ, ਕਿਉਂਕਿ ਸਾਡਾ ਬਿਜਲੀ ਸਿਸਟਮ ਅਸੀਂ ਵਿਦੇਸ਼ਾਂ ਤੋਂ ਵੱਧ ਨਵੀਆਂ ਤਕਨੀਕਾਂ ਨਾਲ ਸੁਧਾਰ ਕਰਕੇ ਨਵੀਨੀਕਰਨ ਕਰ ਦਿੱਤਾ ਹੈ। ਕੋਈ ਮਨੁੱਖ ਤਾਂ ਕੀ ਪੰਛੀ ਵੀ ਇਹਦੀ ਲਪੇਟ ਵਿੱਚ ਆ ਕੇ ਜਾਨ ਨਹੀਂ ਗਵਾਏਗਾ।

ਸਰਕਾਰਾਂ ਬਿਜਲੀ ਨਿਗਮ ਨੂੰ ਜਿਉਂਦਾ ਰੱਖਣ ਲਈ ਸੁਹਿਰਦ ਨਹੀਂ ਹਨ। ਪਾਵਰਕਾਮ ਦੇ ਕੰਮਾਂ ਨੂੰ ਲਗਾਤਾਰ ਕਾਰਪੋਰੇਟ ਘਰਾਣਿਆਂ ਦੀ ਝੋਲੀ ਪਾਇਆ ਜਾ ਰਿਹਾ ਹੈ। ਪਹਿਲਾਂ ਬਿਜਲੀ ਬੋਰਡ ਆਪਣੇ ਅਧੀਨ ਡੇਲੀਵੇਜਿਜ਼ ਜਾਂ ਵਰਕਚਾਰਜ ਕਾਮੇ ਭਰਤੀ ਕਰਕੇ ਉਹਨਾਂ ਨੂੰ ਯੋਗ ਬਣਾ ਕੇ ਰੈਗੂਲਰ ਪੋਸਟਾਂ 'ਤੇ ਪ੍ਰਮੋਸ਼ਨਾਂ ਰਾਹੀਂ ਜ਼ਿੰਮੇਵਾਰ ਮੁਲਾਜ਼ਮ ਬਣਾਉਂਦਾ ਸੀ। ਹੁਣ ਸਾਰੇ ਕੰਮ ਠੇਕੇਦਾਰੀ ਸਿਸਟਮ ਰਾਹੀਂ ਕਰਵਾਉਣ ਕਰਕੇ ਕੱਚੇ ਕਾਮੇ ਠੇਕੇਦਾਰ ਹੀ ਆਪਣੇ ਅਧੀਨ ਰੱਖ ਕੇ ਉਹਨਾਂ ਦੀ ਆਰਥਿਕ ਲੁੱਟ ਕਰਦਾ ਹੈ। ਬਿਜਲੀ ਨਿਗਮ ਤਾਂ ਉਹਨਾਂ ਲਈ ਠੇਕੇਦਾਰਾਂ ਨੂੰ ਬਣਦੀ ਯੋਗ ਰਾਸ਼ੀ ਹੀ ਪੇ ਕਰਦਾ ਹੈ। ਬਿਜਲੀ ਨਿਗਮ ਨੇ ਭਰਤੀ ਕਰਨ ਵੇਲੇ ਵਿਦਿਅਕ ਯੋਗਤਾ ਅਧੀਨ ਇੰਜੀਨੀਅਰ ਦੀ ਪੜ੍ਹਾਈ ਲਈ ਸ਼ਰਤਾਂ ਰੱਖੀਆਂ ਸਨ, ਜਿਸਦੇ ਤਹਿਤ ਇੰਜੀਨੀਅਰ ਭਰਤੀ ਕੀਤੇ, ਪ੍ਰੰਤੂ ਉਹਨਾਂ ਨੂੰ ਇੰਜੀਨੀਅਰ ਬਣਾਉਣ ਦੀ ਥਾਂ ਦਸਤਖਤ ਕਰਨ ਵਾਲੇ ਅਫਸਰ ਜਾਂ ਅਧਿਕਾਰੀ ਬਣਾ ਕੇ ਰੱਖ'ਤਾ। ਬਿਜਲੀ ਨਿਗਮ ਅੰਦਰ ਖੇਤੀਬਾੜੀ ਯੂਨੀਵਰਸਿਟੀ ਦੀ ਤਰ੍ਹਾਂ ਬਿਜਲੀ ਬਾਰੇ ਖੋਜ ਕੇਂਦਰ ਸਥਾਪਤ ਕਰਨਾ ਸੀ, ਜਿਸ ਵਿੱਚ ਮਕੈਨੀਕਲ ਤੇ ਇਲੈਕਟਰੀਕਲ ਦੇ ਇੰਜੀਨੀਅਰ ਵੱਖ-ਵੱਖ ਖੋਜਾਂ ਕਰਕੇ ਬਿਜਲੀ ਸਿਸਟਮ ਵਿੱਚ ਲੋੜੀਂਦੇ ਸਮੇਂ ਅਨੁਸਾਰ ਸੁਧਾਰ ਕਰਕੇ ਬਿਜਲੀ ਪੈਦਾ ਕਰਕੇ ਵੰਡਣ ਤੱਕ ਦੇ ਲਾਗਤ ਮੁੱਲ ਨੂੰ ਘਟਾ ਕੇ ਵੱਧ ਮੁਨਾਫੇ ਅਤੇ ਜਨਤਾ ਨੂੰ ਬਿਹਤਰ ਸੇਵਾਵਾਂ ਦੇਣ ਲਈ ਖੋਜ ਕਾਰਜਾਂ ਨੂੰ ਅੰਜਾਮ ਦਿੰਦੇ। ਇਹ ਖੋਜ ਕੇਂਦਰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਣਾ ਚਾਹੀਦਾ ਸੀ। ਜਿਸ ਵਿੱਚ ਪੂਰੇ ਦੇਸ਼ ਦੇ ਇੰਜੀਨੀਅਰ ਖੋਜਾਂ ਕਰਨ ਲਈ ਆ ਕੇ ਆਪਣਾ ਯੋਗਦਾਨ ਪਾਉਂਦੇ । ਸਰਕਾਰ ਨੇ ਸਸਤੀ ਬਿਜਲੀ ਪੈਦਾ ਕਰਨ ਵਾਲੇ ਸਰਕਾਰੀ ਥਰਮਲ ਬੰਦ ਕਰਕੇ ਉਹਨਾਂ ਦੀ ਜ਼ਮੀਨ ਤੇ ਮਟੀਰੀਅਲ ਨੂੰ ਕੌਡੀਆਂ ਦੇ ਭਾਅ ਠੇਕੇਦਾਰਾਂ ਨੂੰ ਵੇਚਿਆ ਹੈ, ਨੂੰ ਬੰਦ ਕਰਨ ਦੀ ਉੱਕਾ ਹੀ ਲੋੜ ਨਹੀਂ ਪੈਣੀ ਸੀ। ਸਾਡੇ ਇੰਜੀਨੀਅਰ ਇਹ ਖੋਜਾਂ ਕਰਦੇ ਕਿ ਇਹਨਾਂ ਥਰਮਲ ਪਲਾਂਟਾਂ ਵਿੱਚ ਨਵੀਆਂ ਤਕਨੀਕਾਂ ਨਾਲ ਕਿਸ ਤਰ੍ਹਾਂ ਸਸਤੀ ਬਿਜਲੀ ਪੈਦਾ ਕਰਕੇ ਪੰਜਾਬ ਵਾਸੀਆਂ ਨੂੰ ਦਿੱਤੀ ਜਾ ਸਕਦੀ ਹੈ । ਨਾਲ-ਨਾਲ ਇਹ ਥਰਮਲ ਜਾਂ ਸਾਡਾ ਖੋਜ ਕੇਂਦਰ ਨਵੇਂ ਇੰਜੀਨੀਅਰ ਪੈਦਾ ਕਰਨ ਤੇ ਰੁਜ਼ਗਾਰ ਦੇ ਵੱਡੇ ਸਾਧਨ ਹੋ ਨਿਬੜਨੇ ਸਨ, ਜਿਸ ਨਾਲ ਪੂਰੇ ਦੇਸ਼ ਦੀਆਂ ਨਜ਼ਰਾਂ ਪੰਜਾਬ ਦੇ ਖੋਜ ਕੇਂਦਰ 'ਤੇ ਟਿਕ ਜਾਣੀਆਂ ਸਨ। ਉਮੀਦ ਸੀ ਕਿ ਸੰਘਰਸ਼ਾਂ ਵਿੱਚੋਂ ਨਿੱਕਲੀ ਪਾਰਟੀ ਦੀ ਸਰਕਾਰ ਬਣਨ 'ਤੇ ਪੰਜਾਬ ਦੇ ਮੁਲਾਜ਼ਮ ਵਰਗ ਨੂੰ ਸੰਘਰਸ਼ ਕਰਨ ਦੀ ਲੋੜ ਨਹੀਂ ਪਵੇਗੀ, ਪ੍ਰੰਤੂ ਇਹ ਭੁਲੇਖਾ ਵੀ ਆਪ ਸਰਕਾਰ ਨੇ ਦੂਰ ਕਰ ਦਿੱਤਾ ਹੈ ।

*# ਸੰਪਰਕ : 96462-00468*


**ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ**

HINDUJA HOUSING FINANCE

ਕਾਰਪੋਰੇਟ ਦਫਤਰ : ਨੰ. 167-169, ਦੂਜੀ ਮੰਜ਼ਲ, ਅੰਨਾ ਸਲਾਏ, ਸੈਦਾਪੇਟ ਚੇਨਈ-600015, ਈ-ਮੇਲ : auction@hindujahousingfinance.com

ਬਰਾਂਚ ਦਫਤਰ : ਇੰਪੀਰੀਆ ਟਾਵਰਜ਼, ਚੌਥੀ ਮੰਜ਼ਲ, ਬੀ-15-79, ਏ/1, ਜੀ. ਟੀ. ਰੋਡ, ਨੇੜੇ ਵਿਸ਼ਵਕਰਮਾ ਚੌਕ ਅਬਾਦੀ ਨਿਰੰਕਾਰੀ ਮੁਹੱਲਾ, ਪਿੰਡ ਸੈਦਾਂ, ਲੁਧਿਆਣਾ-141003 ਵਿਖੇ ਸਥਿਤ

ਏ ਐੱਲ ਐੱਮ-ਅਰੁਣ ਮੋਹਨ ਸ਼ਰਮਾ, 8800898999, ਆਰ ਆਰ ਐੱਮ-ਅਮਿਤ ਕੌਸ਼ਿਕ, 9587088333, ਸੀ ਐੱਲ ਐੱਮ-ਨਵਦੀਪ ਸਿੰਘ, 9417228045, ਸੀ ਆਰ ਐੱਮ-ਰਾਹੁਲ ਸ਼ਰਮਾ , 9815400176

**ਸੰਕੇਤਕ ਕਬਜ਼ਾ ਸੂਚਨਾ**

ਜਦਕਿ ਨਿਮਨ ਹਸਤਾਖਰੀ ਨੇ ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਓਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ 2002 (ਨੰ. 3 ਆਫ 2002) ਅਧੀਨ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਪ੍ਰਾਪਤ ਤਾਕਤਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਸਾਹਮਣੇ ਮਿਤੀਆਂ ਨੂੰ ਇੱਕ ਡਿਮਾਂਡ ਨੋਟਿਸ ਜਾਰੀ ਕੀਤਾ ਸੀ ਅਤੇ ਕਰਜ਼ਦਾਰ (ਇਸ ਤੋਂ ਬਾਅਦ ਕਰਜ਼ਦਾਰ ਅਤੇ ਗਰੰਟਰਾਂ ਨੂੰ ਸਾਂਝੇ ਰੂਪ 'ਚ "ਕਰਜ਼ਦਾਰਾਂ" ਵਜੋਂ ਹਵਾਲਾ ਦਿੱਤਾ ਗਿਆ) ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਅੰਦਰ ਰਾਸ਼ੀ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਸਕਿਊਰਿਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਨਿਯਮ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰ/ਗਰੰਟਰ ਨੂੰ ਖਾਸ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਸੰਬੰਧੀ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕੋਈ ਵੀ ਸੌਦੇਬਾਜ਼ੀ ਫੁੱਟਕਲ ਖਰਚਿਆਂ, ਲਾਗਤਾਂ, ਦੇਣਦਾਰੀਆਂ ਆਦਿ ਸਮੇਤ ਠੇਕਾ ਦਰ 'ਤੇ ਦਰਸਾਈ ਗਈ ਰਕਮ ਉਪਰ ਭਵਿੱਖੀ ਵਿਆਜ ਸਹਿਤ ਬਣਦੀ ਰਾਸ਼ੀ ਲਈ ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰਾਂ ਦਾ ਸੁਰੱਖਿਆ ਐੱਸਟਸ ਨੂੰ ਛੁਡਾਉਣ ਲਈ ਉਪਲੱਬਧ ਸਮੇਂ ਦੇ ਸੰਬੰਧ ਵਿੱਚ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਧਿਆਨ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰਾਂ/ਗਰੰਟਰਾਂ ਦੇ ਨਾਂਅ | ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ | ਬਕਾਇਆ ਰਾਸ਼ੀ | ਅਚੱਲ ਜਾਇਦਾਦ ਦੇ ਵੇਰਵੇ |
|---|---|---|---|---|
| 1 | ਅਰਜ਼ੀ ਨੰ. PJ/LUD/LUDN/A000000014 CO/CPC/CPOF/A000000787 ਸ੍ਰੀ ਹਰਪ੍ਰੀਤ ਸਿੰਘ ਅਤੇ ਸ੍ਰੀਮਤੀ ਗਗਨਦੀਪ ਕੌਰ, ਦੋਵੇਂ ਵਾਸੀ : ਲੀਲਾ ਮਲਹੋਤਰਾ ਹਾਊਸ ਨੰ. 2108 ਬ੍ਰੋਨ ਰੋਡ, ਅਹਾਤਾ ਮੁਹੰਮਦ ਤਾਇਰ, ਲੁਧਿਆਣਾ, ਅਰਬਨ ਲੁਧਿਆਣਾ, ਪੰਜਾਬ, ਭਾਰਤ-141008 | 04-05-2024 20-09-2024 ਸੰਕੇਤਕ | ਰੁਪਏ 23,81,022/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਐੱਮ ਸੀ ਐੱਲ ਨੰ. ਬੀ-XI-2108 ਰਕਬਾ 90 ਵਰਗ ਗਜ਼ 'ਸ਼ਹਿਰ ਲੁਧਿਆਣਾ' ਇਲਾਕਾ 'ਹਾਤਾ ਮੁਹੰਮਦ ਤਾਇਰ' ਵਜੋਂ ਜਾਣਿਆ ਜਾਂਦਾ, ਅਹਾਤਾ ਮੁਹੰਮਦ ਤਾਇਲ, ਤਹਿ. ਤੇ ਜ਼ਿਲ੍ਹਾ ਲੁਧਿਆਣਾ, ਨੇੜੇ ਸੀ ਐੱਮ ਸੀ ਹਸਪਤਾਲ, ਛੇਵੀਂ ਪਾਤਸ਼ਾਹੀ ਗੁਰਦਵਾਰਾ ਸਾਹਿਬ ਦੇ ਪਿੱਛੇ, ਸੈਮੀਅਰਬਨ, ਲੁਧਿਆਣਾ, ਪੰਜਾਬ, ਭਾਰਤ-141008 ਵਿਖੇ ਸਥਿਤ। |
| 2 | ਅਰਜ਼ੀ ਨੰ. PJ/LUD/LUDN/A000000481 CO/CPC/CPOF/A000001352 ਸ੍ਰੀ ਚਰਨਪਾਲ ਸਿੰਘ ਰਾਏ ਤੇ ਸ੍ਰੀਮਤੀ ਰਮਨਜੀਤ ਕੌਰ, ਦੋਵੇਂ ਵਾਸੀ : ਮਕਾਨ ਨੰ. 105, ਵਾਰਡ ਨੰ. 8, ਦਸ਼ਮੇਸ਼ ਨਗਰ ਦੋਰਾਹਾ, ਲੁਧਿਆਣਾ, ਲੁਧਿਆਣਾ ਮੈਟਰੋ, ਲੁਧਿਆਣਾ, ਪੰਜਾਬ, ਭਾਰਤ-141001 | 08-05-2024 20-09-2024 ਸੰਕੇਤਕ | ਰੁਪਏ 30,31,706/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਖਾਤਾ ਨੰ. 325-326/412, ਖਸਰਾ ਨੰ. 1046 (3-10), 1047 (16-1), ਦਸ਼ਮੇਸ਼ ਨਗਰ, ਐੱਸ ਬੀ ਐੱਸ ਨਗਰ, ਮੌਜਾ ਹਦੈਚਾ, ਹਦਬਸਤ ਨੰ. 248, ਦੋਰਾਹਾ, ਤਹਿ. ਪਾਇਲ, ਦੋਰਾਹਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141421 |
| 3 | ਅਰਜ਼ੀ ਨੰ. PJ/LUD/LUDN/A000000570 CO/CPC/CPOF/A000002730 ਸ੍ਰੀ ਲਖਵੀਰ ਕੁਮਾਰ ਅਤੇ ਸ੍ਰੀਮਤੀ ਰਾਜ ਰਾਣੀ, ਦੋਵੇ ਵਾਸੀ : ਮਕਾਨ ਨੰ. 3696 ਏ, ਗਲੀ ਨੰ. 07, ਕਾਕੋਵਾਲ ਰੋਡ, ਗਗਨਦੀਪ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ, ਭਾਰਤ-141007 | 08-05-2024 20-09-2024 ਸੰਕੇਤਕ | ਰੁਪਏ 11,91,643/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਕਾਕੋਵਾਲ, ਮਕਾਨ ਨੰ. 80, ਲੁਧਿਆਣਾ, ਕਾਕੋਵਾਲ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141001 |
| 4 | ਅਰਜ਼ੀ ਨੰ. PJ/LUD/LUDN/A000000114 CO/CPC/CPOF/A000000989 ਸ੍ਰੀ ਅੰਕਿਤ ਕਾਲੜਾ ਅਤੇ ਸ੍ਰੀਮਤੀ ਵੀਨਾ ਰਾਣੀ, ਦੋਵੇਂ ਵਾਸੀ : ਮਕਾਨ ਨੰ. 181, ਕਿਚਲੂ ਨਗਰ, ਲੁਧਿਆਣਾ, ਪੰਜਾਬ, ਭਾਰਤ-141001 | 08-05-2024 19-09-2024 ਸੰਕੇਤਕ | ਰੁਪਏ 30,08,830/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਪਲਾਟ ਨੰ. 15, ਏਰੀਆ 291 ਵਰਗ ਗਜ਼, ਪਿੰਡ ਅਯਾਲੀ ਖੁਰਦ, ਅਬਾਦੀ ਹੈਰੀਟੇਜ਼ ਕਾਲੋਨੀ, ਲੁਧਿਆਣਾ, ਅਬਾਦੀ ਹੈਰੀਟੇਜ਼ ਕਾਲੋਨੀ, ਲੁਧਿਆਣਾ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141010 |
| 5 | ਅਰਜ਼ੀ ਨੰ. PJ/LUD/LUDN/A000000093 CO/CPC/CPOF/A000001006 ਸ੍ਰੀ ਪ੍ਰੀਤਇੰਦਰ ਸਿੰਘ ਅਤੇ ਸ੍ਰੀਮਤੀ ਰਮਨਪ੍ਰੀਤ ਕੌਰ, ਦੋਵੇਂ ਵਾਸੀ : ਮਕਾਨ ਨੰ. 36/980, ਗੁਰੂ ਅਮਰਦਾਸ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ, ਭਾਰਤ-141012 | 08-05-2024 20-09-2024 ਸੰਕੇਤਕ | ਰੁਪਏ 23,97,668/- ਮਿਤੀ 30.04.2024 ਅਨੁਸਾਰ ਜਮ੍ਹਾਂ ਇਸ ਉਪਰ ਵਿਆਜ | ਮਕਾਨ ਏਰੀਆ 153 ਵਰਗ ਗਜ਼, ਗੁਰੂ ਅਮਰਦਾਸ ਨਗਰ, ਪਿੰਡ ਸੁਨੇਤ, ਲੁਧਿਆਣਾ, ਅਮਰਦਾਸ ਨਗਰ, ਪਿੰਡ ਸੁਨੇਤ, ਲੁਧਿਆਣਾ, ਅਰਬਨ, ਲੁਧਿਆਣਾ, ਪੰਜਾਬ, ਭਾਰਤ-141012 |

ਮਿਤੀ : 23-09-2024, ਸਥਾਨ : ਪੰਜਾਬ ਅਧਿਕਾਰਤ ਅਫਸਰ , ਹਿੰਦੂਜਾ ਹਾਊਸਿੰਗ ਫਾਇਨਾਂਸ ਲਿਮਟਿਡ

ਨਵਾਂ ਜ਼ਮਾਨਾ
ਮੰਗਲਵਾਰ, 24 ਸਤੰਬਰ 2024

# ਸੁਨਹਿਰੀ ਜਿੱਤਾਂ

*ਹੰਗਰੀ ਦੀ ਰਾਜਧਾਨੀ ਬੁਡਾਪੇਸਟ ਵਿਚ ਖੇਡੇ ਗਏ 45ਵੇਂ ਚੈੱਸ ਉਲੰਪਿਆਡ ਵਿਚ ਭਾਰਤ ਦੀ ਪ੍ਰਾਪਤੀ ਨੇ ਪੈਰਿਸ ਉਲੰਪਿਕ ਖੇਡਾਂ ਵਿਚ ਸੋਨ ਤਮਗਾ ਨਾ ਜਿੱਤ ਸਕਣ ਦਾ ਦਰਦ ਕਾਫੀ ਘਟਾ ਦਿੱਤਾ, ਜਦੋਂ ਐਤਵਾਰ ਭਾਰਤ ਨੇ ਮਰਦਾਂ ਤੇ ਮਹਿਲਾਵਾਂ ਦੇ ਮੁਕਾਬਲਿਆਂ ਵਿਚ ਸੋਨੇ ਦੇ ਤਮਗੇ ਜਿੱਤੇ। ਇਸ ਉਲੰਪਿਆਡ ਵਿਚ 195 ਦੇਸ਼ਾਂ ਦੀਆਂ 197 ਮਰਦਾਂ ਤੇ 181 ਦੇਸ਼ਾਂ ਦੀਆਂ 183 ਮਹਿਲਾਵਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਗਰੈਂਡ ਮਾਸਟਰ ਡੀ ਗੁਕੇਸ਼, ਅਰਜੁਨ ਐਰੀਗੇਸੀ ਤੇ ਆਰ ਪ੍ਰਗਯਾਨਾਨੰਦਾ ਨੇ ਓਪਨ ਵਰਗ 'ਚ ਸਲੋਵੇਨੀਆ ਖਿਲਾਫ ਗਿਆਰਵੇਂ ਦੌਰ ਵਿਚ ਆਪਣੇ ਮੈਚ ਜਿੱਤ ਕੇ ਸੋਨ ਤਮਗਾ ਜਿੱਤਿਆ, ਜਦਕਿ ਮਹਿਲਾਵਾਂ ਦੀ ਟੀਮ ਨੇ ਅਜ਼ਰਬਾਈਜਾਨ ਨੂੰ 3.5-0.5 ਨਾਲ ਹਰਾ ਕੇ ਸੋਨੇ ਦਾ ਤਮਗਾ ਜਿੱਤਿਆ। ਮਹਿਲਾਵਾਂ ਵਿਚ ਡੀ ਹਰਿਕਾ ਦ੍ਰੋਣਾਵੱਲੀ ਨੇ ਪਹਿਲੀ ਬਾਜ਼ੀ ਜਿੱਤੀ, ਆਰ ਵੈਸ਼ਾਲੀ ਰਮੇਸ਼ਬਾਬੂ ਬਰਾਬਰ ਖੇਡੀ ਤੇ ਵੰਤਿਕਾ ਅਗਰਵਾਲ ਨੇ ਜਿੱਤ ਹਾਸਲ ਕਰਕੇ ਸੋਨੇ ਦਾ ਤਮਗਾ ਪੱਕਾ ਕਰ ਦਿੱਤਾ।*

*ਇਸ ਤੋਂ ਪਹਿਲਾਂ ਭਾਰਤ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਸਿਰਫ ਦੋ ਕਾਂਸੀ ਤਮਗੇ ਜਿੱਤਣ ਦਾ ਰਿਹਾ ਹੈ। ਇਹ ਤਮਗੇ 2014 ਤੇ 2022 ਵਿਚ ਜਿੱਤੇ ਸਨ। ਸਾਬਕਾ ਸੋਵੀਅਤ ਯੂਨੀਅਨ 18 ਸੋਨੇ, ਅਮਰੀਕਾ 6 ਸੋਨੇ ਤੇ ਰੂਸ 6 ਸੋਨੇ ਦੇ ਤਮਗੇ ਜਿੱਤਣ ਵਾਲੇ ਹੁਣ ਤੱਕ ਦੇ ਸਭ ਤੋਂ ਕਾਮਯਾਬ ਦੇਸ਼ ਰਹੇ ਹਨ।*

*ਚੈੱਸ (ਸ਼ਤਰੰਜ) ਉਲੰਪਿਆਡ ਉਲੰਪਿਕ ਖੇਡਾਂ ਵਰਗਾ ਹੀ। ਇਸ ਦਾ ਸਭ ਤੋਂ ਪਹਿਲਾ ਆਯੋਜਨ 1924 ਵਿਚ ਪੈਰਿਸ ਵਿਚ ਹੋਇਆ ਸੀ। ਉਸੇ ਸਾਲ ਉਲੰਪਿਕ ਖੇਡਾਂ ਦੀ ਸ਼ੁਰੂਆਤ ਹੋਈ ਸੀ। ਇਹ ਹਰ ਦੋ ਸਾਲ ਬਾਅਦ ਹੁੰਦਾ ਹੈ।*

*ਟੂਰਨਾਮੈਂਟ ਵਿਚ ਭਾਰਤ ਨੇ ਨਾ ਸਿਰਫ ਮਰਦਾਂ ਤੇ ਮਹਿਲਾਵਾਂ ਦੇ ਟੀਮ ਈਵੈਂਟ ਵਿਚ ਸੋਨੇ ਤਮਗੇ ਜਿੱਤੇ, ਸਗੋਂ ਗੁਕੇਸ਼, ਅਰਜੁਨ, ਹਰਿਕਾ, ਦਿਵਿਆ ਦੇਸ਼ਮੁਖ ਤੇ ਵੰਤਿਕਾ ਨੇ ਵਿਅਕਤੀਗਤ ਸੋਨੇ ਦੇ ਤਮਗੇ ਵੀ ਜਿੱਤੇ। ਇਨ੍ਹਾਂ ਪ੍ਰਾਪਤੀਆਂ ਨੇ 2024 ਨੂੰ ਭਾਰਤੀ ਸ਼ਤਰੰਜ ਦਾ ਇਕ ਇਤਿਹਾਸਕ ਸਾਲ ਬਣਾ ਦਿੱਤਾ ਹੈ।*

## ਪਾਠਕ-ਸੱਥ

### ਸਖ਼ਤ ਫ਼ੈਸਲੇ ਲੈਣ ਦੀ ਲੋੜ

ਬਦਲਾਅ ਦੀ ਚਾਹਤ ਹਰ ਕੋਈ ਰੱਖਦਾ ਹੈ । ਜ਼ਿੰਦਗੀ ਵਿੱਚ ਕੁਝ ਅਜਿਹਾ ਨਵਾਂਪਨ ਦੇਖਣ ਦੀ ਆਸ ਹਰੇਕ ਦੀ ਹੁੰਦੀ ਹੈ, ਜਿਸ ਨਾਲ ਉਸ ਨੂੰ ਦਰਪੇਸ਼ ਸਮੱਸਿਆਵਾਂ ਦਾ ਕੋਈ ਢੁਕਵਾਂ ਹੱਲ ਮਿਲ ਸਕੇ ਤੇ ਹਾਲਾਤ ਉਸ ਦੀਆਂ ਇੱਛਾਵਾਂ ਦੀ ਪੂਰਤੀ ਲਈ ਸਹਾਇਕ ਹੋਣ । ਪਿਛਲੇ ਸਮੇਂ ਵਿੱਚ ਬਦਲਾਅ ਚਾਹੁਣ ਵਾਲਿਆਂ ਨੇ ਸੱਤਾ ਦੀ ਵਾਗਡੋਰ ਨਵੀਂ ਧਿਰ ਨੂੰ ਸੌਂਪਣ ਲਈ ਅਜਿਹੀ ਲਹਿਰ ਬਣਾਈ, ਜਿਸ ਨਾਲ਼ ਇਹ ਧਿਰ ਵੱਡੇ-ਵੱਡੇ ਥੰਮ੍ਹਾਂ ਨੂੰ ਡੇਗਣ ਵਿੱਚ ਕਾਮਯਾਬ ਰਹੀ । ਲੋਕ ਇੱਕ ਅਜਿਹੀ ਦੁਨੀਆ ਦੇ ਸੁਪਨੇ ਦੇਖਣ ਲੱਗੇ, ਜਿਸ ਵਿੱਚ ਉਨ੍ਹਾਂ ਦੇ ਮਸਲੇ ਚੁਟਕੀਆਂ ਵਿੱਚ ਹੱਲ਼ ਹੋਣ ਅਤੇ ਸੂਬੇ ਵਿੱਚ ਵਗ ਰਹੀ ਭ੍ਰਿਸ਼ਟਾਚਾਰ, ਨਸ਼ੇ, ਲੁੱਟ-ਖੋਹ, ਮਾਰਧਾੜ ਦੀ ਹਨੇਰੀ ਨੂੰ ਠੱਲ੍ਹ ਪੈਂਦੀ ਦਿਸ ਰਹੀ ਹੋਵੇ, ਪਰ ਅੱਜ ਦੇਖੇ ਸੁਪਨਿਆਂ ਦੇ ਮਹਿਲ ਧੜਾਧੜ ਕਰਕੇ ਡਿੱਗ ਰਹੇ ਹਨ। ਅੱਜ ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਲੋਕਾਂ ਦੀ ਸੁਰੱਖਿਅਤ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ । ਬਾਹਰ ਚਲਦੇ ਤੇ ਘਰਾਂ ਵਿੱਚ ਕੋਈ ਵੀ ਥਾਂ ਸੁਰੱਖਿਅਤ ਨਹੀਂ । ਲੋਕਾਂ ਦੀ ਮਿਹਨਤ ਨਾਲ਼ ਕਮਾਈ ਦੌਲਤ ਖੋਹਣ ਲਈ ਬੁਰੇ ਅਨਸਰਾਂ ਵੱਲੋਂ ਸਰੇਆਮ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ । ਜਨਤਾ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਜਾ ਰਿਹਾ ਹੈ । ਭ੍ਰਿਸ਼ਟਾਚਾਰੀ ਦੈਂਤ ਦੇ ਦੰਦ ਦਿਨੋਂ-ਦਿਨ ਹੋਰ ਵੱਡੇ ਹੁੰਦੇ ਜਾ ਰਹੇ ਹਨ, ਜਿਵੇਂ ਇਸ ਨੂੰ ਕਿਸੇ ਦਾ ਕੋਈ ਖੌਫ਼ ਹੀ ਨਹੀਂ ਹੈ। ਲੋਕਾਂ ਵਿੱਚ ਸਹਿਮ ਪੈਦਾ ਹੋ ਰਿਹਾ ਹੈ ਅਤੇ ਉਹ ਸੋਚਦੇ ਹਨ ਕਿ ਉਨ੍ਹਾਂ ਅਜਿਹਾ ਬਦਲਾਅ ਨਹੀਂ ਸੀ ਚਾਹਿਆ। ਸਰਕਾਰ ਨੂੰ ਜਨਤਾ ਵਿੱਚ ਫੈਲ ਰਹੇ ਡਰ ਨੂੰ ਦੂਰ ਕਰਨ ਲਈ ਸਖ਼ਤ ਫ਼ੈਸਲੇ ਲੈਣ ਦੀ ਲੋੜ ਹੈ, ਤਾਂ ਕਿ ਸੂਬੇ ਦੇ ਵਿਗੜੇ ਹਾਲਾਤ 'ਤੇ ਕਾਬੂ ਪਾਇਆ ਜਾ ਸਕੇ।

**-ਲਾਭ ਸਿੰਘ ਸ਼ੇਰਗਿੱਲ (ਸੰਗਰੂਰ)**

### ਚੋਣ ਪ੍ਰਕਿਰਿਆ 'ਚ ਬਦਲਾਵ ਦੀ ਲੋੜ

ਭਾਰਤ ਵਿਚ ਭ੍ਰਿਸ਼ਟਾਚਾਰ ਦਾ ਇਕ ਅਹਿਮ ਕਾਰਨ ਲੀਡਰਾਂ ਦਾ ਭਰਿਸ਼ਟ ਹੋਣਾ ਹੈ, ਪਰ ਕੀ ਸੱਚ ਵਿਚ ਸਾਰੇ ਲੀਡਰ ਭ੍ਰਿਸ਼ਟ ਹੁੰਦੇ ਹਨ ਜਾਂ ਬਣਨ ਲਈ ਮਜਬੂਰ ਹੁੰਦੇ ਹਨ । ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਹਰ ਕੋਈ ਪੈਸੇ ਮਗਰ ਦੌੜ ਰਿਹਾ ਹੈ, ਪਰ ਇਹ ਵੀ ਗਲਤ ਹੈ ਕਿ ਪੈਸਾ ਸਿਰਫ ਭ੍ਰਿਸ਼ਟ ਹੋ ਕੇ ਹੀ ਕਮਾਇਆ ਜਾ ਸਕਦਾ । ਪੈਸੇ ਦੀ ਦੌੜ ਸਿਰਫ ਐਸ਼ਪ੍ਰਸਤ ਜਿੰਦਗੀ ਜਿਓਣ ਲਈ ਹੀ ਨਹੀਂ ਹੈ, ਉਸ ਦੇ ਪਿੱਛੇ ਹੋਰ ਵੀ ਬਹੁਤ ਕਾਰਨ ਹਨ । ਗੱਲ ਏਥੇ ਕਰਨ ਲੱਗੇ ਹਾਂ ਭ੍ਰਿਸ਼ਟ ਸਿਆਸਤਦਾਨਾਂ ਤੇ ਅਫ਼ਸਰਸ਼ਾਹੀ ਦੀ । ਇਸ ਭ੍ਰਿਸ਼ਟ ਤੰਤਰ ਲਈ ਕਿਤੇ ਨਾ ਕਿਤੇ ਸਾਡਾ ਚੋਣ ਤੰਤਰ ਜ਼ਿਆਦਾ ਜ਼ਿੰਮੇਦਾਰ ਹੈ । ਮਲਟੀ ਪਾਰਟੀ ਸਿਸਟਮ ਤੇ ਚੋਣਾਂ ਕਰਵਾਉਣ ਦਾ ਤਰੀਕਾ ਦੋਨੋਂ ਇਸ ਲਈ ਜ਼ਿੰਮੇਦਾਰ ਹਨ । ਮਲਟੀ ਪਾਰਟੀ ਸਿਸਟਮ ਕਰਕੇ ਸਿਆਸਤਦਾਨ ਭ੍ਰਿਸ਼ਟ ਹੋ ਰਹੇ ਹਨ । ਬਾਰ-ਬਾਰ ਪਾਰਟੀ ਬਦਲ ਲੈਣਾ, ਜਿਥੋਂ ਚੋਗਾ ਮਿਲੇ, ਉਸ ਪਾਰਟੀ ਵੱਲ ਰੁਖ ਕਰ ਲੈਣਾ ਤੇ ਜਨਤਾ ਲਈ ਜਵਾਬਦੇਹ ਨਾ ਹੋਣਾ ਭ੍ਰਿਸ਼ਟਾਚਾਰ ਨੂੰ ਜਨਮ ਦਿੰਦਾ ਹੈ । ਮਲਟੀ ਪਾਰਟੀ ਸਿਸਟਮ ਕਰਕੇ ਹੀ ਹੌਰਸ ਟਰੇਡਿੰਗ (ਲੀਡਰਾਂ ਦੀ ਖਰੀਦੋ ਫਰੋਖਤ) ਵਰਗੀਆ ਘਟਨਾਵਾਂ ਵਿਚ ਵਾਧਾ ਹੋਇਆ ਹੈ। ਇਸ ਨੇ ਸਿਆਸਤਦਾਨਾਂ ਦੇ ਜ਼ਮੀਰ ਨੂੰ ਮਾਰਿਆ ਹੈ । ਦੋ ਪਾਰਟੀ ਸਿਸਟਮ ਨਾਲ ਹੌਰਸ ਟਰੇਡਿੰਗ 'ਤੇ ਲਗਾਮ ਲਗੇਗੀ ।

ਚੋਣ ਕਮਿਸ਼ਨ ਵੱਲੋਂ ਉਮੀਦਵਾਰਾਂ ਨੂੰ ਪ੍ਰਚਾਰ ਲਈ ਵੱਡੇ ਖਰਚੇ ਦੀ ਖੁੱਲ੍ਹ ਭ੍ਰਿਸ਼ਟਾਚਾਰ ਲਈ ਮੁੱਖ ਕਾਰਨ ਹੈ। ਪ੍ਰਚਾਰ ਕਰਨ ਦੇ ਨਾਂਅ 'ਤੇ ਵੋਟਾਂ ਦੀ ਖਰੀਦੋ ਫਰੋਖ਼ਤ ਦਾ ਕੰਮ ਜ਼ੋਰਾਂ-ਸ਼ੋਰਾਂ ਨਾਲ ਹੁੰਦਾ ਹੈ ਤੇ ਵੋਟਰ ਵੀ ਆਪਣੀ ਜ਼ਮੀਰ ਮਾਰ ਕੇ ਵੋਟ ਪਾਉਂਦਾ ਹੈ, ਫੇਰ ਇਕ ਜ਼ਿੰਮੇਦਾਰ ਸਰਕਾਰ ਦਾ ਚੁਣਿਆ ਜਾਣਾ ਕਿਵੇਂ ਯਕੀਨੀ ਬਣ ਸਕਦਾ ਹੈ।

ਪ੍ਰਚਾਰ ਲਈ ਚੋਣ ਕਮਿਸ਼ਨ ਨੂੰ ਕੁਝ ਅਲੱਗ ਸੋਚਣਾ ਪਵੇਗਾ । ਸਿਰਫ ਉਮੀਦਵਾਰਾਂ ਦੀ ਆਪਸੀ ਡੀਬੇਟ ਹੀ ਇਸ ਗੱਲ ਦਾ ਹੱਲ ਹੋ ਸਕਦੀ ਹੈ । ਡੀਬੇਟ ਵਿੱਚ ਵੀ ਇੱਕ-ਦੂਸਰੇ ਉਪਰ ਦੂਸ਼ਣਬਾਜ਼ੀ ਕਰਨ ਦੀ ਇਜ਼ਾਜਤ ਨਾ ਦੇ ਕੇ ਸਿਰਫ ਉਮੀਦਵਾਰ ਇਹ ਦੱਸੇ ਕੇ ਉਸ ਕੋਲ ਆਪਣੇ ਹਲਕੇ ਦੇ ਵਿਕਾਸ ਲਈ ਕੀ ਯੋਜਨਾ ਹੈ । ਵੋਟਰ ਵੀ ਖੁੱਲ੍ਹ ਕੇ ਉਮੀਦਵਾਰ ਨੂੰ ਸਵਾਲ ਕਰਨ ਤੇ ਇਹ debate ਸਾਰੇ ਚੈਨਲ ਪੂਰੀ ਇਮਾਨਦਾਰੀ ਨਾਲ ਲਾਈਵ ਵਿਖਾਉਣ ਤੇ ਖਰਚ ਚੋਣ ਕਮਿਸ਼ਨ ਕਰੇ ।ਰਾਸ਼ਟਰੀ ਪੱਧਰ ਤੇ ਵੀ ਪ੍ਰਧਾਨ ਮੰਤਰੀ ਪਦ ਦੇ ਉਮੀਦਵਾਰਾਂ ਵਿਚ ਡੀਬੇਟ ਹੋਵੇ, ਜਿਸ ਵਿਚ ਦੇਸ਼ ਲਈ ਅਤੇ ਜਨਤਾ ਲਈ ਉਨ੍ਹਾਂ ਕੋਲ ਕੀ ਯੋਜਨਾਵਾਂ ਹਨ, ਇਸ ਬਾਰੇ ਖੁੱਲ੍ਹ ਕੇ ਆਪਣੇ ਵਿਚਾਰ ਦੱਸਣ ਅਤੇ ਇਸ ਤੋਂ ਬਾਅਦ ਪ੍ਰਸ਼ਨ-ਉੱਤਰ ਦਾ ਸੈਸ਼ਨ ਹੋਵੇ, ਜਿਸ ਵਿਚ ਆਰਥਿਕ ਮਾਹਿਰ , ਸਿੱਖਿਆ ਮਾਹਿਰ , ਵਿਦੇਸ਼ ਨੀਤੀ ਦੇ ਮਾਹਿਰ ਅਤੇ ਘਰੇਲੂ ਸੁਰੱਖਿਆ ਸੰਬੰਧੀ ਸਵਾਲ ਕੀਤੇ ਜਾਣ ਅਤੇ ਉਮੀਦਵਾਰਾਂ ਤੋ ਉਨ੍ਹਾਂ ਦੇ ਜਵਾਬ ਮੰਗਦੇ ਹੋਏ ਉਹ ਕਿਸ ਤਰ੍ਹਾਂ ਉਨ੍ਹਾਂ ਗੱਲਾਂ ਨੂੰ ਅਮਲੀ ਜਾਮਾ ਪਵਾਉਗੇ, ਇਸ ਬਾਰੇ ਖੁੱਲ੍ਹ ਕੇ ਆਪਣੇ ਵਿਚਾਰ ਦੱਸਣ ।ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੇ ਹੋਰਡਿੰਗ ਲਗਾਉਣ ਜਾਂ ਵੋਟਰ ਨਾਲ ਚੋਣ ਪ੍ਰਚਾਰ ਦੌਰਾਨ ਸਿੱਧਾ ਸੰਪਰਕ ਕਰਨ 'ਤੇ ਪਾਬੰਧੀ ਹੋਵੇ । ਚੋਣਾਂ ਦੇ ਦਿਨ ਤੋਂ 5 ਦਿਨ ਪਹਿਲਾਂ ਤੱਕ ਇਹ ਸਾਰੀ ਪ੍ਰਚਾਰ ਦੀ ਪ੍ਰਕਿਰਿਆ ਮੁਕੰਮਲ ਹੋ ਜਾਵੇ ਅਤੇ ਚੋਣਾਂ ਵਾਲੇ ਦਿਨ ਵੀ ਕਿਸੇ ਪਾਰਟੀ ਜਾਂ ਉਮੀਦਵਾਰ ਦਾ ਕੋਈ ਟੈਂਟ ਜਾਂ ਟੇਬਲ ਚੋਣਾਂ ਵਾਲੇ ਬੂਥ ਨੇੜੇ ਨਾ ਹੋਵੇ। ਇਸ ਨਾਲ ਪ੍ਰਚਾਰ 'ਤੇ ਆਉਣ ਵਾਲਾ ਖਰਚ ਬੰਦ ਹੋ ਜਾਵੇਗਾ ਤੇ ਕੋਈ ਵੀ ਪਾਰਟੀ, ਪਾਰਟੀ ਫੰਡ ਦੇ ਨਾਂਅ 'ਤੇ ਪੈਸਾ ਵਸੂਲੀ ਨਹੀਂ ਕਰੇਗੀ ਜਿਸ ਨਾਲ ਭ੍ਰਿਸ਼ਟਾਚਾਰ ਨੂੰ ਨਕੇਲ ਪਵੇਗੀ।

ਸਜ਼ਾਯਾਫਤਾ ਜਾਂ ਕਿਸੇ ਵੀ ਫੌਜਦਾਰੀ ਕੇਸ ਦਾ ਸਾਹਮਣਾ ਕਰ ਰਹੇ ਲੋਕ ਚੋਣ ਨਾ ਲੜ ਸਕਣ, ਇਹਦੇ ਲਈ ਚੋਣ ਕਮਿਸ਼ਨ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ । ਇਸ ਨਾਲ ਵੀ ਸਾਫ਼-ਸੁਥਰੀ ਤੇ ਲੋਕਾਂ ਦੇ ਹਿੱਤ ਸੋਚਣ ਵਾਲੀ ਸਰਕਾਰ ਹੋਂਦ ਵਿਚ ਆਏਗੀ।

ਪਾਰਟੀ ਬਦਲਣ ਲਈ ਪੂਰਨ ਤੌਰ 'ਤੇ ਪਾਬੰਦੀ ਹੋਣੀ ਚਾਹੀਦੀ ਹੈ । ਚੋਣ ਕਮਿਸ਼ਨ ਨੂੰ ਇਸ ਵੱਲ ਵੀ ਇਹ ਠੋਸ ਕਦਮ ਚੁੱਕਣ ਦੀ ਲੋੜ ਹੈ ਕਿ ਇਕ ਵਾਰ ਕਿਸੇ ਪਾਰਟੀ ਤੋਂ ਜਿੱਤ ਹਾਸਿਲ ਕਰਕੇ ਜਾਂ ਆਜ਼ਾਦ ਤੌਰ 'ਤੇ ਜਿੱਤ ਹਾਸਿਲ ਕਰਕੇ ਕੋਈ ਵੀ ਨੇਤਾ ਕਿਸੇ ਹੋਰ ਪਾਰਟੀ ਵਿਚ ਸ਼ਾਮਿਲ ਨਾ ਹੋ ਸਕੇ ਅਤੇ ਪੂਰੇ ਪੰਜ ਸਾਲ ਓਸੇ ਪਾਰਟੀ ਦਾ ਹਿੱਸਾ ਰਹੇ ।

**-ਡਾ. ਸੁਖਰਾਜ ਸਿੰਘ ਬਾਜਵਾ, 78886-84597**

# ਚਿੰਤਾ ਦਾ ਵਿਸ਼ਾ ਹੈ ਭਾਰਤੀ ਵਿਦਿਆਰਥੀਆਂ ਦੀਆਂ ਵਿਦੇਸ਼ਾਂ 'ਚ ਮੌਤਾਂ

ਦੇਸ਼ 'ਚੋਂ ਹਰ ਸਾਲ ਵੱਡੀ ਗਿਣਤੀ ਵਿੱਚ ਨੌਜਵਾਨ ਪੜ੍ਹਾਈ ਤੇ ਵਰਕ ਪਰਮਿਟ ਦਾ ਵੀਜ਼ਾ ਲੈ ਕੇ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਜਾਂਦੇ ਹਨ। ਇਸ ਸਿਲਸਿਲੇ ਵਿੱਚ ਨੌਜਵਾਨ ਜਿੱਥੇ ਆਪਣੀ ਪੜ੍ਹਾਈ ਦੇ ਸਿਲਸਿਲੇ 'ਚ ਵਧੇਰੇ ਕਰ ਜਿਨ੍ਹਾਂ ਮੁਲਕਾਂ 'ਚ ਜਾਣ ਨੂੰ ਤਰਜੀਹ ਦਿੰਦੇ ਹਨ, ਉਨ੍ਹਾਂ ਦੇਸ਼ਾਂ 'ਚ ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਆਦਿ ਮੁੱਖ ਤੌਰ 'ਤੇ ਸ਼ਾਮਲ ਹਨ।

ਇਹ ਕਿ ਪਿਛਲੇ ਕੁੱਝ ਸਾਲਾਂ ਤੋਂ ਦੇਸ਼ ਦੇ ਨੌਜਵਾਨਾਂ 'ਚ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੇ ਰੁਝਾਨ 'ਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ।

ਇਸ ਸੰਬੰਧੀ ਨਿਊਯਾਰਕ ਸਥਿਤ ਸਿੱਖਿਆ ਮਾਹਰ ਰਾਜਿਕਾ ਭੰਡਾਰੀ ਦਾ ਕਹਿਣਾ ਹੈ, "ਭਾਰਤ ਵਿੱਚ ਅਮਰੀਕੀ ਡਿਗਰੀ ਦੀ ਇੱਛਾ ਜਾਂ ਖਿੱਚ ਬਹੁਤ ਮਜ਼ਬੂਤ ਹੈ ਅਤੇ ਇਹ ਭਾਰਤੀ ਪਰਵਾਰਾਂ ਨੂੰ ਆਕਰਸ਼ਿਤ ਕਰਦੀ ਹੈ।"

ਪਰ ਕਈ ਵਾਰ ਬਾਹਰ ਗਏ ਵਿਦਿਆਰਥੀਆਂ ਦੀ ਜਦੋਂ ਕਿਸੇ ਅਣਸੁਖਾਵੇਂ ਹਾਲਾਤ 'ਚ ਮੌਤ ਹੋ ਜਾਂਦੀ ਹੈ ਤਾਂ ਉਹ ਜਿੱਥੇ (ਭਾਰਤ 'ਚ) ਉਸ ਦੇ ਸਕੇ-ਸੰਬੰਧੀਆਂ ਲਈ ਇੱਕ ਵੱਡਾ ਕਦੀ ਨਾ ਪੂਰਿਆ ਜਾਣ ਵਾਲਾ ਘਾਟਾ ਹੁੰਦੀ ਹੈ, ਉੱਥੇ ਹੀ ਇਹ ਉਨ੍ਹਾਂ ਦੇਸ਼ਾਂ ਦੀ ਹਿਫਾਜ਼ਤੀ ਪ੍ਰਣਾਲੀ 'ਤੇ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਜਾਂਦੀ ਹੈ।

ਇੱਕ ਨਿਊਜ਼ ਵੈੱਬਸਾਈਟ ਦੀ ਰਿਪੋਰਟ ਮੁਤਾਬਕ ਪਿਛਲੇ 5 ਸਾਲਾਂ ਦੌਰਾਨ ਬਾਹਰਲੇ ਮੁਲਕਾਂ ਵਿੱਚ 403 ਵਿਦਿਆਰਥੀਆਂ ਦੀਆਂ ਮੌਤਾਂ ਹੋਈਆਂ ਹਨ। ਸਭ ਤੋਂ ਵੱਧ 91 ਭਾਰਤੀ ਵਿਦਿਆਰਥੀਆਂ ਦੀ ਮੌਤ ਕੈਨੇਡਾ ਵਿੱਚ ਹੋਈ ਹੈ। ਇਨ੍ਹਾਂ ਵਿਦਿਆਰਥੀਆਂ ਦੀ ਮੌਤ ਲਈ ਕੁਦਰਤੀ ਕਾਰਨ, ਹਾਦਸਿਆਂ ਸਮੇਤ ਕਈ ਕਾਰਨ ਜ਼ਿੰਮੇਵਾਰ ਹਨ, ਜਦੋਂ ਕਿ ਭਾਰਤੀ ਵਿਦੇਸ਼ਮੰਤਰਾਲਾ ਵੱਲੋਂ ਜਾਰੀ ਅੰਕੜਿਆਂ ਮੁਤਾਬਿਕ ਕੈਨੇਡਾ ਤੋਂ ਬਾਅਦ ਪਿਛਲੇ 5 ਸਾਲਾਂ ਵਿੱਚ ਬ੍ਰਿਟੇਨ ਵਿੱਚ 48, ਰੂਸ ਵਿੱਚ 40, ਅਮਰੀਕਾ ਵਿੱਚ 36 ਅਤੇ ਆਸਟਰੇਲੀਆ ਵਿੱਚ 35 ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਵਿਦੇਸ਼ ਮੰਤਰਾਲੇ ਅਨੁਸਾਰ 2018 ਤੋਂ 2022 ਦਰਮਿਆਨ 5.67 ਲੱਖ ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹਨ ਲਈ ਗਏ ਹਨ ਅਤੇ ਇਸੇ ਸਮੇਂ ਦੌਰਾਨ ਅਮਰੀਕਾ ਵਿੱਚ ਪੜ੍ਹਨ ਲਈ ਗਏ ਵਿਦਿਆਰਥੀਆਂ ਦੀ ਗਿਣਤੀ 6.21 ਲੱਖ ਹੈ। ਇਸ ਤਰ੍ਹਾਂ ਅਮਰੀਕਾ ਤੋਂ ਬਾਅਦ ਕੈਨੇਡਾ ਹੁਣ ਭਾਰਤੀ ਵਿਦਿਆਰਥੀਆਂ ਦੀ ਦੂਜੀ ਪਸੰਦ ਬਣ ਗਿਆ ਹੈ।

ਇੱਕ ਰਿਪੋਰਟ ਅਨੁਸਾਰ 2022-23 ਵਿੱਚ ਤਕਰੀਬਨ 2,67,000 ਭਾਰਤੀਆਂ ਨੇ ਅਮਰੀਕੀ ਯੂਨੀਵਰਸਿਟੀਆਂ ਵਿੱਚ ਦਾਖਲਾ ਲਿਆ ਅਤੇ 2030 ਤੱਕ ਇਹ ਗਿਣਤੀ 10 ਲੱਖ ਤੱਕ ਪਹੁੰਚ ਜਾਣ ਦਾ ਅਨੁਮਾਨ ਹੈ।

ਜਦ ਅਸੀਂ ਵਿਦੇਸ਼ਾਂ ਵਿੱਚ ਪੜ੍ਹਾਈ ਜਾਂ ਵਧੀਆ ਜੀਵਨ ਜਿਊਣ ਲਈ ਗਏ ਵਿਦਿਆਰਥੀਆਂ ਦੀਆਂ ਹੋ ਰਹੀਆਂ ਮੌਤਾਂ ਸੰਬੰਧੀ ਆਏ ਦਿਨ ਖਬਰਾਂ ਪੜ੍ਹਦੇ ਜਾਂ ਸੁਣਦੇ ਹਾਂ ਤਾਂ ਯਕੀਨਨ ਇੱਕ ਗੰਭੀਰ ਚਿੰਤਾ 'ਚ ਡੁੱਬ ਜਾਂਦੇ ਹਾਂ।



ਮੁਹੰਮਦ ਅੱਬਾਸ ਧਾਲੀਵਾਲ

ਇਸੇ ਸੰਦਰਭ ਵਿੱਚ ਪਿਛਲੇ ਦਿਨੀਂ ਬੀ ਬੀ ਸੀ ਦੀ ਇੱਕ ਰਿਪੋਰਟ ਵੇਖਣ 'ਚ ਆਈ, ਜਿਸ ਵਿਚ ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਨਾਲ ਹੋ ਰਹੀਆਂ ਲੁੱਟਾਂ-ਖੋਹਾਂ ਦੌਰਾਨ ਹੋਏ ਵਿਦਿਆਰਥੀਆਂ ਦੇ ਕਤਲਾਂ ਦੇ ਸੰਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਦਾ ਯਤਨ ਕਰਦੀ ਪ੍ਰਤੀਤ ਹੋਈ। ਇਸ ਸੰਦਰਭ ਵਿੱਚ ਵੱਖ-ਵੱਖ ਵਿਦਿਆਰਥੀਆਂ ਦੁਆਰਾ ਜੋ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ, ਉਸ ਦਾ ਵਿਸ਼ਲੇਸ਼ਣ ਅਸੀਂ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ।

ਉਕਤ ਸੰਦਰਭ ਵਿੱਚ ਸੇਂਟ ਲੁਈਸ, ਮਿਸੌਰੀ ਦੀ ਵਾਸ਼ਿੰਗਟਨ ਯੂਨੀਵਰਸਿਟੀ ਦੇ ਵਿਦਿਆਰਥੀ ਜੈ ਸੁਸ਼ੀਲ ਦਾ ਕਹਿਣਾ ਹੈ ਕਿ ਉਹ ਬਹੁਤ ਉਦਾਸੀ ਮਹਿਸੂਸ ਕਰਦੇ ਹਨ। ਜਦੋਂ ਜੈ ਦੇ ਸਾਥੀ ਵਿਦਿਆਰਥੀ 34 ਸਾਲਾ ਕਲਾਸੀਕਲ ਡਾਂਸਰ ਅਮਰਨਾਥ ਘੋਸ਼ ਦੀ ਫਰਵਰੀ ਵਿੱਚ ਹੋਈ ਮੌਤ ਤੋਂ ਬਾਅਦ ਉਹ ਪਰੇਸ਼ਾਨ ਹਨ। ਘੋਸ਼ ਭਾਰਤ ਦੇ ਰਹਿਣ ਵਾਲੇ ਸਨ। ਉੱਥੇ ਦੀ ਸਥਾਨਕ ਪੁਲਸ ਇਸ ਨੂੰ ਕਤਲ ਦਾ ਮਾਮਲਾ ਮੰਨ ਕੇ ਜਾਂਚ ਕਰ ਰਹੀ ਹੈ। ਇਸ ਸੰਬੰਧੀ ਸੁਸ਼ੀਲ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਘੋਸ਼ ਦੀ ਮੌਤ ਦਾ ਭਾਰਤ ਤੋਂ ਇੱਕ ਦੋਸਤ ਜ਼ਰੀਏ ਪਤਾ ਲੱਗਾ, ਯੂਨੀਵਰਸਿਟੀ ਤੋਂ ਕੋਈ ਵੀ ਜਾਣਕਾਰੀ ਬਾਅਦ ਵਿੱਚ ਮਿਲੀ। 'ਉਨ੍ਹਾਂ ਨੇ ਸਾਨੂੰ ਦੋ ਦਿਨਾਂ ਬਾਅਦ ਦੱਸਿਆ। ਵਿਦਿਆਰਥੀ ਯੂਨੀਵਰਸਿਟੀ ਦੇ ਰਵੱਈਏ ਤੋਂ ਨਾਖੁਸ਼ ਹਨ। ਇਸ ਤਰ੍ਹਾਂ ਲੱਗ ਰਿਹਾ, ਜਿਵੇਂ ਕਿਸੇ ਨੂੰ ਪਰਵਾਹ ਹੀ ਨਾ ਹੋਵੇ ਕਿ ਭਾਰਤੀ ਕਿਵੇਂ ਮਹਿਸੂਸ ਕਰਦੇ ਹਨ?'

ਇੱਥੇ ਜ਼ਿਕਰਯੋਗ ਹੈ ਕਿ ਘੋਸ਼ ਨੂੰ ਸ਼ਹਿਰ ਦੀ ਇੱਕ ਗਲੀ ਵਿੱਚ ਕੈਂਪਸ ਦੇ ਬਾਹਰ ਮਾਰਿਆ ਗਿਆ ਸੀ।

ਸੁਸ਼ੀਲ ਅਨਸ ਹਨ, "ਅਸੀਂ ਕਿਸੇ ਹਾਦਸੇ ਤੋਂ ਬਾਅਦ ਬਾਹਰ ਜਾਣ ਤੋਂ ਬਚਦੇ ਹਾਂ। ਅਸੀਂ ਸ਼ਹਿਰ ਵਿੱਚ ਅਜਿਹੀਆਂ ਥਾਵਾਂ ਦੀ ਪਛਾਣ ਕੀਤੀ ਹੈ, ਜੋ ਸ਼ਾਮ ਨੂੰ ਅਸੁਰੱਖਿਅਤ ਹਨ। ਅਸੀਂ ਹੋਰ ਕੀ ਕਰ ਸਕਦੇ ਹਾਂ?"

ਜਦੋਂ ਉਧਰ ਉਕਤ ਕੇਸ 'ਚ ਯੂਨੀਵਰਸਿਟੀ ਨੇ ਸਪੱਸ਼ਟੀਕਰਨ ਦਿੱਤਾ ਕਿ ਉਨ੍ਹਾਂ ਨੇ ਵਿਦਿਆਰਥੀ ਦੀ ਮੌਤ ਬਾਰੇ ਉਦੋਂ ਹੀ ਜਾਣਕਾਰੀ ਸਾਂਝੀ ਕੀਤੀ, ਜਦੋਂ ਪੁਲਸ ਵੱਲੋਂ ਉਸ ਦੀ ਪਛਾਣ ਦੀ ਪੁਸ਼ਟੀ ਕਰ ਦਿੱਤੀ ਗਈ ਸੀ ਅਤੇ ਵਿਦਿਆਰਥੀ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਸਹਿਮਤੀ ਦੇ ਦਿੱਤੀ ਸੀ।

ਮਾਰਕੀਟਿੰਗ ਅਤੇ ਸੰਚਾਰ ਯੂਨੀਵਰਸਿਟੀ ਵਾਸ਼ਿੰਗਟਨ ਦੇ ਵੀਸੀ ਜੂਲੀ ਫਲੋਰੀ ਨੇ ਕਿਹਾ, "ਇਹ ਇੱਕ ਭਿਆਨਕ ਦੁਖਾਂਤ ਹੈ। ਅਸੀਂ ਇਸ ਦੁਖਦ ਖਬਰ ਨੂੰ ਅਮਰਨਾਥ ਦੇ ਨਜ਼ਦੀਕੀਆਂ ਦੀ ਇੱਛਾ ਮੁਤਾਬਕ ਜਿੰਨੀ ਜਲਦੀ ਹੋ ਸਕਦਾ ਸੀ, ਭਾਈਚਾਰੇ ਦੇ ਮੈਂਬਰਾਂ ਨਾਲ ਇਹ ਗੱਲ ਸਾਂਝੀ ਕੀਤੀ।"

ਰਿਪੋਰਟ 'ਚ ਇਹ ਵੀ ਖੁਲਾਸਾ ਕੀਤਾ ਗਿਆ ਹੈ ਕਿ ਅਮਰੀਕਾ ਵਿੱਚ ਹੋਈਆਂ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ 'ਚੋਂ ਘੋਸ਼ ਉਨ੍ਹਾਂ 11 ਭਾਰਤੀ ਜਾਂ ਭਾਰਤੀ ਮੂਲ ਦੇ ਵਿਦਿਆਰਥੀਆਂ ਵਿੱਚੋਂ ਇੱਕ ਹਨ, ਜਿਨ੍ਹਾਂ ਦੀ ਇਸ ਸਾਲ ਹੁਣ ਤੱਕ ਅਮਰੀਕਾ ਵਿੱਚ ਮੌਤ ਹੋ ਚੁੱਕੀ ਹੈ। ਇਨ੍ਹਾਂ ਘਟਨਾਵਾਂ ਨੇ ਭਾਈਚਾਰੇ ਵਿੱਚ ਨਿੱਜੀ ਸੁਰੱਖਿਆ ਬਾਰੇ ਡਰ ਪੈਦਾ ਕੀਤਾ ਹੈ।

ਜਦੋਂ ਕਿ ਮੌਤ ਦੇ ਕਾਰਨ ਵੱਖੋ-ਵੱਖਰੇ ਹਨ, ਹਾਈਪੋਥਰਮੀਆ ਤੋਂ ਲੈ ਕੇ ਖੁਦਕੁਸ਼ੀ ਤੱਕ ਤੇ ਉਸ ਤੋਂ ਵੀ ਅੱਗੇ ਗੋਲੀਬਾਰੀ ਤੱਕ।

ਇਸ ਸੰਬੰਧੀ ਮਾਹਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਗੈਰ-ਸੰਬੰਧਤ ਘਟਨਾਵਾਂ ਵਿਚਕਾਰ ਕੋਈ ਸਪੱਸ਼ਟ ਸੰਬੰਧ ਨਹੀਂ ਹੈ।

ਜਦੋਂ ਕਿ ਕਲੀਵਲੈਂਡ ਸਟੇਟ ਯੂਨੀਵਰਸਿਟੀ ਦੇ 25 ਸਾਲਾ ਵਿਦਿਆਰਥੀ ਮੁਹੰਮਦ ਅਬਦੁਲ ਅਰਫਾਤ ਮਾਰਚ ਵਿੱਚ ਲਾਪਤਾ ਹੋ ਗਏ ਸਨ। ਫਿਰ ਅਪ੍ਰੈਲ ਮਹੀਨੇ ਦੇ ਪਹਿਲੇ ਹਫਤੇ ਉਹ ਮ੍ਰਿਤਕ ਪਾਏ ਗਏ।

ਇਸ ਸੰਬੰਧੀ ਇੱਕ ਵਿਦਿਆਰਥੀ ਨੇ ਆਪਣੀ ਪਛਾਣ ਜ਼ਾਹਰ ਨਾ ਕਰਨ ਦੀ ਸ਼ਰਤ 'ਤੇ ਸਾਡੇ ਦੱਸਿਆ ਕਿ ਉਸ ਨੇ ਵੀ ਉਸੇ ਸਾਲ ਕਾਲਜ ਜੁਆਇੰਨ ਕੀਤਾ ਸੀ ਜਦੋਂ ਅਰਫਾਥ ਦਾਖਲ ਹੋਏ ਸਨ। ਉਨ੍ਹਾ ਦੱਸਿਆ, "ਮੈਨੂੰ ਉਸ ਦੀ ਮੌਤ ਬਾਰੇ ਮੇਰੇ ਮਾਪਿਆਂ ਦੇ ਇੱਕ ਵੱਟਸਐਪ ਗਰੁੱਪ ਜ਼ਰੀਏ ਪਤਾ ਲੱਗਿਆ।" ਅਤੇ "ਮੇਰੇ ਮਾਪਿਆਂ ਨੇ ਮੈਨੂੰ ਸੁਚੇਤ ਰਹਿਣ ਦੀ ਸਲਾਹ ਦਿੱਤੀ ਹੈ।"

ਨਿਊਜਰਸੀ ਵਿੱਚ ਡਰਿਊ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਸੰਗੇ ਮਿਸਰਾ ਦਾ ਕਹਿਣਾ ਹੈ ਕਿ ਮੌਤਾਂ ਨੂੰ ਜੋੜਨ ਵਾਲਾ ਕੋਈ 'ਸਪੱਸ਼ਟ ਪੈਟਰਨ' ਨਹੀਂ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਕਿਉਂਕਿ ਉਹ ਭਾਰਤੀ ਵਿਦਿਆਰਥੀ ਹਨ, ਇਸ ਲਈ ਇੱਕ ਵਿਆਪਕ ਬਿਰਤਾਂਤ ਤੋਂ ਬਚਣਾ ਚਾਹੀਦਾ ਹੈ।

"ਮੈਂ ਅਜਿਹਾ ਕੁਝ ਨਹੀਂ ਦੇਖਿਆ ਹੈ, ਜੋ ਇਹ ਦਰਸਾਉਂਦਾ ਹੈ ਕਿ ਇਹ ਨਸਲੀ ਦੁਸ਼ਮਣੀ ਜਾਂ ਨਸਲ ਦੇ ਆਧਾਰ 'ਤੇ ਹਮਲੇ ਹਨ।"

****

ਜਦੋਂ ਕਿ ਉਕਤ ਮਾਮਲਿਆਂ ਦੇ ਸੰਦਰਭ ਵਿਚ ਇਧਰਲੇ ਮਾਪੇ ਕਹਿੰਦੇ ਹਨ ਕਿ ਉਹ ਆਪਣੇ ਬੱਚਿਆਂ ਨਾਲ ਨਿਯਮਤ ਸੰਪਰਕ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ, ਇਸ ਦੀ ਇੱਕ ਵਜ੍ਹਾ ਤਾਂ ਇਹ ਹੁੰਦੀ ਹੈ ਕਿ ਨਵੇਂ-ਨਵੇਂ ਗਏ ਬੱਚੇ ਦਾ ਜੀਅ ਲੱਗ ਜਾਏ, ਦੂਜੇ ਉਨ੍ਹਾਂ ਦੀ ਸਿਹਤ ਸਹੂਲਤ ਤੇ ਖਾਣ-ਪੀਣ ਸੰਬੰਧੀ ਜਾਣਕਾਰੀ ਮਿਲਦੀ ਰਹਿੰਦੀ ਹੈ, ਇਸ ਸੰਬੰਧੀ ਬੱਚਿਆਂ ਦੀਆਂ ਮਾਵਾਂ ਵਧੇਰੇ ਚਿੰਤਤ ਰਹਿੰਦੀਆਂ ਹਨ।

ਮੀਨੂੰ ਅਵਲ ਦਾ ਬੇਟਾ ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਵਿੱਚ ਪੜ੍ਹਦਾ ਹੈ। ਉਹ ਆਖਦੀ ਹੈ, "ਜਦੋਂ ਵੀ ਅਸੀਂ ਭਾਰਤ ਵਿੱਚ ਦੂਰ ਬੈਠੇ ਇਸ ਤਰ੍ਹਾਂ ਦੀਆਂ ਖਬਰਾਂ ਸੁਣਦੇ ਹਾਂ ਤਾਂ ਸਾਨੂੰ ਫਿਕਰ ਹੁੰਦੀ ਹੈ, ਡਰ ਲੱਗਦਾ ਹੈ।" ਮੀਨੂੰ ਦਾ ਇਹ ਵੀ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਬੇਟੇ ਨੂੰ ਹਦਾਇਤ ਦਿੱਤੀ ਹੈ ਕਿ ਉਹ ਲੁੱਟ ਵਗੈਰਾ ਦੇ ਮਾਮਲੇ ਵਿੱਚ ਵੀ ਕੋਈ ਬਦਲਾ ਲੈਣ ਦੀ ਨਾ ਸੋਚਣ।

ਉਹ ਅੱਗੇ ਆਖਦੀ ਹੈ, "ਮੈਂ ਉਸ ਨੂੰ ਕਿਹਾ ਹੈ ਕਿ ਜੇ ਕੋਈ ਲੁੱਟ-ਖੋਹ ਲਈ ਆਵੇ ਤਾਂ ਬਹਿਸ ਨਹੀਂ ਕਰਨੀ, ਜੋ ਕੁਝ ਵੀ ਨਕਦੀ ਵਗੈਰਾ ਕੋਲ ਹੋਵੇ, ਦੇ ਦੇਣਾ ਹੈ।"

ਜਦੋਂ ਕਿ ਜੈਪੁਰ ਸ਼ਹਿਰ ਦੇ ਨੀਤੂ ਦਾ ਕਹਿਣਾ ਹੈ ਕਿ ਉਹ ਹਰ ਰੋਜ਼ ਨਿਊਯਾਰਕ ਯੂਨੀਵਰਸਿਟੀ ਵਿੱਚ ਪੜ੍ਹਦੀ ਆਪਣੀ ਧੀ ਨਾਲ ਗੱਲ ਕਰਦੇ ਹਨ ਅਤੇ ਉਸ ਦੇ ਦੋਸਤਾਂ ਦੇ ਨੰਬਰ ਵੀ ਆਪਣੇ ਫੋਨ ਵਿੱਚ ਸੇਵ ਰੱਖਦੇ ਹਨ। ਉਹਨਾਂ ਦਾ ਆਖਣਾ ਹੈ, "ਮੈਂ ਉਸ ਨੂੰ ਅਣਜਾਣ ਲੋਕਾਂ ਨਾਲ ਇਕੱਲੇ ਬਾਹਰ ਨਾ ਜਾਣ ਲਈ ਕਹਿੰਦੀ ਹਾਂ।"

ਜਦੋਂ ਕਿ ਇੱਕ ਹੋਰ ਸਿੱਖਿਆ ਮਾਹਿਰ ਭੰਡਾਰੀ ਹੁਰਾਂ ਦਾ ਕਹਿਣਾ ਹੈ ਕਿ "ਇਹ ਸਪੱਸ਼ਟ ਹੋ ਗਿਆ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਬਹੁਤ ਜ਼ਿਆਦਾ ਵਿੱਤੀ ਅਤੇ ਅਕਾਦਮਿਕ ਦਬਾਅ ਦਾ ਕਾਰਨ ਬਣਦਾ ਹੈ। ਇਸ ਨਾਲ ਉਨ੍ਹਾਂ ਦੀ ਵੀਜ਼ਾ ਸਥਿਤੀ ਵੀ ਪ੍ਰਭਾਵਿਤ ਹੁੰਦੀ ਹੈ।"

"ਇਹ ਇੱਕ ਬਹੁਤ ਵੱਡਾ ਮਨੋਵਿਗਿਆਨਕ ਬੋਝ ਹੈ, ਜਦੋਂ ਉਹ ਵੀ ਉਸ ਸਮੇਂ ਜਦੋਂ ਉਹ ਘਰ ਤੋਂ ਹਜ਼ਾਰਾਂ ਮੀਲ ਦੂਰ ਹੁੰਦੇ ਹਨ।"

ਜਦੋਂ ਕਿ ਇਸੇ ਰਿਪੋਰਟ ਵਿਚ ਰੀਨਾ ਅਰੋੜਾ ਸੰਚੇਜ ਜੋ ਕਿ ਸੀ ਐੱਸ ਯੂ ਵਿੱਚ ਸੰਚਾਰ ਦੇ ਕਾਰਜਕਾਰੀ ਨਿਰਦੇਸ਼ਕ ਹਨ। ਉਹਨਾਂ ਦਾ ਕਹਿਣਾ ਹੈ ,"ਕੌਮਾਂਤਰੀ ਵਿਦਿਆਰਥੀਆਂ ਨੂੰ ਵੱਖਰੀ ਕਿਸਮ ਦੇ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਲਈ ਨਵੇਂ ਸੱਭਿਆਚਾਰ ਨੂੰ ਸਮਝਣਾ ਅਤੇ ਆਪਣੇ ਹੁਣ ਤੱਕ ਦੇ ਸਿੱਖੇ-ਸਮਝਣੇ ਨੂੰ ਬਦਲਣਾ ਇੱਕ ਚੁਣੌਤੀ ਹੁੰਦਾ ਹੈ।"

ਅਖੀਰ ਵਿੱਚ ਮੈਂ ਸਮਝਦਾ ਹਾਂ ਸਾਡੇ ਇੱਥੋਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਉੱਚ ਸਿੱਖਿਆ ਤੇ ਰੁਜ਼ਗਾਰ ਦੇ ਲੋੜੀਂਦੇ ਮੌਕੇ ਇੱਥੇ ਆਪਣੇ ਦੇਸ਼ ਵਿਚ ਹੀ ਮੁਹੱਈਆ ਕਰਵਾਏ ਤਾਂ ਦੇਸ਼ ਦੇ ਯੂਥ ਦੀ ਤਾਕਤ ਦਾ ਸਹੀ ਇਸਤੇਮਾਲ ਹੋ ਸਕੇ। ਅਜਿਹੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਕਿ ਦੇਸ਼ ਦੇ ਯੁਵਕ ਬਾਹਰਲੇ ਮੁਲਕਾਂ ਦੀ ਥਾਂ ਆਪਣੇ ਦੇਸ਼ ਵਿਚ ਹੀ ਰਹਿ ਕੇ ਆਪਣੇ ਪਸੰਦ ਦੀ ਪੜ੍ਹਾਈ ਤੇ ਰੁਜ਼ਗਾਰ ਦੀ ਪ੍ਰਾਪਤੀ ਕਰ ਸਕਣ। ਯਕੀਨਨ ਇਸ ਨਾਲ ਜਿੱਥੇ ਦੇਸ਼ ਦਾ ਕਲਿਆਣ ਹੋਏਗਾ, ਉੱਥੇ ਹੀ ਇੱਥੇ ਬੱਚੇ ਵੀ ਆਪਣੇ ਮਾਪਿਆਂ ਦੀਆਂ ਅੱਖਾਂ ਸਾਹਮਣੇ ਰਹਿਣਗੇ।

**# ਸੰਪਰਕ : 98552-59650**

# ਹੁਣ ਪਿੰਡ ਵੀ ਬਣ ਗਏ ਸ਼ਹਿਰਾਂ ਵਰਗੇ

**ਹਰਬਿੰਦਰ ਸਿੰਘ ਰਾਣਾ**

ਵਾਕਿਆ ਹੀ ਪਿੰਡਾਂ 'ਚ ਹੁਣ ਬੜਾ ਕੁਝ ਬਦਲ ਗਿਆ ਹੈ। ਪਿੰਡ ਤਾਂ ਹੁਣ ਉਹ ਪਿੰਡ ਹੀ ਨਹੀਂ ਰਹੇ ਹਨ, ਪਰ ਹਾਂ, ਪਿੰਡ ਸ਼ਹਿਰਾਂ ਵਰਗੇ ਬਣਦੇ ਵੀ ਕਿਉਂ ਨਾ, ਕਿਉਂਕਿ ਵੱਖ-ਵੱਖ ਸਮੇਂ ਦੌਰਾਨ ਹਾਕਮ ਧਿਰ ਬਣੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਵੀ ਅਜੋਕੇ ਪਿੰਡਾਂ ਨੂੰ ਪਿੰਡ ਨਹੀਂ ਰਹਿਣ ਦਿੱਤਾ ਹੈ, ਸਗੋਂ ਸ਼ਹਿਰਾਂ ਵਾਂਗੂ ਬਣਨ/ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਹੈ। ਰਾਜਸੀ ਲੀਡਰ ਪਿੰਡਾਂ ਨੂੰ ਵਿਕਾਸ ਪੱਖੋਂ ਭਾਵੇਂ ਸ਼ਹਿਰਾਂ ਵਾਂਗੂ ਤਾਂ ਨਹੀਂ ਬਣਾ ਸਕੇ ਹਨ। ਸ਼ਹਿਰਾਂ ਦੇ ਮੁਕਾਬਲਤਨ ਪਿੰਡ ਹਾਲੇ ਵੀ ਵਿਕਾਸ ਕਾਰਜ, ਸੁੱਖ-ਸਹੂਲਤਾਂ ਅਤੇ ਬੁਨਿਆਦੀ ਢਾਂਚੇ ਤੋਂ ਸੱਖਣੇ/ਅਧੂਰੇ ਹਨ, ਪ੍ਰੰਤੂ ਸ਼ਹਿਰੀ ਲੋਕਾਂ ਦੀ ਤਰ੍ਹਾਂ ਵਿਵਹਾਰ, ਮਿਲਾਪ, ਇਕੱਲਤਾ ਅਤੇ ਆਪਣੇ ਕੰਮ ਨਾਲ ਮਤਲਬ ਰੱਖਣਾ ਭਾਵ ਕਿਸੇ ਲਈ ਬਗੈਰ ਸਵਾਰਥ ਤੋਂ ਸਮਾਂ ਨਾ ਕੱਢਣਾ ਜਾਂ ਕਿਸੇ ਦੇ ਦੁੱਖ-ਦਰਦ ਵਿੱਚ ਭਾਈਵਾਲ ਬਣਨਾ ਵਗੈਰਾ-ਵਗੈਰਾ ਬਹੁਤ ਸਾਰੀਆਂ ਆਦਤਾਂ ਜ਼ਰੂਰ ਗ੍ਰਹਿਣ ਕਰ ਲਈਆਂ ਹਨ, ਜਿਸ ਕਾਰਨ ਪੇਂਡੂ ਜ਼ਿੰਦਗੀ ਜਿਊਣ ਵਾਲਾ ਆਪਣਾ ਹੀ ਮਨਮੋਹਕ ਤੇ ਰਸ ਭਰਿਆ ਸੁਆਦ ਹੁਣ ਬੇਸੁਆਦ ਹੋ ਗਿਆ ਹੈ। ਪਿੰਡ 'ਚ ਘੁੱਗ ਵੱਸਦੇ ਉਹ ਲੋਕ ਵੀ ਹੁਣ ਮੌਕਾਪ੍ਰਸਤ ਅਤੇ ਮਤਲਬਪ੍ਰਸਤ ਜਿਹੇ ਬਣ ਗਏ ਹਨ। ਪਿੰਡਾਂ ਦੀ ਜ਼ਿੰਦਗੀ ਬੜੀ ਬਦਲ ਗਈ ਹੈ। ਹੁਣ ਬਗੈਰ ਸਵਾਰਥ ਕੋਈ ਇੱਕ-ਦੂਜੇ ਨਾਲ ਪਿੰਡਾਂ ਅੰਦਰ ਵੀ ਸਾਂਝ, ਬੋਲਚਾਲ ਅਤੇ ਮੇਲ-ਮਿਲਾਪ ਨਹੀਂ ਰੱਖਦਾ ਹੈ। ਪੇਂਡੂ ਖੇਤਰ ਦੇ ਇਹ ਵੱਸਣ ਵਾਲੇ ਲੋਕ ਬੜੇ ਭੋਲੇ-ਭਾਲੇ, ਮਿਲਾਪੜੇ ਸੁਭਾਅ ਦੇ ਮਿਲਣਸਾਰ ਅਤੇ ਦੂਰ-ਅੰਦੇਸ਼ੀ ਸੋਚ ਵਾਲੇ, ਰਿਸ਼ਤਿਆਂ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਣ ਵਾਲੇ ਸੱਭਿਅਕ ਲੋਕ ਹੁੰਦੇ ਸਨ। ਜਿਹੜੇ ਪਿੰਡਾਂ ਅੰਦਰ ਇੱਕ-ਦੂਜੇ ਦੇ ਦੁੱਖ-ਦਰਦ ਵਿੱਚ ਸ਼ਰੀਕ ਹੋਣਾ ਅਤੇ ਦੂਜੇ ਦੀ ਪੀੜ ਨੂੰ ਆਪਣੀ ਪੀੜ ਸਮਝਣਾ/ਬਣਾ ਲੈਣਾ ਆਪਣਾ ਹੱਕ ਮੰਨਦੇ ਸਨ। ਇਨ੍ਹਾਂ ਲੋਕਾਂ ਦੇ ਮਨਾਂ ਵਿੱਚ ਇੱਕ ਮੋਹ ਭਿੱਜੇ ਰਿਸ਼ਤੇ ਤੇ ਆਪਣੇਪਨ ਦਾ ਡੂੰਘਾ ਅਹਿਸਾਸ ਹੁੰਦਾ ਸੀ, ਜਿਸ ਕਾਰਨ ਆਪਸੀ ਸਾਂਝ ਅਤੇ ਇੱਕ-ਦੂਜੇ ਵਾਸਤੇ ਖਿੱਚ ਹੁੰਦੀ ਸੀ। ਇੰਝ ਹੀ ਪਿੰਡਾਂ ਦੇ ਲੋਕਾਂ ਵਿੱਚ ਖੁਸ਼ੀਆਂ ਦੇ ਪਲ ਇੱਕ-ਦੂਸਰੇ ਨਾਲ ਸਾਂਝੇ ਕਰਨ ਉਪਰੰਤ ਆਪਣੀ ਖੁਸ਼ੀ ਨੂੰ ਦੁੱਗਣੀ-ਚੌਗੁਣੀ ਬਣਾ ਲੈਣ ਦਾ ਹੁਨਰ ਮਿਲੀ ਕੁਦਰਤੀ ਇੱਕ ਦਾਤ ਵਾਂਗੂੰ ਹੁੰਦਾ ਸੀ। ਪੇਂਡੂ ਲੋਕਾਂ ਦੀ ਜ਼ਿੰਦਗੀ ਬਹੁਤ ਸਾਦਗੀ ਭਰੀ, ਸਾੜੇ ਰਹਿਤ ਅਤੇ ਨਿਰਵਿਰੋਧ ਸੀ। ਲੋਕ ਬੜੇ ਖੁਸ਼ ਸਨ। ਉਨ੍ਹਾਂ ਅੰਦਰ ਤਿਆਗ ਦੀ ਭਾਵਨਾ ਸੀ। ਦੂਜਿਆਂ ਦੀ ਹੁੰਦੀ ਤਰੱਕੀ ਵੇਖ ਕੇ ਖੁਸ਼ ਹੁੰਦੇ ਸਨ। ਅਜੋਕੇ ਦੌਰ ਵਾਂਗੂ ਲਾਲਚੀ, ਕੰਜੂਸ ਤੇ ਤੰਗ ਦਿਲ ਸੋਚ ਵਾਲੇ ਬਿਲਕੁਲ ਨਹੀਂ ਸਨ। ਭਾਵ ਅੱਜ-ਕੱਲ੍ਹ ਵਾਂਗੂੰ ਸੱਪਣੀ ਮਾਨਸਿਕਤਾ ਦੇ ਧਾਰਨੀ ਵੀ ਨਹੀਂ ਸਨ, ਪ੍ਰੰਤੂ ਬੜੇ ਦੁਖੀ ਹਿਰਦੇ ਨਾਲ ਆਖਣਾ ਪੈ ਰਿਹਾ ਕਿ ਹੁਣ ਉਪਰੋਕਤ ਵਾਂਗ ਪੇਂਡੂ ਲੋਕ ਜੀਵਨ ਨਹੀਂ ਬਚਿਆ। ਸਭ ਕੁਝ ਤਹਿਸ-ਨਹਿਸ ਹੋ ਗਿਆ ਹੈ। ਲੋਕਾਂ ਵਿੱਚ ਆਪੋਧਾਪ ਪੈ ਗਈ ਹੈ। ਜਿੱਥੇ ਪਿੰਡ 'ਚ ਇੱਕ ਦੀ ਧੀ-ਭੈਣ ਸਭ ਧੀ-ਭੈਣ ਹੋਇਆ ਕਰਦੀ ਸੀ, ਉੱਥੇ ਹੁਣ ਜਿਹਦੀ ਧੀ-ਭੈਣ, ਉਸੇ ਦੀ ਹੀ ਧੀ-ਭੈਣ ਹੈ। ਹੁਣ ਦੂਜੇ ਦੀ ਇੱਜ਼ਤ ਨੂੰ ਕੋਈ ਆਪਣੀ ਇੱਜ਼ਤ ਨਹੀਂ ਸਮਝਦਾ ਹੈ। ਲੋਕਾਂ ਦੇ ਮਨਾਂ ਅੰਦਰ ਬੜਾ ਫਰਕ ਆ ਗਿਆ ਹੈ। ਸ਼ਹਿਰਾਂ ਵਾਂਗੂੰ ਤੁਹਾਡੇ ਗੁਆਂਢ 'ਚ ਕੀ ਵਾਪਰਦਾ ਹੈ ਜਾਂ ਨਹੀਂ, ਕਿਸੇ ਨੂੰ ਕੋਈ ਪ੍ਰਵਾਹ ਨਹੀਂ ਰਹੀ। ਕੋਈ ਬਿਮਾਰ ਹੈ ਜਾਂ ਮਰ ਗਿਆ ਹੈ, ਕਿਸੇ ਨੂੰ ਕੋਈ ਫਰਕ ਨਹੀਂ ਪੈਂਦਾ ਹੈ। ਹੁਣ ਹੋਰ ਤਾਂ ਛੱਡੋ, ਮਰ ਗਏ ਬੰਦੇ ਪਿੱਛੇ ਸ਼ਮਸ਼ਾਨਘਾਟ ਵੀ ਘਰ-ਪਰਵਾਰ ਦੇ ਮੈਂਬਰ ਜਾਂ ਫਿਰ ਅਤਿ ਨੇੜਲੇ ਸ਼ਰੀਕੇ ਦੇ ਲੋਕ ਹੀ ਜਾਂਦੇ ਹਨ। ਅੱਜ ਇਹ ਵੀ ਕੋਈ ਅਤਿਕਥਨੀ ਨਹੀਂ ਹੈ, ਸਗੋਂ ਅਸਲੀਅਤ ਹੈ ਕਿ ਪਿੰਡਾਂ ਵਿੱਚ ਹੁਣ ਮੁਰਦੇ ਦੀ ਲਾਸ਼ ਕੋਲ ਵੀ ਘਰ ਦੇ ਲੋਕ ਹੀ ਰਾਤ ਨੂੰ ਇਕੱਲੇ ਬਹਿੰਦੇ ਹਨ। ਪਹਿਲਾਂ ਵਾਂਗੂੰ ਪਿੰਡਾਂ ਦੇ ਲੋਕ ਦੁੱਖ/ਬਿਪਤਾ ਦੀ ਘੜੀ ਦੌਰਾਨ ਹੁਣ ਦੁਖੀ ਹੋਏ/ਪੀੜਤ ਟੱਬਰ ਨਾਲ ਪਹਿਲਾਂ ਦੀ ਤਰ੍ਹਾਂ ਹਮਦਰਦੀ ਭਰਿਆ ਪ੍ਰਗਟਾਵਾ ਨਹੀਂ ਕਰਦੇ ਹਨ। ਇੱਕ ਹੋਰ ਕੌੜਾ ਸੱਚ ਪਿੰਡਾਂ ਦਾ ਇਹ ਵੀ ਹੈ ਕਿ ਅੱਜ-ਕੱਲ੍ਹ ਹੁਣ ਸੋਗ/ਅਫਸੋਸ ਵਾਲੇ ਘਰ-ਪਰਵਾਰ ਵੱਲੋਂ ਮ੍ਰਿਤਕ ਦਾ ਚੌਥਾ ਜਾਣ ਜਾਂ ਆਤਮਿਕ ਸ਼ਾਂਤੀ ਨਮਿਤ ਰਖਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਮੌਕੇ ਵਿਆਹ-ਸ਼ਾਦੀ ਦੇ ਵਾਂਗੂੰ ਸੱਦਾ ਪੱਤਰ ਭੇਜਣਾ ਪੈਂਦਾ ਹੈ। ਆਪਣੇ-ਆਪ ਲੋਕ ਸ਼ਾਮਲ ਨਹੀਂ ਹੁੰਦੇ ਹਨ। ਲੋਕਾਂ ਵਿੱਚ ਪਾਰਟੀਬਾਜ਼ੀ, ਈਰਖਾਬਾਜ਼ੀ ਅਤੇ ਹਉਮੈ ਬੜੀ ਵਧ ਗਈ ਹੈ। ਅੱਜ ਆਪਣੇ ਵਿਰੋਧੀ ਨੂੰ ਨੀਵਾਂ ਦਿਖਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਬਰ ਤਿਆਰ ਰਹਿਣ ਵਾਲੇ ਪੇਂਡੂ ਖੇਤਰ ਦੇ ਮਨੁੱਖ ਅਤਿਅੰਤ ਖਤਰਨਾਕ ਮਾਨਸਿਕਤਾ ਵਾਲੇ ਮਨੁੱਖ ਬਣ ਗਏ ਹਨ। ਇਹ ਸਭ ਕੁਝ ਕਦੋਂ ਧੌਣ ਪਰਨੇ ਹੋ ਗਿਆ। ਸੱਭਿਅਕ ਸਮਾਜ ਨੂੰ ਕੁਝ ਪਤਾ ਨਹੀਂ ਚੱਲਿਆ। ਉਂਝ ਪਿੰਡਾਂ ਦੀ ਭਾਈਚਾਰਕ ਸਾਂਝ ਖਤਮ ਹੋਣ ਦੇ ਕਈ ਕਾਰਨ ਹਨ। ਜਿਹੜੇ ਮਨੁੱਖ ਨੂੰ ਮਨੁੱਖ ਨਾਲੋਂ ਵੱਖ ਕਰਦੇ ਹਨ ਜਾਂ ਫਿਰ ਕਰ ਗਏ ਹਨ। ਆਪਸੀ ਵਿਰੋਧਾਭਾਸ ਉਤਪੰਨ ਕਰਦੇ ਹਨ। ਇਸ ਮਾਮਲੇ 'ਚ ਪਿੰਡਾਂ ਅੰਦਰ ਬੰਦੇ ਨਾਲੋਂ ਬੰਦੇ ਨੂੰ ਤੋੜਨ ਵਾਸਤੇ ਸਭ ਤੋਂ ਵੱਧ ਭਿਆਨਕ ਰੋਲ ਰਾਜਨੀਤਕ ਧਿਰਾਂ ਵੱਲੋਂ ਨਿਭਾਇਆ ਗਿਆ ਹੈ। ਰਾਜਸੀ ਆਗੂਆਂ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਖਾਤਰ ਹਰ ਪਿੰਡ ਵਿੱਚ ਮਹਿਜ਼ ਧੜੇਬੰਦੀ ਪੈਦਾ ਹੀ ਨਹੀਂ ਕੀਤੀ ਹੈ, ਸਗੋਂ ਪਿੰਡ-ਪਿੰਡ ਵਿੱਚ ਇੱਕੋ ਪਾਰਟੀ ਦੇ ਚਾਰ-ਪੰਜ ਧੜੇ ਬਣਾਏ ਹਨ। ਅਰਥਾਤ ਪੇਂਡੂ ਖੇਤਰ ਵਾਲੇ ਲੋਕਾਂ ਨੂੰ ਧੜਿਆਂ ਵਿੱਚ ਵੰਡ ਕੇ, ਫੁੱਟ ਪਾ ਕੇ ਸਫਲਤਾਪੂਰਵਕ ਸਿਆਸੀ ਖੇਡਾਂ ਖੇਡੀਆਂ ਜਾ ਰਹੀਆਂ ਹਨ। ਇਨ੍ਹਾਂ ਚੌਧਰ ਦੇ ਭੁੱਖੇ ਚੌਧਰੀਆਂ ਨੇ ਤਾਂ ਪਰਵਾਰ ਤੱਕ ਵੀ ਨਹੀਂ ਬਖਸ਼ੇ ਹਨ। ਦੂਜਾ ਅਤਿਅੰਤ ਮਹਿੰਗਾਈ ਦੇ ਇਸ ਕਾਲੇ ਦੌਰ ਨੇ ਲੋਕ ਜੀਵਨ ਅਸਤ-ਵਿਅਸਤ ਕਰਕੇ ਰੱਖ ਦਿੱਤਾ ਹੈ। ਟੱਬਰ ਦੇ ਸਾਰੇ ਜੀਆਂ ਵੱਲੋਂ ਮਿਹਨਤ ਮਜ਼ਦੂਰੀ ਕਰਨ ਉਪਰੰਤ ਵੀ ਮਸਾਂ ਨਾਲ ਘਰ-ਪਰਵਾਰ 'ਚ ਦੋ ਵਕਤ ਦੀ ਰੋਟੀ ਚੱਲਦੀ ਹੈ। ਲੋਕਾਂ ਨੂੰ ਜ਼ਿੰਮੇਵਾਰੀਆਂ ਤੋਂ ਸਿਰ ਖੁਰਕਣ ਦੀ ਫੁਰਸਤ ਤੱਕ ਨਹੀਂ ਮਿਲ ਰਹੀ ਹੈ। ਉਨ੍ਹਾਂ ਪਾਸ ਇੱਕ-ਦੂਜੇ ਦਾ ਦੁੱਖ-ਦਰਦ ਸੁਣਨ ਅਤੇ ਵੰਡਣ-ਵੰਡਾਉਣ ਦਾ ਵਿਹਲ ਕਿੱਥੇ ਰਿਹਾ ਹੈ। ਸ਼ਹਿਰੀ ਖੇਤਰ ਵਾਲੇ ਲੋਕਾਂ ਵਾਂਗ ਨਾ ਚਾਹੁੰਦੇ ਹੋਏ ਵੀ ਪਿੰਡਾਂ ਆਲੇ ਆਪਣੇ-ਆਪ ਤੱਕ ਸੀਮਤ ਰਹਿਣ ਵਾਸਤੇ ਮਜਬੂਰ ਹੋ ਗਏ ਹਨ। ਜਾਂ ਫਿਰ ਬੇਵੱਸ ਕਰ ਦਿੱਤੇ ਗਏ ਹਨ। ਹਾਲਾਤ ਬਦ ਨਾਲੋਂ ਬਦਤਰ ਬਣਾ ਦਿੱਤੇ ਗਏ ਹਨ। ਜਿੱਥੇ ਕੋਈ ਕਿਸੇ ਦਾ ਖੌਫ ਨਹੀਂ ਖਾਂਦਾ ਹੈ। ਬਿਨਾਂ ਵਜ੍ਹਾ ਤੋਂ ਹਰ ਕੋਈ ਰਾਣੀ ਖਾਂ ਬਣਿਆ ਫਿਰਦਾ ਹੈ। ਮਨੁੱਖ ਦਾ ਮਨੁੱਖ ਨਾਲੋਂ ਇੰਝ ਲਗਾਤਾਰ ਦੂਰ ਹੁੰਦੇ ਜਾਣਾ ਨਿਕਟ ਭਵਿੱਖ ਲਈ ਖਤਰੇ ਦੀ ਘੰਟੀ ਹੈ। ਜੇ ਹਾਲ ਇਹੋ ਰਿਹਾ ਤਾਂ ਅੱਗਿਓਂ ਹਰ ਬੰਦੇ ਦਾ ਇੱਥੇ ਮੁਸ਼ਕਲ ਹੋ ਜਾਊ ਜਿਊਣਾ। ਜੇਕਰ ਅਸੀਂ ਹਾਲੇ ਵੀ ਨਾ ਸੰਭਲੇ ਤਾਂ ਫਿਰ ਸੋਚਾਂ ਵਿੱਚ ਹੀ ਵਕਤ ਗੁਜ਼ਰੇਗਾ ਅਤੇ ਮਨੁੱਖ ਨੂੰ ਨੀਂਦ ਕਦੇ ਨਹੀਂ ਪੈਣੀ ਹੈ। ਅੱਜ ਮਨੁੱਖ ਨੂੰ ਆਪਣੀ ਵਿਧਵਤਾ ਤੇ ਸੂਝਬੂਝ ਤੋਂ ਕੰਮ ਲੈਣਾ ਪੈਣਾ ਹੈ। ਆਪਣੇ-ਆਪ ਨੂੰ ਬਦਲਣਾ ਪੈਣਾ ਹੈ। ਫੋਕੀ ਆਕੜ, ਝੂਠਾ ਵਿਖਾਵਾ ਛੱਡ ਕੇ ਰਿਸ਼ਤਿਆਂ ਨੂੰ ਅਹਿਮੀਅਤ ਦੇਣੀ/ਕਦਰ ਕਰਨੀ, ਵੱਡ-ਵਡੇਰਿਆਂ ਦਾ ਸਨਮਾਨ ਅਤੇ ਨਿਰੋਏ ਸਮਾਜ ਦਾ ਨਿਰਮਾਣ ਕਰਨ ਵਾਸਤੇ ਆਪਣੇ ਫਰਜ਼ਾਂ ਨੂੰ ਜ਼ਿੰਮੇਵਾਰੀ ਨਾਲ ਨਿਭਾਉਣਾ ਪੈਣਾ ਹੈ। ਸਾਨੂੰ ਆਪੋ-ਆਪਣੀਆਂ ਪਰਵਾਰਕ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਆਪਣੀ ਅਮੀਰ ਤੇ ਲਾਸਾਨੀ ਸੱਭਿਅਤਾ, ਸੱਭਿਆਚਾਰ, ਵਿਰਾਸਤ, ਸਮਾਜਿਕ/ਨੈਤਿਕ ਕਦਰਾਂ-ਕੀਮਤਾਂ ਨੂੰ ਬਹਾਲ/ਬਰਕਰਾਰ ਰੱਖਦੇ ਹੋਏ ਆਪਸੀ ਮੋਹ ਪਿਆਰ, ਮੁਹੱਬਤ ਅਤੇ ਸਨੇਹ ਭਰੀ ਜ਼ਿੰਦਗੀ ਜਿਊਣ ਲਈ ਅਹਿਦ ਕਰਨਾ ਪਵੇਗਾ।

***# ਸੰਪਰਕ : 98881-45991***

# ਕੀ ਹਰ ਵਾਰ ਮੰਗਾਂ ਦੇ ਹੱਲ ਲਈ ਬਿਜਲੀ ਦਾ ਕੰਮ ਠੱਪ ਕਰਨਾ ਪਊ ?

**ਇੰਜ. ਜਗਜੀਤ ਸਿੰਘ ਕੰਡਾ ਕੋਟਕਪੂਰਾ**

ਅਜੋਕੇ ਸਮੇਂ ਵਿੱਚ ਬਿਜਲੀ ਇਨਸਾਨ ਲਈ ਅੱਜ ਛੇਵੇਂ ਤੱਤ ਦੇ ਬਰਾਬਰ ਹੈ । ਬਿਜਲੀ ਸਪਲਾਈ ਅਜੇ ਬੰਦ ਹੀ ਹੋਈ ਹੁੰਦੀ ਹੈ ? ਬਿਜਲੀ ਕਦੋਂ ਆਊਗੀ ਇਹ ਪੁੱਛਣ ਲਈ ਬਿਜਲੀ ਘਰਾਂ ਦੇ ਫੋਨ ਸੈਂਕੜੇ ਫੋਨ ਕਾਲਾਂ ਵਿਅਸਤ ਕਰ ਦਿੰਦੀਆਂ ਹਨ । ਬਿਜਲੀ ਘਰਾਂ ਵਿੱਚ ਇਕੱਲਾ ਕਰਮਚਾਰੀ ਅਪ੍ਰੇਸ਼ਨਾਂ ਕਰਕੇ ਬਿਜਲੀ ਸਪਲਾਈ ਬਹਾਲ ਕਰੇ ਜਾਂ ਫੋਨ ਸੁਣੇ ? ਇਹ ਫੋਨ ਕੰਪਲੇਟ ਸੈਂਟਰਾਂ ਅਤੇ ਅਧਿਕਾਰੀਆਂ ਨੂੰ ਵੀ ਜਾਂਦੇ ਹਨ। ਇਹ ਵੱਡੀ ਸਮੱਸਿਆ ਹੈ ! ਬਹੁਤੇ ਬਿਜਲੀ ਘਰਾਂ ਦੇ ਕਾਮਿਆਂ ਨੂੰ ਫੋਨ ਨਾ ਸੁਣਨ ਕਰਕੇ ਲੋਕਾਂ ਵੱਲੋਂ ਕੀਤੀ ਸ਼ਿਕਾਇਤ ਤੇ ਚੁਣੇ ਹੋਏ ਨੁਮਾਇੰਦੇ ਦਾਬਾ ਵੀ ਮਾਰਦੇ ਹਨ। ਖੈਰ !!

ਪੰਜਾਬ ਦੇ ਛੇਵੇਂ ਪੇ-ਕਮਿਸ਼ਨ ਦੀਆਂ ਰਿਪੋਰਟਾਂ ਮੁਤਾਬਕ ਬਿਜਲੀ ਨਿਗਮ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਸੰਬੰਧੀ ਮਸਲੇ ਪੈਦਾ ਹੋਏ, ਉਨ੍ਹਾਂ ਵਿੱਚੋਂ ਇੱਕ ਪੇ-ਬੈਂਡ ਦਾ ਮਸਲਾ ਪਿਛਲੇ ਲੰਬੇ ਸਮੇਂ ਤੋਂ ਤੁਰਿਆ ਆ ਰਿਹਾ ਸੀ। ਕਿਸੇ ਵੀ ਮੈਨੇਜਮੈਂਟ ਜਾਂ ਸਰਕਾਰ ਨੇ ਹੱਲ ਕਰਕੇ ਖਤਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ । ਉਲਟਾ ਇਸ ਨੂੰ ਹੋਰ ਗੁੰਝਲਦਾਰ ਕਰਕੇ ਬਾਕੀ ਮੰਗਾਂ-ਮੁਸ਼ਕਲਾਂ ਵਿੱਚ ਉਲਝਾ ਦਿੱਤਾ। ਸਾਲ 2021 ਦੌਰਾਨ ਪੇ-ਕਮਿਸ਼ਨ ਦੀ ਰਿਪੋਰਟ ਦੇ ਸਮੇਂ ਬਿਜਲੀ ਨਿਗਮ ਦੇ ਕਾਮਿਆਂ ਨੂੰ ਅਹਿਸਾਸ ਹੋਇਆ ਕਿ ਜੇਕਰ ਹੁਣ ਪੇ-ਬੈਂਡ ਦਾ ਮਸਲਾ ਨਾ ਸੁਲਝਾ ਸਕੇ ਤਾਂ ਫਿਰ ਕਦੇ ਵੀ ਹੱਲ ਨਹੀਂ ਹੋਣਾ, ਕਿਉਂਕਿ ਪੇ-ਬੈਂਡ ਪੰਜਾਬ ਸਰਕਾਰ ਦੇ ਅਧੀਨ ਬਾਕੀ ਕਈ ਮਹਿਕਮੇ ਲੈ ਚੁੱਕੇ ਸਨ। ਇੱਥੇ ਮਸਲਾ ਪੈਦਾ ਹੋ ਗਿਆ ਹੱਕਾਂ ਦੀ ਖਾਤਰ ਸੰਘਰਸ਼ ਦੇ ਪਿੜ ਮੱਲਣ ਦਾ। ਸੰਘਰਸ਼ ਵਿੱਚ ਨਰੋਆ ਜੀਵਨ ਛੁਪਿਆ ਹੋਇਆ ਹੈ। ਸੰਘਰਸ਼ ਜਿੱਤਣ ਲਈ ਹੌਸਲੇ ਤੇ ਸੱਚਾਈ ਦੀ ਵੱਡੀ ਲੋੜ ਹੈ। ਹੌਸਲਾ ਜਿੰਨਾ ਵੱਡਾ ਹੋਵੇਗਾ, ਮੁਸ਼ਕਲਾਂ ਨੂੰ ਉਨ੍ਹਾਂ ਹੀ ਛੋਟਾ ਕਰ ਦੇਵੇਗਾ । ਹੌਸਲਾ ਸਾਨੂੰ ਸਹੀ ਸਮੇਂ ਉੱਪਰ ਸਹੀ ਫੈਸਲੇ ਲੈਣ ਦਾ ਗਿਆਨ ਦਿੰਦਾ ਹੈ । ਇਸੇ ਹੌਸਲੇ ਦੇ ਤਹਿਤ ਪੇ-ਬੈਂਡ ਦਾ ਸੰਘਰਸ਼ ਸ਼ੁਰੂ ਕੀਤਾ ਗਿਆ। ਸਮੂਹਿਕ ਛੁੱਟੀ ਦੇ ਐਲਾਨ ਤੇ ਬਿਜਲੀ ਨਿਗਮ ਦੇ ਸਾਰੇ ਹੀ ਸੰਘਰਸ਼ੀ ਕਾਮਿਆਂ ਨੇ ਤਨ, ਮਨ ਤੇ ਧਨ ਨਾਲ ਆਪਣਾ ਵੱਡਮੁੱਲਾ ਯੋਗਦਾਨ ਪਾਇਆ । ਕਈ ਛੋਟੀਆਂ-ਵੱਡੀਆਂ ਲਾਈਨਾਂ ਦੇ ਬੰਦ ਹੋਣ ਨਾਲ ਤੇ ਬਹੁਤੇ ਥਾਈ ਬਿਜਲੀ ਘਰਾਂ ਦੇ ਬੰਦ ਹੋਣ ਨਾਲ ਪੰਜਾਬ ਵਾਸੀਆਂ ਨੂੰ ਬਿਜਲੀ ਬੰਦ ਹੋਣ ਕਰਕੇ ਵੱਡੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ । ਹਰ ਮਹਿਕਮੇ ਵਿੱਚ ਇੱਕ ਲੀਗਲ ਸੈਲ ਬਣਿਆ ਹੁੰਦਾ ਹੈ, ਜਿਸ ਦੀ ਰਾਇ ਲੈ ਕੇ ਅਧਿਕਾਰੀ ਫੈਸਲਾ ਲੈਂਦੇ ਹਨ । ਹੁਣ ਲੀਗਲ ਸੈੱਲ ਹੀ ਕ੍ਰਮਚਾਰੀ ਨੂੰ ਉਸਦੇ ਬਣਦੇ ਜਾਇਜ਼ ਬਕਾਏ ਆਦਿ ਦੇਣ ਤੋਂ ਟਾਲਾ ਵੱਟਦੇ ਹੋਏ ਕੋਰਟਾਂ ਵੱਲ ਰੁੱਖ ਕਰਨ ਦੀ ਸਲਾਹ ਦਿੰਦੇ ਹਨ । ਕਰਮਚਾਰੀ ਦਾ ਬਕਾਇਆ ਕਿਸੇ ਕਾਰਨ ਬਣਦਾ ਤਾਂ 2 ਲੱਖ ਹੁੰਦਾ ਹੈ, ਲੀਗਲ ਸੈੱਲ ਦੀ ਵਜ੍ਹਾ ਕਾਰਨ ਕਾਮਾ ਉਸ 'ਤੇ ਇੱਕ ਲੱਖ ਵਕੀਲ ਨੂੰ ਫੀਸ ਦਿੰਦਾ ਹੈ ਤੇ ਮਹਿਕਮਾ ਪੈਨਲ ਵਾਲੇ ਵਕੀਲਾਂ ਨੂੰ ਚਾਰ-ਚਾਰ ਲੱਖ ਦੇ ਕੇ ਕੇਸ ਫਿਰ ਹਾਰ ਜਾਂਦਾ ਹੈ । ਹੁਣ ਮਹਿਕਮੇ ਤੇ ਕਰਮਚਾਰੀ ਦਾ ਟਾਈਮ ਤੇ ਪੈਸਾ ਖਰਾਬ ਹੋਇਆ। ਕਰਮਚਾਰੀ ਨੂੰ ਦੇਣਾ ਸੀ 2 ਲੱਖ, ਲਾ ਦਿੱਤਾ 4 ਲੱਖ 'ਕੌਣ ਆਖੇ ਰਾਣੀ ਅੱਗਾ ਢੱਕ'!! ਸਮਾਂ ਆਉਣ 'ਤੇ ਕਰਮਚਾਰੀਆਂ ਦਾ ਗੁੱਸਾ ਤੇ ਰੋਸ ਮੈਨੇਜਮੈਂਟ ਅਤੇ ਸਰਕਾਰ ਦੇ ਵਿਰੁੱਧ ਨਿਕਲਦਾ ਹੈ।ਇਸੇ ਹੀ ਕਾਰਨ ਬਿਜਲੀ ਨਿਗਮ ਦੇ ਕਰਮਚਾਰੀਆਂ ਨੇ 15 ਦਿਨਾਂ ਦੇ ਕਰੀਬ ਬਿਜਲੀ ਨਿਗਮ ਨੂੰ ਬੰਦ ਕਰਕੇ ਪੇ-ਬੈਂਡ ਦਾ ਸੰਘਰਸ਼ ਸਾਲ-2021ਵਿੱਚ ਜਿੱਤਿਆ। ਮੁਲਾਜ਼ਮਾਂ ਦਾ ਜੋ ਤਿਲਫੁੱਲ ਬਣਦਾ ਸੀ, ਪਹਿਲੇ ਦਿਨ ਹੀ ਟੇਬਲ ਟਾਕ ਰਾਹੀਂ ਦੇ ਦੇਣਾ ਚਾਹੀਦਾ ਸੀ । ਨਾਲੇ ਤਾਂ ਮਹਿਕਮੇ ਨੇ ਆਪਣੇ ਰੈਵੇਨਿਊ ਦਾ ਨੁਕਸਾਨ ਕਰਵਾਇਆ ਨਾਲੇ ਬਹੁਤੇ ਬਿਜਲੀ ਘਰਾਂ ਤੇ ਲਾਈਨਾਂ ਦਾ ਨੁਕਸਾਨ ਹੋਇਆ ।

ਇੱਥੇ ਫਿਰ ਸਵਾਲ ਖੜ੍ਹਾ ਹੋ ਗਿਆ, ਪੇ-ਬੈਂਡ ਬਾਕੀਆਂ ਨੂੰ ਤਾਂ ਦੇ ਦਿੱਤਾ, ਪਰ ਘੁੰਡੀ ਰੱਖ ਕੇ ਓਸੀ/ਏ ਐਸ ਐਸ ਏ ਕੈਟਾਗਰੀ ਦਾ ਹੱਕ ਬਣਦਾ ਸੀ, ਉਸ ਨੂੰ ਤੇਰ-ਮੇਰ ਦਾ ਹਵਾਲਾ ਦੇ ਕੇ ਛੱਡਿਆ ਗਿਆ । ਅਸਲ ਵਿੱਚ ਇਹ ਪੇ-ਅਨਾਮਲੀ ਸਾਲ-1996 ਤੋਂ ਤੁਰੀ ਆ ਰਹੀ ਹੈ, ਜੋ ਹੁਣ ਸੈਂਕੜੇ ਤੋਂ ਵਧ ਕੇ ਹਜ਼ਾਰਾਂ ਵਿੱਚ ਬਦਲ ਗਈ ਸੀ। ਇਹ ਅਨਾਮਲੀ ਸਾਲ-1996 ਤੋਂ ਦੂਰ ਕਰਨੀ ਬਣਦੀ ਹੈ, ਜਿਸ ਕਾਰਨ ਉਨ੍ਹਾਂ ਦੇ ਮਨਾ ਵਿੱਚ ਰੋਸ ਦੀ ਲਹਿਰ ਜਾਗ ਪਈ ਤੇ ਅਖੀਰ ਮਿਤੀ 10-09-24 ਤੋਂ 13-09-24 ਤੱਕ ਸਮੂਹਿਕ ਛੁੱਟੀ ਦੇ ਰੂਪ ਵਿੱਚ ਭਖੀ ਧੂਣੀ ਨੇ ਅੱਗ ਦਾ ਰੂਪ ਧਾਰ ਲਿਆ । ਨਾਲ-ਨਾਲ ਹੁਣ ਤੱਕ ਬਾਕੀ ਮੰਗਾਂ-ਮੁਸ਼ਕਲਾਂ ਦਾ ਵੀ ਵੱਡਾ ਟੋਕਰਾ ਭਰ ਗਿਆ ਸੀ । ਮੈਨੇਜਮੈਂਟਾਂ ਤੇ ਸਰਕਾਰ ਬਾਕੀ ਮੁਲਾਜ਼ਮਾਂ ਦੀ ਤਰ੍ਹਾਂ ਬਿਜਲੀ ਨਿਗਮ ਦੇ ਮੁਲਾਜ਼ਮਾਂ ਨੂੰ ਵੀ ਕੁੱਝ ਹੱਥ ਝਾੜੇ ਤੋਂ ਬਿਨਾਂ ਡੰਗ-ਟਪਾਊ ਲਾਰੇ-ਲੱਪਿਆਂ ਵਿੱਚ ਰੱਖ ਕੇ ਟਾਈਮ ਟਪਾਉਣਾ ਚਾਹੁੰਦੀ ਸੀ। ਸਾਲ 2021 ਵਾਲੇ ਸੰਘਰਸ਼ ਦੀ ਜਿੱਤ ਨੇ ਬਿਜਲੀ ਮੁਲਾਜ਼ਮਾਂ ਦੇ ਅੰਦਰਲੇ ਹੌਸਲੇ ਨੂੰ ਸਿੰਜਿਆ ਹੋਇਆ ਸੀ। ਮੈਨੇਜਮੈਂਟ ਤੇ ਸਰਕਾਰ ਇਸ ਤੋਂ ਬੇਖਬਰ ਸਨ ਕਿ ਤਿੰਨ ਦਿਨ ਦੀ ਸਮੂਹਿਕ ਛੁੱਟੀ ਤੋਂ ਬਾਅਦ ਇਹ ਆਪੇ ਹੀ ਡਿਊਟੀਆਂ 'ਤੇ ਆ ਜਾਣਗੇ । ਅਸੀਂ ਤਿੰਨ ਦਿਨ ਕਲਰਕਾਂ ਤੇ ਅਫਸਰਾਂ ਨੂੰ ਬਿਜਲੀ ਘਰਾਂ ਵਿੱਚ ਤੈਨਾਤ ਕਰਕੇ ਸਾਰ ਲਵਾਂਗੇ। ਕਲੈਰੀਕਲ ਕਾਮਿਆਂ ਨੂੰ ਬਿਜਲੀ ਘਰਾਂ ਵਿੱਚ ਲਾਉਣਾ ਮਚਦੀ ਅੱਗ ਦੀ ਭੱਠੀ ਵਿੱਚ ਸੁੱਟਣ ਦੇ ਬਰਾਬਰ ਹੈ। ਨਾਲ-ਨਾਲ ਮੈਨੇਜਮੈਂਟਾਂ ਤੇ ਸਰਕਾਰ ਐਸਮਾ ਵਰਗੇ ਦਾਬੇ ਮਾਰ ਕੇ ਲੋਕਾਂ ਦੇ ਦਿਲ ਦਹਿਲਾਉਣਾ ਚਾਹੁੰਦੀ ਸੀ । ਅਸਲ ਵਿੱਚ ਬਿਜਲੀ ਕਾਮੇ ਜਿੱਥੇ ਆਪਣੇ ਫਰਜ਼ਾਂ ਤੋਂ ਪਿੱਛੇ ਨਹੀਂ ਹਟਦੇ, ਉੱਥੇ ਹੱਕਾਂ ਲਈ ਵੀ ਕਰੋ ਜਾਂ ਮਰੋ ਦੀ ਨੀਤੀ ਅਖਤਿਆਰ ਕਰ ਚੁੱਕੇ ਸਨ । ਉਸ ਦਾ ਮੁੱਢਲਾ ਕਾਰਨ ਸਾਲ 2021 ਵਾਲੇ ਸੰਘਰਸ਼ ਦੀ ਜਿੱਤ ਸੀ। ਸੀਰੀਆ ਵਿੱਚ ਵੀ ਜਦ ਸਰਕਾਰ ਨੇ ਆਪਣੇ ਵਿਰੁੱਧ ਉੱਠਦੀਆਂ ਆਵਾਜ਼ਾਂ ਨੂੰ ਬੰਦ ਕਰਨ ਲਈ ਤਸ਼ੱਦਦ ਵਾਲਾ ਰੁਖ ਅਪਣਾਇਆ ਤਾਂ ਲੋਕ ਤਸ਼ੱਦਦ ਝੱਲ ਗਏ। ਬਹੁਤ ਕੀਮਤੀ ਜਾਨਾਂ ਵੀ ਗਵਾਈਆਂ, ਜੋ ਸਰਕਾਰ ਦੇ ਤਸ਼ੱਦਦ ਦਾ ਸ਼ਿਕਾਰ ਬਣੀਆਂ, ਪ੍ਰੰਤੂ ਲੋਕ ਕਈ ਗੁਣਾਂ ਤਾਕਤਵਰ ਹੋ ਕੇ ਅੱਗੇ ਆਏ ਤੇ ਰਾਜ ਪਲਟਾ ਕੀਤਾ, ਅੱਜ ਮੁਲਾਜ਼ਮ ਵਰਗ ਨੇ ਆਪਣੇ ਸੁਹਿਰਦ ਲੀਡਰਾਂ ਨੂੰ ਇਹ ਚੇਤਾਵਨੀ ਜਾਰੀ ਕਰ ਦਿੱਤੀ ਸੀ ਕਿ ਜੇਕਰ ਤੁਸੀਂ ਲਾਰਿਆਂ ਦੇ ਛਣਕਣੇ ਲੈ ਕੇ ਮੁੜੇ ਤਾਂ ਫਿਰ ਅਸੀਂ ਖੁਦ ਸੰਘਰਸ਼ ਦੀ ਕਮਾਨ ਸੰਭਾਲਣ ਦੇ ਲਈ ਅੱਗੇ ਆਵਾਂਗੇ, ਜਿਸ 'ਤੇ ਸਾਡੀ ਲੀਡਰਸ਼ਿਪ ਨੇ ਪਹਿਰਾ ਦਿੰਦੇ ਹੋਏ ਸਹੀ ਵਕਤ ਤੇ ਸਹੀ ਫੈਸਲੇ ਕਰਕੇ ਮੁਲਾਜ਼ਮਾਂ ਦੀ ਝੋਲੀ ਮੰਗਾਂ ਦੀ ਪੂਰਤੀ ਨਾਲ ਭਰ ਦਿੱਤੀ ਹੈ।

ਹੁਣ ਗੱਲ ਫੇਰ ਉਸੇ ਥਾਂ ਆ ਕੇ ਖੜ੍ਹਗੀ, ਜਦ ਮੁਲਾਜ਼ਮਾਂ ਦੀਆਂ ਮੰਗਾਂ ਜਾਇਜ਼ ਸਨ, ਪੂਰੀਆਂ ਬਹੁਤ ਸਮਾਂ ਪਹਿਲਾਂ ਕਰ ਦੇਣੀਆਂ ਚਾਹੀਦੀਆਂ ਸਨ। ਐਡੇ ਵੱਡੇ ਮੰਗਾਂ ਦੇ ਅੰਬਾਰ ਨਾ ਲੱਗਦੇ, ਇਹ ਗੱਲ ਮੀਟਿੰਗ ਵਿੱਚ ਸਰਕਾਰ ਵੀ ਮੰਨੀ ਹੈ । ਜਾਇਜ਼ ਤੇ ਹੱਕੀ ਮੰਗਾਂ ਨੂੰ ਲਾਗੂ ਕਰਨ ਲਈ ਜੇਕਰ ਪਬਲਿਕ ਸੈਕਟਰ ਦੇ ਇਸ ਮਹਿਕਮੇ ਵਿੱਚ ਜਿੱਥੇ ਅਸ਼ੈਂਸ਼ੀਅਲ ਸਰਵਿਸ ਹੋਵੇ, ਨੂੰ ਬੰਦ ਕਰਕੇ ਸਾਰੀ ਬਿਜਲੀ ਸਪਲਾਈ ਠੱਪ ਹੋਣ ਦਾ ਇੰਤਜ਼ਾਰ ਕਰਦੇ ਹੋਏ ਕਾਰਵਾਈ ਕੀਤੀ ਜਾਵੇ। ਇਹ ਤਰੀਕਾ ਬਹੁਤ ਹੀ ਨਿੰਦਣਯੋਗ ਹੈ। ਇਸ ਅਦਾਰੇ ਵਿੱਚ ਭਾਵ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਪੈਦਾ ਹੀ ਨਹੀਂ ਹੋਣ ਦੇਣੀਆਂ ਚਾਹੀਦੀਆਂ। ਜੇਕਰ ਹੋ ਵੀ ਗਈਆਂ ਤਾਂ ਕਿਸੇ ਦੂਜੇ ਨੂੰ ਪਤਾ ਲੱਗਣ ਤੋਂ ਪਹਿਲਾਂ ਹੱਲ ਕਰ ਦੇਣਾ ਬਣਦਾ ਹੈ, ਪਰ ਹੋ ਉਲਟ ਰਿਹਾ ਹੈ। ਜਦੋਂ ਤੱਕ ਬਿਜਲੀ ਨਿਗਮ ਦੇ ਮੁਲਾਜ਼ਮ ਸੜਕਾਂ 'ਤੇ ਆ ਕੇ ਆਪਣਾ ਰੋਸ ਨਹੀਂ ਜਤਾਉਂਦੇ, ਕੋਈ ਸੁਣਨ ਨੂੰ ਹੀ ਤਿਆਰ ਨਹੀਂ ਹੁੰਦਾ।

(● ਬਾਕੀ ਸਫ਼ਾ 3 'ਤੇ)

# ਨਜਾਇਜ਼ ਬਿਜਲੀ ਬਿੱਲਾਂ ਦੀ ਜਬਰੀ ਵਸੂਲੀ ਵਿਰੁੱਧ ਰੋਸ ਮੁਜ਼ਾਹਰਾ

## ਮਜ਼ਦੂਰਾਂ ਵੱਲੋਂ ਨਜਾਇਜ਼ ਭੇਜੇ ਬਿਜਲੀ ਬਿੱਲ ਰੱਦ ਕਰਨ ਦੀ ਮੰਗ



**ਜਗਰਾਉਂ (ਸੰਜੀਵ ਅਰੋੜਾ)**-ਦਲਿਤ ਸਮਾਜ ਨੂੰ ਅਨੁਸੂਚਿਤ ਜਾਤੀਆਂ ਦੇ ਅਧਾਰ 'ਤੇ ਮਿਲਦੀ ਬਿਜਲੀ ਬਿੱਲਾਂ ਉਪਰ ਮੁਆਫੀ ਨੂੰ ਕੱਟ ਕੇ ਭੇਜੇ ਗਏ ਨਜਾਇਜ਼ ਬਿਜਲੀ ਬਿੱਲਾਂ ਕਾਰਨ ਵੱਡੀਆਂ ਰਕਮਾਂ ਵਿੱਚ ਖੜ੍ਹੇ ਬਿਜਲੀ ਬਿੱਲ ਬਕਾਇਆ ਦੀ ਪਾਵਰਕਾਮ ਵੱਲੋਂ ਕੀਤੀ ਜਾ ਰਹੀ ਜਬਰੀ ਵਸੂਲੀ ਦੇ ਵਿਰੋਧ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਸਬ ਡਵੀਜ਼ਨ ਪਾਵਰਕਾਮ ਸਿੱਧਵਾਂ ਖ਼ੁਰਦ ਦੇ ਦਫ਼ਤਰ ਅੱਗੇ ਰੋਸ ਮੁਜ਼ਾਹਰਾ ਕੀਤਾ ਗਿਆ ਅਤੇ ਇਸ ਸਬੰਧੀ ਸਿੱਧਵਾਂ ਖ਼ੁਰਦ ਸਥਿਤ ਸਬ ਡਵੀਜ਼ਨ ਪਾਵਰਕਾਮ ਦੇ ਦਫ਼ਤਰ ਦੇ ਹਾਜ਼ਰ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਰੋਸ ਮੁਜ਼ਾਹਰੇ ਵਿੱਚ ਮਜ਼ਦੂਰ ਮਰਦ ਔਰਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਮਜ਼ਦੂਰਾਂ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਦੇ ਅਧਾਰ 'ਤੇ ਮਿਲਦੀ ਬਿਜਲੀ ਬਿੱਲਾਂ ਦੀ ਮੁਆਫੀ ਕੱਟ ਕੇ ਭੇਜੇ ਨਜਾਇਜ਼ ਬਿੱਲਾਂ ਨੂੰ ਠੀਕ ਕਰਨ ਦੀ ਬਜਾਏ ਐੱਸਡੀਓ ਪਾਵਰਕਾਮ ਸਿੱਧਵਾਂ ਖ਼ੁਰਦ ਵੱਲੋਂ ਮਜ਼ਦੂਰਾਂ ਨੂੰ ਨਜਾਇਜ਼ ਭੇਜੇ ਗਏ ਬਿਜਲੀ ਬਿੱਲ ਭਰਨ ਦੇ ਹੁਕਮ ਦੇ ਕੇ ਮਜ਼ਦੂਰਾਂ ਦੇ ਕੁਨੈਕਸ਼ਨ ਕੱਟਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਪਾਵਰਕਾਮ ਅਧਿਕਾਰੀ ਦੇ ਅਜਿਹੇ ਵਰਤਾਅ ਤੋਂ ਪਿੰਡਾਂ ਦੇ ਦਲਿਤ ਤੇ ਪੇਂਡੂ ਮਜ਼ਦੂਰਾਂ ਵਿੱਚ ਨਰਾਜ਼ਗੀ ਹੈ।

ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਤੇ ਇਲਾਕਾ ਜਗਰਾਉਂ ਦੇ ਪ੍ਰਧਾਨ ਕੁਲਵੰਤ ਸਿੰਘ ਸੋਨੀ ਨੇ ਕਿਹਾ ਕਿ ਪਾਵਰਕਾਮ ਵੱਲੋਂ ਭੇਜੇ ਗਏ ਦਲਿਤ ਗਰੀਬ ਪਰਵਾਰਾਂ ਨੂੰ ਬਿਜਲੀ ਬਿੱਲ ਐੱਸ.ਸੀ. ਕੈਟਾਗਰੀ 'ਚੋਂ ਕੱਢ ਕੇ ਜਨਰਲ ਕੈਟਾਗਰੀ ਵਿੱਚ ਪਾਏ ਗਏ ਸਨ, ਜਿਸ ਕਾਰਨ ਦਿਹਾੜੀਦਾਰ ਗਰੀਬ ਦਲਿਤ ਪਰਵਾਰਾਂ ਨੂੰ ਪਾਵਰਕਾਮ ਵੱਲੋਂ ਮੁਆਫ਼ ਕੀਤੀਆਂ ਯੂਨਿਟਾਂ ਦੇ ਵੀ ਪੈਸੇ ਪਾ ਕੇ ਹਜ਼ਾਰਾਂ ਰੁਪਏ ਬਿਜਲੀ ਦੇ ਬਿੱਲ ਭੇਜੇ ਗਏ ਹਨ। ਇਸ ਸਬੰਧੀ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਇਸ ਵਧੀਕੀ ਵਿਰੁੱਧ ਸੰਘਰਸ਼ ਕੀਤਾ ਗਿਆ ਤਾਂ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਲਿਤ ਵਰਗ ਦੀ ਕੱਟੀ ਬਿਜਲੀ ਬਿੱਲ ਮੁਆਫ਼ੀ ਬਹਾਲ ਕਰਕੇ ਨਜਾਇਜ਼ ਆਏ ਬਿਜਲੀ ਬਿੱਲਾਂ ਦੇ ਬਕਾਏ ਰੱਦ ਕਰਨ ਦਾ ਭਰੋਸਾ ਦਿੱਤਾ ਸੀ, ਵਿੱਤ ਮੰਤਰੀ ਪੰਜਾਬ ਦੇ ਭਰੋਸੇ ਤੋਂ ਬਾਅਦ ਦਲਿਤ ਪਰਵਾਰਾਂ ਦੀ ਕੱਟੀ ਬਿਜਲੀ ਬਿੱਲ ਮੁਆਫੀ ਤਾਂ ਭਾਵੇਂ ਮੁੜ ਬਹਾਲ ਕਰ ਦਿੱਤੀ ਗਈ ਹੈ, ਪਰ ਦਲਿਤ ਮਜ਼ਦੂਰਾਂ ਨੂੰ ਭੇਜੇ ਨਜਾਇਜ਼ ਬਿਜਲੀ ਬਿੱਲਾਂ ਦੇ ਬਕਾਇਆ ਦਾ ਮਾਮਲਾ ਜਿਉਂ ਦਾ ਤਿਉਂ ਹੀ ਖੜ੍ਹਾ ਹੈ। ਉਨ੍ਹਾਂ ਮੰਗ ਕੀਤੀ ਕਿ ਦਲਿਤ ਮਜ਼ਦੂਰਾਂ ਨੂੰ ਭੇਜੇ ਨਜਾਇਜ਼ ਬਿਜਲੀ ਬਿੱਲਾਂ ਦੇ ਬਕਾਇਆ ਨੂੰ ਤੁਰੰਤ ਰੱਦ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਸਾਰੇ ਤਬਕਿਆਂ ਦੀ ਜਨਰਲ ਤੌਰ 'ਤੇ ਪ੍ਰਤੀ ਬਿੱਲ 600 ਯੂਨਿਟ ਮੁਆਫ਼ ਕੀਤੀ ਗਈ ਹੈ, ਪਰ ਜੇ ਜਨਰਲ ਵਰਗ ਨਾਲ ਸਬੰਧਤ ਖਪਤਕਾਰਾਂ ਪ੍ਰਤੀ ਬਿੱਲ 600 ਯੂਨਿਟ ਤੋਂ ਉਪਰ ਖਪਤ ਕਰਦਾ ਹੈ ਤਾਂ ਉਹ ਬਿਜਲੀ ਬਿੱਲ ਮੁਆਫੀ ਦੀ ਸਹੂਲਤ ਲੈਣ ਦੇ ਯੋਗ ਨਹੀਂ ਰਹਿੰਦਾ, ਪਰ ਇਹ ਸ਼ਰਤ, ਪਾਵਰਕਾਮ ਦੇ ਦਲਿਤ ਖਪਤਕਾਰਾਂ ਉਪਰ ਲਾਗੂ ਨਹੀਂ ਹੁੰਦੀ, ਉਨ੍ਹਾਂ ਨੂੰ 600 ਯੂਨਿਟ ਦੀ ਪੱਕੀ ਮੁਆਫੀ ਹੈ। ਮੁਆਫ਼ ਯੂਨਿਟਾਂ ਤੋਂ ਵੱਧ ਵਰਤੀ ਗਈ ਬਿਜਲੀ ਦਾ ਮੁਆਫੀ ਕੱਟ ਕੇ ਹੀ ਬਿਜਲੀ ਬਿੱਲ ਬਣਦਾ ਹੈ। ਗਰਮੀ ਵਿੱਚ ਬਿਜਲੀ ਦੀ ਵੱਧ ਖਪਤ ਹੋਣ ਕਾਰਨ ਇਸ ਮਹੀਨੇ ਲਗਭਗ ਸਾਰੇ ਹੀ ਦਲਿਤ ਪਰਵਾਰਾਂ ਦੀ ਮੁਆਫ਼ ਯੂਨਿਟਾਂ ਤੋਂ ਜ਼ਿਆਦਾ ਬਿਜਲੀ ਖਪਤ ਹੋ ਜਾਂਦੀ ਹੈ। ਇਸੇ ਦੌਰਾਨ ਪਾਵਰਕਾਮ ਵੱਲੋਂ ਦਲਿਤ ਖਪਤਕਾਰ, ਜਿਨ੍ਹਾਂ ਨੂੰ ਅਨੁਸੂਚਿਤ ਜਾਤੀ ਦੇ ਅਧਾਰ 'ਤੇ ਪਹਿਲਾਂ ਹੀ ਬਿਜਲੀ ਬਿੱਲ ਮੁਆਫੀ ਦੀ ਸਹੂਲਤ ਮਿਲ ਰਹੀ ਸੀ, ਨੂੰ ਕੱਟ ਕੇ ਉਨ੍ਹਾਂ ਨੂੰ ਜਨਰਲ ਕੈਟਾਗਰੀ ਵਿੱਚ ਪਾ ਦਿੱਤਾ ਹੈ, ਜਿਸ ਕਾਰਨ ਦਿਹਾੜੀਦਾਰ ਦਲਿਤ ਪਰਵਾਰਾਂ ਨੂੰ ਵੱਡੀਆਂ ਰਕਮਾਂ ਵਿੱਚ ਬਿਜਲੀ ਦੇ ਬਿੱਲ ਆ ਗਏ ਸਨ, ਜੋ ਸਰਕਾਰ ਦੇ ਤਹਿ ਨਿਯਮਾਂ ਮੁਤਾਬਿਕ ਨਜਾਇਜ਼ ਹਨ, ਪਰ ਪਾਵਰਕਾਮ ਤੇ ਝਾੜੂ ਹਕੂਮਤ ਮਜ਼ਦੂਰ ਵਿਰੋਧੀ ਮਾਨਸਿਕਤਾ ਕਾਰਨ ਦਲਿਤ ਪਰਵਾਰਾਂ ਤੋਂ ਜਬਰੀ ਵਸੂਲੀ ਲਈ ਬਿਜਲੀ ਕੁਨੈਕਸ਼ਨ ਕੱਟਣ ਦੇ ਹੁਕਮ ਜਾਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਸਿੱਧਵਾਂ ਕਲਾਂ ਦੀ ਪ੍ਰਧਾਨ ਬੀਬੀ ਜਸਵੀਰ ਕੌਰ, ਕੁਲਦੀਪ ਕੌਰ, ਰਮਨਦੀਪ ਕੌਰ, ਤਾਰੀ ਸਿੰਘ, ਮੈਵਾ ਸਿੰਘ, ਮਾਘ ਸਿੰਘ, ਰੇਸ਼ਮ ਸਿੰਘ, ਹਾਕਮ ਸਿੰਘ, ਗੋਰਾ ਸਿੰਘ, ਜਗਦੀਪ ਸਿੰਘ, ਪ੍ਰਿਤਪਾਲ ਸਿੰਘ ਤਾਰਾ ਸਿੰਘ ਤੇ ਡਾਕਟਰ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਗ੍ਰਾਮੀਣ ਨਿਆਲਿਆ ਕਨੂੰਨ ਦੇ ਵਿਰੋਧ 'ਚ ਬਾਰ ਐਸੋਸੀਏਸ਼ਨ ਵੱਲੋਂ ਹੜਤਾਲ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਵੱਖ ਵੱਖ ਬਾਰ ਐਸੋਸੀਏਸ਼ਨਾਂ ਵੱਲੋਂ ਹੜਤਾਲ ਕਰਨ ਦੇ ਦਿੱਤੇ ਸੱਦੇ ਤਹਿਤ ਬਾਰ ਐਸੋਸੀਏਸ਼ਨ ਸਮਾਣਾ ਨੇ ਹੜਤਾਲ ਕੀਤੀ ਗਈ। ਇਸ ਮੌਕੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਿ ਪੰਜਾਬ ਵਿੱਚ ਗ੍ਰਾਮੀਣ ਨਿਆਲਿਆ ਕਾਨੂੰਨ ਲਿਆਂਦਾ ਜਾ ਰਿਹਾ ਹੈ, ਜਿਸ ਦੇ ਵਿਰੋਧ ਵਿੱਚ ਵੱਖ ਵੱਖ ਬਾਰ ਐਸੋਸੀਏਸ਼ਨਾਂ ਵੱਲੋਂ ਇਸ ਕਨੂੰਨ ਦੇ ਵਿਰੋਧ ਵਿੱਚ ਪੂਰੇ ਪੰਜਾਬ ਵਿੱਚ ਹੜਤਾਲ ਕਰਨ ਦਾ ਸੱਦਾ ਦਿੱਤਾ ਸੀ, ਉਸੇ ਕੜੀ ਤਹਿਤ ਬਾਰ ਐਸੋਸੀਏਸ਼ਨ ਸਮਾਣਾ ਨੇ ਅੱਜ ਮੁਕੰਮਲ ਹੜਤਾਲ ਕਰਕੇ ਅਦਾਲਤਾਂ ਤੇ ਕੰਮ ਕਾਜ ਦਾ ਬਾਈਕਾਟ ਕੀਤਾ।ਇਸ ਮੌਕੇ ਬਾਰ ਐਸੋਸੀਏਸ਼ਨ ਸਮਾਣਾ ਦੇ ਸਕੱਤਰ ਹਰਮਨਦੀਪ ਸਿੰਘ ਸਿੱਧੂ, ਮੀਤ ਪ੍ਰਧਾਨ ਰਿਸ਼ੀ ਚੋਪੜਾ, ਜੁਆਇੰਟ ਸਕੱਤਰ ਜਗਤਾਰ ਸ਼ਰਮਾ, ਕੈਸ਼ੀਅਰ ਸੰਦੀਪ ਜਿੰਦਲ, ਲਾਇਬ੍ਰੇਰੀਅਨ ਨਿਰਲੇਪ ਕੌਰ ਕੈਸ਼ੀਅਰ ਐਗਜੈਕਟਿਵ ਮੈਂਬਰ ਗੁਰਜੀਤ ਕੌਰ ਬੱਲ ਅਰਮਾਨ ਸਿੰਘ, ਰਾਜਵਿੰਦਰ ਗੋਇਲ ਤੋਂ ਇਲਾਵਾ ਸੀਨੀਅਰ ਐਡਵੋਕੇਟ ਕੁਲਵੰਤ ਸਿੰਘ ਢਿੱਲੋਂ, ਸੀਤਾ ਰਾਮ ਬਾਂਸਲ, ਲਵਲੀ ਗਰਗ, ਬਲਰਾਜ ਸਿੰਘ ਨਰਾਇਣ, ਬਘੇਲ ਸਿੰਘ, ਸੁਭਾਸ਼, ਜਸਪਾਲ ਸਿੰਘ ਸੰਧੂ ਸੁਰੇਸ਼ ਸ਼ਰਮਾ ਹਰਪਾਲ ਸਿੰਘ, ਇੰਦਰਜੀਤ ਸਿੰਘ ਸਲੂਜਾ, ਰੋਮੀ ਵਡੇਰਾ, ਪੀ ਐੱਸ ਕੰਡਾ, ਨਵਦੀਪ ਸਿੰਘ ਢਿੱਲੋਂ, ਨੇਹਾ ਮਿੱਤਲ ਮਨਪ੍ਰੀਤ ਕੌਰ, ਰਵਿੰਦਰ ਸਹੋਤਾ, ਰਾਜ ਕੁਮਾਰ ਭਾਨ ਤੋਂ ਇਲਾਵਾ ਹੋਰ ਵੀ ਬਾਰ ਮੈਂਬਰ ਹਾਜ਼ਰ ਸਨ।



# ਪੰਜਾਬ ਸਰਕਾਰ 28 ਸਤੰਬਰ ਨੂੰ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ 'ਤੇ ਛੁੱਟੀ ਦਾ ਐਲਾਨ ਕਰੇ : ਢਾਬਾਂ, ਛੱਪੜੀਵਾਲਾ



**ਜਲਾਲਾਬਾਦ (ਰਣਬੀਰ ਕੌਰ ਢਾਬਾਂ, ਜੀਤ ਕੁਮਾਰ, ਜੰਗੀਰ ਕੌਰ)**

ਪਰਮਗੁਣੀ ਭਗਤ ਸਿੰਘ ਦਾ 117ਵਾਂ ਜਨਮ ਦਿਨ ਦੁਨੀਆ ਭਰ ਦੇ ਵਿੱਚ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।ਪੰਜਾਬ ਸੂਬੇ ਵਿੱਚ ਪਰਮਗੁਣੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਇੱਕ ਅਹਿਮ ਮਹੱਤਵ ਹੈ ਤੇ ਇਸ ਦਿਨ ਪੰਜਾਬ ਭਰ ਦੇ ਵਿੱਚ ਦੇਸ਼ ਦੀ ਜਵਾਨੀ ਵੱਲੋਂ ਭਗਤ ਸਿੰਘ ਦਾ ਜਨਮ ਦਿਨ ਸ਼ਾਨੋ ਸ਼ੌਕਤ ਤੇ ਇਨਕਲਾਬੀ ਜੋਸ਼ ਗਰੋਸ਼ ਨਾਲ ਮਨਾਇਆ ਜਾਂਦਾ ਹੈ, ਪ੍ਰੰਤੂ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਦਿਨ ਪੰਜਾਬ ਸਰਕਾਰ ਵੱਲੋਂ ਭਗਤ ਸਿੰਘ ਦੇ ਜਨਮ ਦਿਨ 'ਤੇ ਛੁੱਟੀ ਦਾ ਐਲਾਨ ਨਹੀਂ ਕੀਤਾ ਗਿਆ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਤੇ ਸੂਬਾ ਮੀਤ ਸਕੱਤਰ ਸਾਥੀ ਹਰਭਜਨ ਛੱਪੜੀਵਾਲਾ ਨੇ ਸਥਾਨਕ ਸੁਤੰਤਰ ਭਵਨ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਏਆਈਐੱਸਐੱਫ ਦੇ ਆਗੂ ਸੁਰਿੰਦਰ ਬਾਹਮਣੀ ਵਾਲਾ, ਮਨਪ੍ਰੀਤ ਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।ਸਾਥੀ ਢਾਬਾਂ ਤੇ ਛੱਪੜੀਵਾਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕਰਦਿਆਂ ਕਿਹਾ ਕਿ 28 ਸਤੰਬਰ ਨੂੰ ਭਗਤ ਸਿੰਘ ਦੇ ਜਨਮ ਦਿਨ 'ਤੇ ਛੁੱਟੀ ਦਾ ਐਲਾਨ ਕੀਤਾ ਜਾਵੇ ਤਾਂ ਕਿ ਉਸ ਦੇ ਜਨਮ ਦਿਨ ਮਨਾਉਣ ਲਈ ਵਿਦਿਆਰਥੀ ਤੇ ਬਾਕੀ ਨੌਜਵਾਨ ਭਗਤ ਸਿੰਘ ਦਾ ਜਨਮ ਦਿਨ ਇਨਕਲਾਬੀ ਜੋਸ਼ ਖਰੋਸ਼ ਨਾਲ ਮਨਾ ਸਕਣ।ਉਨ੍ਹਾਂ ਪੰਜਾਬ ਸਰਕਾਰ ਨੂੰ ਯਾਦ ਦਿਵਾਉਂਦਿਆਂ ਕਿਹਾ ਕਿ ਉਹ ਪੰਜਾਬ ਦੀ ਸੱਤਾ ਤੇ ਪਰਮਗੁਣੀ ਭਗਤ ਸਿੰਘ ਦੇ ਪਹਿਰਾਵੇ ਨੂੰ ਅਪਨਾ ਕੇ, ਭਾਵ ਭਗਤ ਸਿੰਘ ਵਰਗੀ ਪੱਗ ਬੰਨ੍ਹ ਕੇ ਆਏ ਹਨ ਤੇ ਉਨ੍ਹਾਂ ਦੇ ਜਨਮ ਦਿਨ 'ਤੇ ਛੁੱਟੀ ਨਾ ਕਰਨਾ ਨੌਜਵਾਨਾਂ ਨਾਲ ਇੱਕ ਵੱਡੀ ਬੇਇਨਸਾਫੀ ਹੋਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸੂਬੇ ਅੰਦਰ ਜਵਾਨੀ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਲਈ ਅੰਗੜਾਈ ਲੈ ਰਹੀ ਹੈ।ਦੂਜੇ ਪਾਸੇ ਪੰਜਾਬ ਅੰਦਰ ਲਗਾਤਾਰ ਬੇਰੁਜ਼ਗਾਰੀ ਵਧਣ ਕਾਰਨ, ਨਸ਼ਿਆਂ, ਲੁੱਟਾਂ-ਖੋਹਾਂ, ਆਤਮ ਹੱਤਿਆਆਵਾਂ ਤੇ ਹੋਰ ਵਾਰਦਾਤਾਂ ਲਗਾਤਾਰ ਵਧ ਰਹੀਆਂ ਹਨ।ਜੇਕਰ ਪੰਜਾਬ ਸਰਕਾਰ ਭਗਤ ਸਿੰਘ ਦੀ ਸੋਚ 'ਤੇ ਪਹਿਰਾ ਦੇਣ ਦਾ ਰਾਗ ਅਲਾਪਦੀ ਹੈ ਤਾਂ ਉਸ ਨੂੰ ਅਮਲ ਵਿੱਚ ਵੀ ਲਾਗੂ ਕਰਨਾ ਚਾਹੀਦਾ ਹੈ। ਅੰਤ ਵਿੱਚ ਆਪਣੀ ਮੰਗ ਨੂੰ ਦੁਰਾਉਂਦਿਆਂ ਆਗੂਆਂ ਨੇ ਕਿਹਾ ਕਿ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ 28 ਸਤੰਬਰ ਨੂੰ ਪੰਜਾਬ ਸਰਕਾਰ ਤੁਰੰਤ ਛੁੱਟੀ ਦਾ ਐਲਾਨ ਕਰੇ, ਤਾਂ ਕਿ ਦੇ ਪੰਜਾਬ ਦੀ ਜਵਾਨੀ ਭਗਤ ਸਿੰਘ ਦੇ ਜਨਮ ਦਿਨ ਨੂੰ ਖੁੱਲ੍ਹੇ ਮਨ ਨਾਲ ਮਨਾ ਸਕੇ।

## ਕਾਤਰਾਂ

### ਬਰ੍ਹੇ 'ਚ ਤਿੰਨ ਰੋਜ਼ਾ ਗੁਰਮਤਿ ਸਮਾਗਮ 29 ਤੋਂ

**ਬੁਢਲਾਡਾ (ਅਸ਼ੋਕ ਲਾਕੜਾ)**-ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ ਦੇ 450 ਸਾਲਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਪਿੰਡ ਬਰ੍ਹੇ ਸਾਹਿਬ ਬੁਢਲਾਡਾ (ਮਾਨਸਾ) ਵਿਖੇ 29, 30 ਸਤੰਬਰ ਤੇ 1 ਅਕਤੂਬਰ ਨੂੰ ਮਹਾਨ ਗੁਰਮਤਿ ਸਮਾਗਮ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੁਖਪਾਲ ਸਿੰਘ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਬਾਬਾ ਬੂਟਾ ਸਿੰਘ ਗੁਰਥਰੀ ਵਾਲੇ ਕਥਾ ਰਾਹੀਂ ਗੁਰੂ ਜਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਤੇ 30 ਸਤੰਬਰ ਨੂੰ ਗਿਆਨੀ ਸੁਰਜੀਤ ਸਿੰਘ ਸਭਰਾ ਕਥਾ ਰਾਹੀਂ ਅਤੇ 1 ਅਕਤੂਬਰ ਨੂੰ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।ਇਸੇ ਹੀ ਦਿਨ ਸਵੇਰੇ 10 ਵਜੇ ਮਹਾਨ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ।ਇਸ ਮੌਕੇ ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਗੁਰਦੁਆਰਾ ਸਾਹਿਬ ਪਹੁੰਚਣ ਦਾ ਸੰਦੇਸ਼ ਦਿੱਤਾ।

### 'ਬੰਦ ਦਰਵਾਜ਼ੇ ਦੀ ਝਾਤ' ਤੇ 'ਚਾਨਣ ਦੀ ਚੋਗ' ਲੋਕ ਅਰਪਣ 29 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 29 ਸਤੰਬਰ ਨੂੰ ਸਵੇਰੇ ਸਹੀ 10:00 ਵਜੇ ਤੋਂ ਲੈ ਕੇ ਦੁਪਹਿਰ 1:00 ਵਜੇ ਤੱਕ ਲੇਖਕ ਭਵਨ, ਹਰੇੜੀ ਰੋਡ, ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਹੋ ਰਿਹਾ ਹੈ, ਜਿਸ ਵਿੱਚ ਉੱਭਰਦੇ ਕਵੀ ਪਵਨ ਕੁਮਾਰ ਹੋਸ਼ੀ ਦਾ ਪਲੇਠਾ ਕਾਵਿ-ਸੰਗ੍ਰਹਿ 'ਬੰਦ ਦਰਵਾਜ਼ੇ ਦੀ ਝਾਤ' ਤੇ ਸੁਰਜੀਤ ਦੇਵਲ ਦਾ ਬਾਲ ਕਾਵਿ-ਸੰਗ੍ਰਹਿ 'ਚਾਨਣ ਦੀ ਚੋਗ' ਲੋਕ ਅਰਪਣ ਕੀਤਾ ਜਾਵੇਗਾ।ਸਭਾ ਦੇ ਪੱਸ ਸਕੱਤਰ ਅਮਨ ਜੱਖਲਾਂ ਨੇ ਦੱਸਿਆ ਕਿ ਲੇਖਕ ਭਵਨ ਸੰਗਰੂਰ ਵਿਖੇ ਹੋ ਰਹੇ ਇਸ ਪਲੇਠੇ ਸਮਾਗਮ ਦੀ ਪ੍ਰਧਾਨਗੀ ਸ਼੍ਰੋਮਣੀ ਪੰਜਾਬੀ ਕਵੀ ਸ੍ਰੀ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਕਰਨਗੇ ਤੇ ਸ੍ਰੀਮਤੀ ਸਰਬਜੀਤ ਕੌਰ ਮੁੱਖ ਅਧਿਆਪਕਾ ਸਰਕਾਰੀ ਪ੍ਰਾਇਮਰੀ ਸਕੂਲ ਕਰਤਾਰਪੁਰਾ ਬਸਤੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।ਪੁਸਤਕ ਸਬੰਧੀ ਵਿਚਾਰ-ਚਰਚਾ ਵਿੱਚ ਡਾ. ਮੀਤ ਖਟੜਾ, ਮੋਹਨ ਸ਼ਰਮਾ, ਮੂਲ ਚੰਦ ਸ਼ਰਮਾ, ਜੰਗੀਰ ਸਿੰਘ ਰਤਨ ਅਤੇ ਗੁਰੀ ਚੰਦੜ ਆਦਿ ਸਾਹਿਤਕਾਰ ਹਿੱਸਾ ਲੈਣਗੇ।ਇਸ ਮੌਕੇ ਸ਼ਹੀਦ ਭਗਤ ਸਿੰਘ ਨੂੰ ਸਮਰਪਤ ਕਵੀ ਦਰਬਾਰ ਵੀ ਹੋਵੇਗਾ।

### ਐਡਵੋਕੇਟ ਜਿੰਦਲ ਨੇ ਸੋਨ ਤਮਗਾ ਜਿੱਤ ਸ਼ਹਿਰ ਦਾ ਨਾਂਅ ਚਮਕਾਇਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ 2024 ਵਿੱਚ 40 ਤੋਂ 50 ਉਮਰ ਵਰਗ ਦੇ ਬੈਡਮਿੰਟਨ ਟੂਰਨਾਮੈਂਟ ਮੁਕਾਬਲੇ ਹੋਏ, ਜਿਸ ਵਿੱਚ ਐਡਵੋਕੇਟ ਹਰਸ਼ ਜਿੰਦਲ ਨੇ ਸੋਨੇ ਦਾ ਤਮਗਾ ਜਿੱਤ ਕੇ ਧੂਰੀ ਸ਼ਹਿਰ ਦਾ ਨਾਮ ਪੰਜਾਬ ਵਿੱਚ ਚਮਕਾਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਐਡਵੋਕੇਟ ਹਰਸ਼ ਜਿੰਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆ ਕਰਾਉਣਾ ਪੰਜਾਬ ਵਿੱਚ ਖੇਡਦੇ ਖਿਡਾਰੀਆਂ ਲਈ ਇੱਕ ਵਧੀਆ ਉਪਰਾਲਾ ਹੈ, ਜੋ ਖਿਡਾਰੀਆਂ ਦੇ ਮਨੋਵਲ ਨੂੰ ਉੱਚਾ ਚੁੱਕਦਾ ਹੈ ਇਹ ਉਪਰਾਲਾ ਹਰ ਸਾਲ ਹੋਣਾ ਚਾਹੀਦਾ ਹੈ।ਉਨ੍ਹਾਂ ਖੇਡਾਂ ਪੱਖੀ ਉਪਰਾਲਿਆਂ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

# ਸਿਮਰਨਜੀਤ ਸਿੰਘ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੀ ਮੀਟਿੰਗ ਸੂਬਾ ਪ੍ਰਧਾਨ ਅਮਰਜੀਤ ਸਿੰਘ ਢੋਟ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਆਗੂਆਂ ਵੱਲੋਂ ਫੈਡਰੇਸ਼ਨ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ 'ਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਮਲੋਟ ਦੇ ਸਿਮਰਨਜੀਤ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਫੈਡਰੇਸ਼ਨ ਦੀ ਗਤੀਵਿਧੀਆਂ ਨੂੰ ਘਰ ਘਰ ਪਹੁੰਚਾਉਣ ਦੇ ਮਕਸਦ ਨਾਲ ਜਲਦ ਲੋਕਲ ਇਕਾਈਆਂ ਦਾ ਗਠਨ ਕੀਤਾ ਜਾਵੇਗਾ ਅਤੇ ਨੌਜਵਾਨ ਤੇ ਲੋਕਾ ਨੂੰ ਜੋੜਿਆ ਜਾਵੇਗਾ।

# ਭੈਣ ਨੇ ਭਰਾ ਦੀ ਮੌਤ ਦਾ 29 ਸਾਲਾਂ ਬਾਅਦ ਲਿਆ ਬਦਲਾ !

## ਡੀ ਐੱਸ ਪੀ ਸਮੇਤ ਤਿੰਨ ਪੁਲਸ ਮੁਲਾਜ਼ਮਾਂ ਨੂੰ ਹੋਈ ਉਮਰ ਕੈਦ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸਥਾਨਕ ਕਸਬੇ ਦੇ ਸਮਾਜ ਸੇਵੀ ਕਰਮ ਸਿੰਘ ਬਰਾੜ ਨੇ ਆਪਣੇ ਸਾਲੇ ਤੇ ਕੁਲਦੀਪ ਕੌਰ ਨੇ ਆਪਣੇ ਭਰਾ ਦੀ ਮੌਤ ਦਾ ਬਦਲਾ 29 ਸਾਲ ਕੇਸ ਲੜਣ ਤੋਂ ਬਾਅਦ ਦੋਸ਼ੀਆਂ ਨੂੰ ਉਮਰ ਕੈਦ ਕਰਵਾ ਕੇ ਲਿਆ।ਕਰਮ ਸਿੰਘ ਬਰਾੜ ਦਾ ਕਹਿਣਾ ਹੈ ਕਿ ਇਹ ਮਾਮਲਾ ਪਿੰਡ ਭਾਈ ਕੀ ਪਿਸ਼ੌਰ (ਸੰਗਰੂਰ) ਮੇਰੇ ਸਹੁਰਾ ਪਰਵਾਰ ਦਾ ਸੀ।ਉਨ੍ਹਾਂ ਕਿਹਾ ਕਿ ਗਮਦੂਰ ਸਿੰਘ ਮੇਰਾ ਸਾਲਾ ਲੱਗਦਾ ਸੀ, ਜਿਸ ਨੂੰ 14 ਨਵੰਬਰ 1995 ਨੂੰ ਜੀਆਰਪੀ (ਰੇਲਵੇ ਪੁਲਿਸ) ਸੰਗਰੂਰ ਦੇ ਤਤਕਾਲੀ ਐੱਸ ਐੱਚ ਓ ਆਧਾਰਤ ਟੁੱਕੜੀ ਨੇ ਉਸ ਦੇ ਪਿੰਡ ਭਾਈ ਕੀ ਪਿਸ਼ੌਰ ਤੋਂ ਨੇੜਲੇ ਪਿੰਡ ਮੈਦੇਵਾਸ ਦੇ ਗੁਰਦੇਵ ਸਿੰਘ ਦੇ ਕਤਲ ਕੇਸ ਦੇ ਸ਼ੱਕ ਵਿੱਚ ਚੁੱਕ ਲਿਆ ਸੀ।ਇਸ ਉਪਰੰਤ ਉਸਨੂੰ ਰੇਲਵੇ ਥਾਣੇ ਲਿਜਾ ਕੇ ਉਸ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ।ਉਨ੍ਹਾਂ ਦੋਸ਼ ਲਾਇਆ ਕਿ ਗਮਦੂਰ ਸਿੰਘ ਨੂੰ ਉੱਥੇ 10 ਦਿਨ ਪੁਲਸ ਵੱਲੋਂ ਲਗਾਤਾਰ ਅਣਮਨੁੱਖੀ ਤਸੀਹੇ ਦਿੱਤੇ ਗਏ ਸਨ, ਇਨਾਂ ਦਸ ਦਿਨ੍ਹਾਂ ਦੌਰਾਨ ਕਰਮ ਸਿੰਘ ਬਰਾੜ ਨੂੰ ਪੁਲਸ ਵੱਲੋਂ ਇੱਕ ਦਿਨ ਮਿਲਣ ਦਾ ਮੌਕਾ ਦਿੱਤਾ ਗਿਆ, ਪਰ ਭੈਣ ਤੇ ਭਣੋਈਏ ਵੱਲੋਂ ਇਸ ਨੂੰ ਛੁਡਵਾਉਣ ਲਈ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਪੁਲਸ ਮੁਲਾਜ਼ਮ ਗਮਦੂਰ ਸਿੰਘ ਉੱਪਰ ਤਸ਼ੱਦਦ ਢਾਹੁਣ ਤੋਂ ਨਾ ਹਟੇ ਪੁਲਸ ਦੀ ਅੰਨ੍ਹੀਂ ਕੁੱਟ ਨੇ ਉਸ ਦੀ ਹਾਲਤ ਕਾਫੀ ਵਿਗਾੜ ਦਿੱਤੀ ਤਾਂ ਪੁਲਸ ਨੇ ਕੁਲਦੀਪ ਕੌਰ ਤੇ ਕਰਮ ਸਿੰਘ ਬਰਾੜ ਤੋਂ ਖਾਲੀ ਕਾਗਜ਼ਾਂ ਉਪਰ ਅੰਗੂਠੇ, ਦਸਤਖ਼ਤ ਕਰਵਾ ਕੇ ਗਮਦੂਰ ਸਿੰਘ ਨੂੰ 23 ਨਵੰਬਰ 1995 ਦੀ ਰਾਤ ਨੂੰ 11 ਵਜੇ ਦੇ ਕਰੀਬ ਨਾਜ਼ੁਕ ਹਾਲਤ ਵਿੱਚ ਸਾਡੇ ਹਵਾਲੇ ਕਰ ਦਿੱਤਾ।ਬਰਾੜ ਨੇ ਦੱਸਿਆ ਕਿ ਅਸੀਂ ਗਮਦੂਰ ਸਿੰਘ ਨੂੰ ਉਸੇ ਰਾਤ ਪੀ ਜੀ ਆਈ ਚੰਡੀਗੜ੍ਹ ਦਾਖਲ ਕਰਵਾ ਦਿੱਤਾ।ਉਸ ਸਮੇਂ ਗਮਦੂਰ ਸਿੰਘ ਦੇ ਜਿਸਮ 'ਤੇ 18 ਜ਼ਖਮ ਸਨ ਤੇ ਚਾਰ ਪਸਲੀਆਂ ਟੁੱਟੀਆਂ ਹੋਈਆਂ ਸਨ।ਪੀਜੀਆਈ ਵਿੱਚ ਕਰੀਬ 15 ਦਿਨ ਜ਼ਿੰਦਗੀ ਤੇ ਮੌਤ ਨਾਲ ਸੰਘਰਸ਼ ਕਰਦਾ ਹੋਇਆ ਗਮਦੂਰ ਸਿੰਘ 7 ਦਸੰਬਰ 1995 ਨੂੰ ਆਪਣੀ ਜਾਨ ਦੀ ਬਾਜ਼ੀ ਹਾਰ ਗਿਆ।ਉਨ੍ਹਾਂ ਕਿਹਾ ਕਿ ਮ੍ਰਿਤਕ ਗਮਦੂਰ ਸਿੰਘ ਦਾ ਪੋਸਟਮਾਰਟਮ ਵੀ ਪੁਲਸ ਵੱਲੋਂ ਤਕਰੀਬਨ ਚਾਰ ਦਿਨ ਲੇਟ ਕਰਵਾਇਆ ਗਿਆ।ਇਥੇ ਹੀ ਬਸ ਨਹੀਂ ਬਰਾੜ ਦਾ ਕਹਿਣਾ ਹੈ ਕਿ ਪੁਲਸ ਕੋਲ 8 ਦਸੰਬਰ 1995 ਨੂੰ ਬਿਆਨ ਦਰਜ ਕਰਵਾਉਣ ਦੇ ਬਾਵਜੂਦ ਐੱਫ ਆਈ ਆਰ ਤਿੰਨ ਮਹੀਨੇ ਬਾਅਦ 12 ਮਾਰਚ 1996 ਨੂੰ ਦਰਜ ਕੀਤੀ ਗਈ।ਦਰਜ ਕਰਵਾਈ ਗਈ ਐੱਫ ਆਈ ਆਰ ਵਿੱਚ ਹਰਭਜਨ ਸਿੰਘ ਐੱਸ ਐੱਚ ਓ, ਹੌਲਦਾਰ ਕਿਰਪਾਲ ਸਿੰਘ ਤੇ ਹੌਲਦਾਰ ਜਸਵੰਤ ਸਿੰਘ ਆਦਿ ਨੂੰ ਦੋਸ਼ੀ ਠਹਿਰਾਇਆ ਗਿਆ। ਚਲਦੇ ਕੇਸ ਦੌਰਾਨ ਕਰਮ ਸਿੰਘ ਬਰਾੜ ਅਤੇ ਗਵਾਹਾਂ ਨੂੰ ਪੁਲਿਸ ਮੁਲਾਜ਼ਮਾਂ ਵੱਲੋਂ ਅਨੇਕਾਂ ਤਰ੍ਹਾਂ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ।ਕਰਮ ਸਿੰਘ ਬਰਾੜ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੇ ਰਿਸ਼ਤੇਦਾਰ ਦਾ ਇਹ ਕੇਸ ਪੂਰੇ 29 ਸਾਲ ਮਾਨਯੋਗ ਅਦਾਲਤ ਵਿੱਚ ਝਗੜਿਆ, ਜਿਸ ਦੌਰਾਨ ਤਤਕਾਲੀ ਡੀ ਐੱਸ ਪੀ ਰਿਟਾਇਰ ਐੱਸ ਪੀ ਗੁਰਸੇਵਕ ਸਿੰਘ ਦੀਪ ਨਗਰ ਵਾਸੀ ਪਟਿਆਲਾ, ਥਾਣੇਦਾਰ ਹਰਭਜਨ ਸਿੰਘ ਵਾਸੀ ਪਿੰਡ ਬਤਾਲਾ ਜ਼ਿਲ੍ਹਾ ਅੰਮ੍ਰਿਤਸਰ ਕਿਰਪਾਲ ਸਿੰਘ ਹੌਲਦਾਰ ਵਾਸੀ ਪਿੰਡ ਜੈਤੋ ਸਰਜਾ ਜ਼ਿਲ੍ਹਾ ਗੁਰਦਾਸਪੁਰ ਨੂੰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾ ਕੇ ਤਿੰਨਾਂ ਦੋਸ਼ੀਆਂ ਨੂੰ ਜੇਲ੍ਹ ਭੇਜ ਦਿੱਤਾ ਹੈ ਅਤੇ ਚੌਥੇ ਦੋਸ਼ੀ ਹੌਲਦਾਰ ਜਸਵੰਤ ਸਿੰਘ ਪਿੰਡ ਬੀਰੇਵਾਲਾ ਜ਼ਿਲ੍ਹਾ ਮਾਨਸਾ ਜੋ ਕਿ ਅੱਜਕੱਲ੍ਹ ਕੈਨੇਡਾ ਚਲਿਆ ਗਿਆ ਹੈ, ਉਸ ਨੂੰ ਮਾਨਯੋਗ ਜੱਜ ਸੁਰੇਸ਼ਵਰ ਠਾਕੁਰ ਤੇ ਸੁਦੀਪਤੀ ਸ਼ਰਮਾ ਦੇ ਬੈਂਚ ਵੱਲੋਂ 20 ਨਵੰਬਰ 2024 ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ।



# ਬਹੁ-ਕਰੋੜੀ ਝੋਨਾ ਘੁਟਾਲੇ 'ਚ ਪਨਸਪ ਦਾ ਭਗੌੜਾ ਸਾਬਕਾ ਜ਼ਿਲ੍ਹਾ ਮੈਨੇਜਰ ਗ੍ਰਿਫ਼ਤਾਰ



**ਲੁਧਿਆਣਾ (ਰਾਜ ਸਿੰਗਲਾ)**

ਪੰਜਾਬ ਵਿਜੀਲੈਂਸ ਬਿਊਰੋ ਨੇ ਲੁਧਿਆਣਾ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਬਹੁ-ਕਰੋੜੀ ਝੋਨਾ ਘੁਟਾਲੇ ਦੇ ਕੇਸ ਵਿੱਚ ਭਗੌੜੇ ਪਨਸਪ (ਲੁਧਿਆਣਾ) ਦੇ ਸਾਬਕਾ ਜ਼ਿਲ੍ਹਾ ਮੈਨੇਜਰ (ਡੀ.ਐੱਮ.) ਜਗਨਦੀਪ ਸਿੰਘ ਢਿੱਲੋਂ ਨੂੰ ਗ੍ਰਿਫ਼ਤਾਰ ਕੀਤਾ ਹੈ।ਦੱਸਣਯੋਗ ਹੈ ਕਿ ਜਗਨਦੀਪ ਸਿੰਘ ਢਿੱਲੋਂ ਵੱਲੋਂ ਅੱਜ ਲੁਧਿਆਣਾ ਦੀ ਅਦਾਲਤ ਵਿੱਚ ਆਤਮ ਸਮਰਪਣ ਕੀਤੇ ਜਾਣ ਉਪਰੰਤ ਵਿਜੀਲੈਂਸ ਬਿਊਰੋ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕੀਤਾ ਕਿ ਜਗਨਦੀਪ ਸਿੰਘ ਢਿੱਲੋਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵਿੱਚ ਝੋਨੇ ਦੀ ਢੋਆ-ਢੁਆਈ ਦੇ ਟੈਂਡਰਾਂ ਨਾਲ ਸਬੰਧਤ ਘੁਟਾਲੇ ਵਿੱਚ ਪੁਲਸ ਨੂੰ ਲੋੜੀਂਦਾ ਸੀ।ਇਸ ਸਬੰਧੀ ਉਕਤ ਮੁਲਜ਼ਮ ਸਮੇਤ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਹੋਰ ਮੁਲਜ਼ਮਾਂ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਆਈ.ਪੀ.ਸੀ. ਦੀਆਂ ਧਾਰਾਵਾਂ 409, 467, 420 ਤੇ ਹੋਰ ਸਬੰਧਤ ਧਾਰਾਵਾਂ ਤੋਂ ਇਲਾਵਾ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਧਾਰਾਵਾਂ 7 ਤੇ 8 ਤਹਿਤ ਐੱਫ.ਆਈ.ਆਰ. ਨੰਬਰ 11 ਮਿਤੀ 16.08.2022 ਤਹਿਤ ਕੇਸ ਦਰਜ ਕੀਤਾ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਢਿੱਲੋਂ ਨੇ ਪਹਿਲਾਂ 18.09.2023 ਨੂੰ ਹਾਈਕੋਰਟ ਤੋਂ ਅਗਾਊਂ ਜ਼ਮਾਨਤ ਹਾਸਲ ਕੀਤੀ ਸੀ, ਪਰ ਸੁਪਰੀਮ ਕੋਰਟ ਨੇ 16.07.2024 ਨੂੰ ਉਸ ਦੀ ਜ਼ਮਾਨਤ ਦੇ ਹੁਕਮ ਰੱਦ ਕਰ ਦਿੱਤੇ ਸਨ। ਉਦੋਂ ਤੋਂ ਹੀ ਢਿੱਲੋਂ ਡਿਊਟੀ ਤੋਂ ਗੈਰਹਾਜ਼ਰ ਚੱਲ ਰਿਹਾ ਸੀ, ਜਿਸ ਦੇ ਕਾਰਨ ਵਿਭਾਗ ਵੱਲੋਂ ਉਸ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਸੀ।ਇਸ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਉਸ ਨੂੰ ਫੜਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ।ਬੁਲਾਰੇ ਨੇ ਖੁਲਾਸਾ ਕੀਤਾ ਕਿ ਜਗਨਦੀਪ ਸਿੰਘ ਢਿੱਲੋਂ ਸਾਲ 2020-21 ਦੀ ਮਿਆਦ ਦੌਰਾਨ, ਜ਼ਿਲ੍ਹਾ ਟੈਂਡਰ ਕਮੇਟੀ ਦੇ ਮੈਂਬਰ ਵਜੋਂ ਘੁਟਾਲੇ ਵਿੱਚ ਸ਼ਾਮਲ ਕੁਝ ਠੇਕੇਦਾਰਾਂ ਦੇ ਟੈਂਡਰਾਂ ਨੂੰ ਅਪ੍ਰਵਾਨ ਕਰਨ ਵਿੱਚ ਅਸਫ਼ਲ ਰਿਹਾ।ਉਸ ਨੇ ਕਥਿਤ ਤੌਰ 'ਤੇ ਇਨ੍ਹਾਂ ਠੇਕੇਦਾਰਾਂ ਨਾਲ ਮਿਲੀਭੁਗਤ ਕਰਕੇ ਰਿਸ਼ਵਤ ਬਦਲੇ ਉਨ੍ਹਾਂ ਨੂੰ ਟੈਂਡਰਾਂ ਦੀ ਅਲਾਟਮੈਂਟ ਕਰਵਾਈ।ਇਸ ਤੋਂ ਇਲਾਵਾ ਢਿੱਲੋਂ ਨੇ ਸਬੰਧਤ ਪ੍ਰਕਿਰਿਆਵਾਂ ਦੀ ਉਲੰਘਣਾ ਕਰਦੇ ਹੋਏ ਕਮਿਸ਼ਨ ਏਜੰਟ (ਆੜ੍ਹਤੀਆਂ) ਕ੍ਰਿਸ਼ਨ ਲਾਲ ਤੇ ਅਨਿਲ ਜੈਨ ਦੀਆਂ ਦੁਕਾਨਾਂ ਤੋਂ ਅਨਾਜ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਸ਼ੈਲਰਾਂ ਵਿੱਚ ਤਬਦੀਲ ਕਰਕੇ ਸਟੇਟ ਕਸਟਮ ਮਿਲਿੰਗ ਨੀਤੀ ਦੀ ਧਾਰਾ 12 (ਜੇ) ਦੀ ਉਲੰਘਣਾ ਕੀਤੀ।

ਉਨ੍ਹਾਂ ਦੱਸਿਆ ਕਿ ਇਹ ਗੱਲ ਵੀ ਸਾਹਮਣੇ ਆਈ ਕਿ ਮੁਲਜ਼ਮਾਂ ਵਿੱਚੋਂ ਕ੍ਰਿਸ਼ਨ ਲਾਲ ਨੇ ਦੂਜੇ ਰਾਜਾਂ ਤੋਂ 2000 ਤੋਂ ਵੱਧ ਜੂਟ ਦਾ ਬਾਰਦਾਨਾ ਹਾਸਲ ਕੀਤਾ, ਜਿਸ ਦੀ ਵਰਤੋਂ ਝੋਨੇ ਦੀ ਢੋਆ-ਢੁਆਈ ਲਈ ਕੀਤੀ ਗਈ।ਜ਼ਿਕਰਯੋਗ ਹੈ ਕਿ ਇਹ ਹੇਰਾਫੇਰੀ ਚੌਲ ਮਿੱਲਰਾਂ ਤੋਂ ਵੱਡੀ ਰਿਸ਼ਵਤ ਲੈਣ ਦੇ ਇਰਾਦੇ ਨਾਲ ਕੀਤੀ ਗਈ ਸੀ।

ਤਫ਼ਤੀਸ਼ ਦੌਰਾਨ ਇਹ ਪਾਇਆ ਗਿਆ ਕਿ ਢਿੱਲੋਂ ਨੇ ਮਰਜ਼ੀ ਅਨੁਸਾਰ ਅਲਾਟਮੈਂਟ ਦੇ ਬਦਲੇ ਚੌਲ ਮਿੱਲਰਾਂ ਤੋਂ 3 ਰੁਪਏ ਤੋਂ 10 ਰੁਪਏ ਪ੍ਰਤੀ ਬੋਰੀ ਰਿਸ਼ਵਤ ਲਈ।ਇਸ ਤੋਂ ਇਲਾਵਾ ਉਸ ਨੇ ਗੇਟ ਪਾਸ ਦੀਆਂ ਰਜਿਸਟ੍ਰੇਸ਼ਨਾਂ ਵਿੱਚ ਗੜਬੜੀਆਂ ਨੂੰ ਵੀ ਨਜ਼ਰਅੰਦਾਜ਼ ਕੀਤਾ, ਜਿਸ ਵਿੱਚ ਟਰੱਕ ਦੇ ਨੰਬਰਾਂ ਦੀ ਬਜਾਏ ਸਕੂਟਰ ਤੇ ਮੋਟਰਸਾਈਕਲ ਦੇ ਨੰਬਰ ਦਰਜ ਸਨ।ਇਸ ਤਰ੍ਹਾਂ ਉਸਨੇ ਠੇਕੇਦਾਰਾਂ ਦੀ ਮਿਲੀਭੁਗਤ ਨਾਲ ਗੋਦਾਮਾਂ ਵਿੱਚ ਸਟੋਰ ਕੀਤੇ ਝੋਨੇ ਦੇ ਸਟਾਕ ਵਿੱਚ ਹੇਰਾਫੇਰੀ ਦੀ ਇਸ ਕਾਰਵਾਈ ਨੂੰ ਅੰਜ਼ਾਮ ਦਿੱਤਾ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਡੀ ਸੀ ਦਫ਼ਤਰ ਅੱਗੇ ਧਰਨਾ ਭਲਕੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ 25 ਸਤੰਬਰ ਨੂੰ ਡੀ ਸੀ ਦਫਤਰਾਂ ਅੱਗੇ ਧਰਨੇ ਲਾਉਣ ਦਾ ਐਲਾਨ ਕੀਤਾ, ਜਿਸ ਕੜੀ ਤਹਿਤ ਜ਼ਿਲ੍ਹਾ ਪਇਆਲਾ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਪੂਨੀਆ ਦੀ ਅਗਵਾਈ ਹੇਠ ਕੀਤੀ ਗਈ, ਸੂਬਾ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਨੇ ਖਾਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਇਸ ਸੀਜ਼ਨ ਵਿੱਚ ਕਿਸਾਨਾਂ ਨੂੰ ਆਉਣ ਵਾਲਿਆਂ ਮੁਸ਼ਕਲਾਂ ਦੇ ਹੱਲ ਲਈ ਵਿਚਾਰ ਚਰਚਾ ਤੇ ਸੂਬਾ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਨ ਲਈ ਬਿਉਂਤਬੰਦੀ ਕੀਤੀ ਗਈ।ਸੂਬਾ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਤੇ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਪੂਨੀਆ ਨੇ ਕਿਹਾ ਕਿ ਕਿਰਤੀ ਕਿਸਾਨ ਯੂਨੀਅਨ ਵਲੋਂ ਜ਼ਿਲ੍ਹਾ, ਬਲਾਕ ਤੇ ਪਿੰਡ-ਪਿੰਡ ਜਾ ਕੇ ਜੋ ਮੀਟਿੰਗਾਂ ਕੀਤੀਆਂ ਗਈਆਂ ਹਨ।ਉਨ੍ਹਾ ਦਾ ਮੁੱਖ ਉਦੇਸ਼ 25 ਸਤੰਬਰ ਨੂੰ ਕਿਰਤੀ ਕਿਸਾਨ ਯੂਨੀਅਨ ਵੱਲੋਂ ਸੂਬਾ ਪੱਧਰੀ ਸੱਦੇ ਤਹਿਤ ਪੂਰੇ ਪੰਜਾਬ ਵਿੱਚ ਕਿਸਾਨੀ ਮੰਗਾਂ ਤਹਿਤ ਡੀ ਸੀ ਦਫ਼ਤਰਾਂ ਅੱਗੇ ਧਰਨੇ ਲਗਾਉਣ ਸਬੰਧੀ ਹੈ।ਇਸ ਦੌਰਾਨ ਜ਼ਿਲ੍ਹਾ ਸਕੱਤਰ ਦਲਜਿੰਦਰ ਸਿੰਘ ਹਰਿਆਉ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਨੇ ਆਖਿਆ ਕਿ ਜੇਕਰ ਕਿਸਾਨਾਂ ਦੀਆਂ ਸਮੱਸਿਆਵਾਂ ਤੇ ਮੰਗਾਂ ਉੱਤੇ ਸਰਕਾਰ ਨੇ ਗੌਰ ਨਾ ਕੀਤੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਇਸ ਮੌਕੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਗਿੱਲ, ਜ਼ਿਲ੍ਹਾ ਵਿੱਤ ਸਕੱਤਰ ਕੁਲਬੀਰ ਟੋਡਰਪੁਰ, ਜ਼ਿਲ੍ਹਾ ਆਗੂ ਜਰਨੈਲ ਸਿੰਘ ਮਰਦਾਹੇੜੀ, ਜ਼ਿਲ੍ਹਾ ਆਗੂ ਤੇ ਬਲਾਕ ਸਮਾਣਾ ਪ੍ਰਧਾਨ ਸ਼ੇਰ ਸਿੰਘ ਕਾਕੜਾ, ਬਲਾਕ ਪ੍ਰਧਾਨ ਪਾਤੜਾਂ ਕਰਮਜੀਤ ਸਿੰਘ, ਡਾ. ਮਹਿੰਦਰ ਖਾਂਗ, ਬਲਾਕ ਆਗੂ ਚੰਨ ਸਿੰਘ, ਮੋਹਰ ਸਿੰਘ, ਗੁਰਦੀਪ ਸਿੰਘ ਤੇ ਰਜਿੰਦਰ ਸਿੰਘ ਸਾਧੂਗੜ੍ਹ ਆਦਿ ਹਾਜ਼ਰ ਸਨ।

# ਨਹਿਰੀ ਬਸਤੀ 'ਚ ਨਿਸ਼ਾਨਦੇਹੀ ਕਰਨ 'ਤੇ ਝੁੱਗੀਆਂ ਵਾਲਿਆਂ 'ਚ ਮਚੀ ਹਾਹਾਕਾਰ

## ਝੁੱਗੀਆਂ ਵਾਲਿਆਂ ਨੂੰ ਮਾਲਕਾਨਾ ਹੱਕ ਦੇਣ ਦੇ ਸਰਕਾਰ ਵੱਲੋਂ ਸਰਟੀਫਿਕੇਟ ਜਾਰੀ ਕੀਤੇ ਗਏ ਹਨ : ਵਿਜੇ ਧੀਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਨਹਿਰ ਦੇ ਨਾਲ ਨਾਲ ਝੁੱਗੀਆਂ ਵਾਲਿਆਂ ਦੀ ਬਸਤੀ ਜਿਸ ਨੂੰ ਨਹਿਰੀ ਬਸਤੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਬੀਤੇ 35/40 ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਬਣੀ ਹੋਈ ਹੈ, ਜਿੱਥੇ ਸੈਂਕੜੇ ਦੀ ਗਿਣਤੀ ਵਿੱਚ ਝੁੱਗੀਆਂ ਹਨ। ਪੰਜਾਬ ਸਰਕਾਰ ਦੇ ਇਨ੍ਹਾਂ ਝੁੱਗੀ ਨਿਵਾਸੀਆਂ ਨੂੰ ਮੁੱਖ ਮੰਤਰੀ ਸਲਮ ਡਿਵੈਲਪਮੈਂਟ ਪ੍ਰੋਗਰਾਮ ਬਸੇਰਾ ਤਹਿਤ ਇਨ੍ਹਾਂ ਝੁੱਗੀਆਂ ਵਾਲਿਆਂ ਨੂੰ ਮਾਲਕਾਨਾ ਹੱਕ ਦੇਣ ਦੇ ਸਰਟੀਫਿਕੇਟ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਨ। ਬੀਤੇ ਦਿਨੀਂ ਮਹਿਕਮਾ ਪੀ ਡਬਲਯੂ ਡੀ ਮੋਗਾ ਵੱਲੋਂ ਇਨ੍ਹਾਂ ਝੁੱਗੀਆਂ ਵਿੱਚੋਂ ਕਰੀਬ ਪੰਜ ਫੁੱਟ ਜਗ੍ਹਾ ਲੈਣ ਲਈ ਨਿਸ਼ਾਨਦੇਹੀ ਕਰ ਦਿੱਤੀ ਗਈ ਹੈ। ਇਸ ਨਿਸ਼ਾਨਦੇਹੀ ਕਾਰਨ ਇਨ੍ਹਾਂ ਝੁੱਗੀ ਵਾਲਿਆਂ ਵਿੱਚ ਹੜਕੰਪ ਮਚਿਆ ਹੋਇਆ ਹੈ। ਇਹ ਝੁੱਗੀ ਵਾਲਿਆਂ ਨੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਆਪਣੇ ਆਗੂ ਨਾਨਕ ਦੀ ਅਗਵਾਈ ਵਿੱਚ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਗੈਰ-ਸਿਆਸੀ ਪਾਰਟੀ ਪੰਜਾਬ ਦੇਸ਼ਮ ਦੇ ਪ੍ਰਧਾਨ ਵਿਜੇ ਧੀਰ ਐਡਵੋਕੇਟ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਨੂੰ ਮੌਕੇ 'ਤੇ ਬੁਲਾ ਕੇ ਆਪਣੀ ਦਾਸਤਾਨ ਸੁਣਾਈ ਤੇ ਝੁੱਗੀਆਂ ਦਾ ਉਜਾੜਾ ਰੁਕਵਾਉਣ ਲਈ ਪੰਜਾਬ ਸਰਕਾਰ ਤੇ ਡਿਪਟੀ ਕਮਿਸ਼ਨਰ ਮੋਗਾ ਤੱਕ ਉਨ੍ਹਾਂ ਦੀ ਆਵਾਜ਼ ਪਹੁੰਚਾਉਣ ਲਈ ਬੇਨਤੀ ਕੀਤੀ। ਇਸ ਮੌਕੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਉਨ੍ਹਾਂ ਨੇ ਇਨ੍ਹਾਂ ਗਰੀਬ ਮਜ਼ਦੂਰ ਝੁੱਗੀਆਂ ਵਾਲਿਆਂ ਦਾ ਉਜਾੜਾ ਰੁਕਵਾਉਣ ਦੀ ਮੰਗ ਨੂੰ ਲੈ ਕੇ ਈ ਮੇਲ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਮੋਗਾ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੂੰ ਚਿੱਠੀਆਂ ਲਿਖੀਆਂ ਹਨ, ਚਿੱਠੀ ਵਿੱਚ ਵਿਜੇ ਧੀਰ ਨੇ ਲਿਖਿਆ ਹੈ ਕਿ ਜੇਕਰ ਇਨ੍ਹਾਂ ਝੁੱਗੀਆਂ ਵਾਲਿਆਂ ਦੀਆਂ ਝੁੱਗੀਆਂ ਵਿੱਚੋਂ ਪੰਜ ਪੰਜ ਫੁੱਟ ਜਗ੍ਹਾ ਲੈ ਲਈ ਜਾਂਦੀ ਹੈ ਤਾਂ ਇਹ ਝੁੱਗੀਆਂ ਇਨ੍ਹਾਂ ਲੋਕਾਂ ਦੇ ਰਹਿਣ ਦੇ ਯੋਗ ਨਹੀਂ ਰਹਿਣਗੀਆਂ, ਜਿਹੜਾ ਅਸਿੱਧੇ ਤੌਰ 'ਤੇ ਇਨ੍ਹਾਂ ਗਰੀਬ ਝੁੱਗੀਆਂ ਵਾਲਿਆਂ ਦਾ ਉਜਾੜਾ ਕਰਨਾ ਹੋਵੇਗਾ। ਧੀਰ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਪੰਜਾਬ ਸਰਕਾਰ ਦਾ ਇਹ ਸੰਕਲਪ ਹੈ ਕਿ ਜਿੰਨੀ ਦੇਰ ਤੱਕ ਝੁੱਗੀ ਝੌਂਪੜੀ ਵਾਲਿਆਂ ਨੂੰ ਬਦਲਵੀਂ ਰਿਹਾਇਸ਼ ਦਾ ਪ੍ਰਬੰਧ ਨਹੀਂ ਕਰ ਕੇ ਦਿੱਤਾ ਜਾਂਦਾ, ਉਨੀਂ ਦੇਰ ਤੱਕ ਉਨ੍ਹਾਂ ਨੂੰ ਮੌਜੂਦਾ ਜਗ੍ਹਾ ਤੋਂ ਨਹੀਂ ਹਟਾਇਆ ਜਾ ਸਕਦਾ ਹੈ। ਇਸ ਚਿੱਠੀ ਦਾ ਉਤਾਰਾ ਮੋਗਾ ਦੇ ਵਿਧਾਇਕ ਡਾਕਟਰ ਅਮਨਦੀਪ ਕੌਰ ਅਰੋੜਾ ਨੂੰ ਵੀ ਈ ਮੇਲ ਰਾਹੀਂ ਭੇਜਿਆ ਗਿਆ ਹੈ। ਪੰਜਾਬ ਦੇਸ਼ਮ ਪਾਰਟੀ ਨੇ ਮੁੱਖ ਮੰਤਰੀ ਪੰਜਾਬ, ਡਿਪਟੀ ਕਮਿਸ਼ਨਰ ਮੋਗਾ ਤੇ ਵਿਧਾਇਕਾ ਮੋਗਾ ਨੂੰ ਚਿੱਠੀ ਰਾਹੀਂ ਇਨ੍ਹਾਂ ਝੁੱਗੀਆਂ ਵਾਲਿਆਂ ਦਾ ਉਜਾੜਾ ਰੋਕਣ ਲਈ ਅਪੀਲ ਕੀਤੀ ਹੈ।

# ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਕਿਰਤ ਕੋਡਾਂ ਵਿਰੁੱਧ ਦੇਸ਼-ਵਿਆਪੀ ਪ੍ਰਦਰਸ਼ਨ

## ਸੰਯੁਕਤ ਕਿਸਾਨ ਮੋਰਚਾ ਨੇ ਇੱਕਮੁੱਠਤਾ ਦਾ ਸਮਰਥਨ ਕੀਤਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਕੇਂਦਰੀ ਟਰੇਡ ਯੂਨੀਅਨਾਂ ਜਿਨ੍ਹਾਂ ਵਿੱਚ ਇੰਟਕ, ਏਟਕ, ਐੱਚ ਐੱਮ ਐੱਸ, ਸੀਟੂ, ਏ ਆਈ ਯੂ ਟੀ ਯੂ ਸੀ, ਟੀ ਯੂ ਸੀ, ਸੇਵਾ, ਏ ਆਈ ਸੀ ਸੀ ਟੀ ਯੂ, ਐੱਲ ਪੀ ਐੱਫ, ਯੂ ਟੀ ਯੂ ਸੀ ਸ਼ਾਮਲ ਹਨ ਅਤੇ ਸੁਤੰਤਰ ਸੈਕਟਰਲ ਫੈਡਰੇਸ਼ਨਾਂ/ਐਸੋਸੀਏਸ਼ਨਾਂ ਦੇ ਸਾਂਝੇ ਪਲੇਟਫਾਰਮ ਦੁਆਰਾ ਨਵੀਂ ਦਿਲੀ ਤੋਂ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਬ੍ਰਿਟਿਸ਼ ਕਾਲ ਤੋਂ ਲੈ ਕੇ 150 ਸਾਲਾਂ ਤੋਂ ਵੱਧ ਸਮੇਂ ਤੱਕ ਲੜੀਆਂ ਗਈਆਂ ਲੜਾਈਆਂ ਤੋਂ ਬਾਅਦ ਜਿੱਤ ਪ੍ਰਾਪਤ ਕੀਤੀ। ਮਜ਼ਦੂਰਾਂ ਦੇ ਹੱਕ ਦੇ ਕਾਨੂੰਨਾਂ ਨੂੰ ਖੋਹਣ ਲਈ ਮੋਦੀ ਸ਼ਾਸਨ ਦੁਆਰਾ ਬਣਾਏ ਗਏ ਚਾਰ ਲੇਬਰ ਕੋਡਾਂ ਵਿਰੁੱਧ ਕੇਂਦਰੀ ਟਰੇਡ ਯੂਨੀਅਨਾਂ ਦੁਆਰਾ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਕੀਤਾ ਗਿਆ।

ਇਹ ਪ੍ਰੋਗਰਾਮ ਲਗਭਗ ਸਾਰੀਆਂ ਰਾਜਾਂ ਦੀਆਂ ਰਾਜਧਾਨੀਆਂ ਤੇ ਜ਼ਿਆਦਾਤਰ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਕੀਤੇ ਗਏ ਸਨ, ਜਿਨ੍ਹਾਂ ਵਿੱਚ ਮੁੱਖ ਨੇਤਾਵਾਂ ਨੇ ਇਨ੍ਹਾਂ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ। ਆਗੂਆਂ ਨੇ ਆਪਣੇ ਭਾਸ਼ਣਾਂ ਵਿੱਚ ਕਿਰਤ ਸੁਧਾਰਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਭਾਰਤੀ ਲੇਬਰ ਕਾਨਫਰੰਸ ਕਰਵਾਉਣ ਦੀ ਮੰਗ ਕਰਦਿਆਂ ਇਨ੍ਹਾਂ ਕੋਡਾਂ ਨੂੰ ਰੱਦ ਕਰਨ ਦੀ ਮੰਗ ਕੀਤੀ।ਉਨ੍ਹਾਂ ਨੇ ਕਿਹਾ ਕਿ ਇਹ ਕੋਡ ਸਰਕਾਰ ਦੁਆਰਾ 'ਕਾਰੋਬਾਰ ਕਰਨ ਦੀ ਸੌਖ' ਦੇ ਉਦੇਸ਼ ਨਾਲ ਤਿਆਰ ਕੀਤੇ ਗਏ ਹਨ। ਕਾਰਪੋਰੇਟ-ਪੱਖੀ ਲੇਬਰ ਕੋਡ ਟਰੇਡ ਯੂਨੀਅਨ ਅੰਦੋਲਨ ਨੂੰ ਕੁਚਲਣ ਲਈ ਹਨ ਤੇ ਇਹ ਅੰਤਰਰਾਸ਼ਟਰੀ ਕਿਰਤ ਮਿਆਰਾਂ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦੇ ਵਿਰੁੱਧ ਹੈ।ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਕੇਂਦਰ ਦੀ ਸੱਤਾਧਾਰੀ ਪਾਰਟੀ ਦੀ ਹਾਰ, ਜਿਸ ਵਿੱਚ ਉਹ ਬਹੁਮੱਤ ਗੁਆ ਬੈਠੀ ਤੇ ਸਹਿਯੋਗੀ ਪਾਰਟੀਆਂ 'ਤੇ ਨਿਰਭਰ ਸਰਕਾਰ ਬਣੀ ਹੋਈ ਹੈ, ਕੰਧ 'ਤੇ ਲਿਖਿਆ ਵੇਖਣ ਵਿੱਚ ਅਸਫਲ ਰਹੀ ਹੈ।ਸਮੂਹਕ ਸੌਦੇਬਾਜ਼ੀ ਤੇ ਵਧੀਆ ਕੰਮ ਦੀਆਂ ਹਾਲਤਾਂ ਦੇ ਆਪਣੇ ਜਾਇਜ਼ ਜਮਹੂਰੀ ਹੱਕਾਂ ਲਈ ਸੰਘਰਸ਼ ਨੂੰ ਤੇਜ਼ ਕਰਨਾ ਹੋਵੇਗਾ।

ਸੰਯੁਕਤ ਕਿਸਾਨ ਮੋਰਚਾ ਨੇ ਆਪਣੇ ਬਿਆਨ ਵਿੱਚ ਅੱਜ ਦੇ ਐਕਸ਼ਨ ਦਾ ਸਮਰਥਨ ਕੀਤਾ ਹੈ।ਆਉਣ ਵਾਲੇ ਦਿਨਾਂ ਵਿੱਚ ਮਜ਼ਦੂਰਾਂ ਤੇ ਕਿਸਾਨਾਂ ਦੇ ਦੋਵੇਂ ਮੋਰਚੇ ਆਪੋ ਆਪਣੇ ਸਾਂਝੇ ਮੰਗ ਪੱਤਰ 'ਤੇ ਸਾਂਝੇ ਅੰਦੋਲਨ ਦੀ ਵਿਉਂਤਬੰਦੀ ਕਰਨਗੇ।

# ਕੰਵਰ ਗਰੇਵਾਲ ਦੀ ਗਾਇਕੀ ਨਾਲ ਸਮਾਗਮ ਸੂਫੀ ਰੰਗ 'ਚ ਰੰਗਿਆ

## ਬਾਬਾ ਫਰੀਦ ਆਗਮਨ ਪੁਰਬ ਦੇ ਸੰਬੰਧ 'ਚ ਸੂਫੀ ਸ਼ਾਮ ਦਾ ਆਯੋਜਨ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ, ਗੁਰਪ੍ਰੀਤ ਸਿੰਘ ਬੇਦੀ)**-ਬੀਤੀ ਸ਼ਾਮ ਇਥੋਂ ਦੀ ਨਵੀਂ ਦਾਣਾ ਮੰਡੀ ਵਿਖੇ ਬਾਬਾ ਸ਼ੇਖ ਫਰੀਦ ਆਗਮਨ ਪੁਰਬ ਦੇ ਸਬੰਧ ਵਿੱਚ ਫਰੀਦਕੋਟ ਜ਼ਿਲ੍ਹਾ ਸੱਭਿਆਚਾਰਕ ਸੁਸਾਇਟੀ ਵੱਲੋਂ ਸੂਫੀ ਸ਼ਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪ੍ਰਸਿੱਧ ਲੋਕ ਗਾਇਕ ਕੰਵਰ ਗਰੇਵਾਲ ਨੇ ਵੱਖ ਵੱਖ ਸੂਫੀ ਕਲਾਮਾਂ ਤੋਂ ਇਲਾਵਾ ਪੰਜਾਬੀ ਲੋਕ ਗੀਤਾਂ ਰਾਹੀਂ ਆਪਣੀ ਕਲਾ ਦਾ ਮਜ਼ਾਹਰਾ ਕੀਤਾ ਤੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।ਇਸ ਮੌਕੇ ਐੱਮ.ਐੱਲ.ਏ. ਫਰੀਦਕੋਟ ਸ੍ਰ. ਗੁਰਦਿੱਤ ਸਿੰਘ ਸੇਖੋਂ, ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ, ਐਸ.ਐਸ.ਪੀ. ਪ੍ਰਗਿੱਆ ਜੈਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜ਼ਿਲ੍ਹਾ ਸੱਭਿਆਚਾਰ ਸੁਸਾਇਟੀ ਸ੍ਰੀ ਵਿਨੀਤ ਕੁਮਾਰ ਨੇ ਆਏ ਹੋਏ ਮਹਿਮਾਨਾਂ, ਆਮ ਲੋਕਾਂ ਦੀ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਬਾਬਾ ਫਰੀਦ ਆਗਮਨ ਪੁਰਹ ਦੀ ਵਧਾਈ ਦਿੱਤੀ।ਇਸ ਉਪਰੰਤ ਸੂਫੀ ਗਾਇਕ ਕੰਵਰ ਗਰੇਵਾਲ ਨੇ ਟਿਕਟਾਂ ਦੇ ਲੈ ਲਈ, ਮਸਤ ਬਣਾ ਦੇਣਗੇ ਸਮੇਤ ਆਪਣੇ ਅਨੇਕਾਂ ਗੀਤਾਂ ਨਾਲ ਦਰਸ਼ਕਾਂ ਨੂੰ ਲੰਮਾ ਸਮਾਂ ਝੂੰਮਣ ਲਗਾਇਆ।ਦਰਸ਼ਕਾਂ ਨੇ ਦੇਰ ਰਾਤ ਤੱਕ ਇਸ ਸੂਫੀ ਸ਼ਾਮ ਦਾ ਆਨੰਦ ਮਾਣਿਆ।ਇਹ ਮੇਲਾ ਉਸ ਸਮੇਂ ਜੋਬਨ 'ਤੇ ਪੁੱਜ ਗਿਆ, ਜਦੋਂ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਸਰੋਤਿਆਂ ਦੀ ਮੰਗ 'ਤੇ ਗੁਣਗੁਣਾਇਆ।

ਸਮਾਗਮ ਦੀ ਸ਼ੁਰੂਆਤ ਸੂਫੀ ਗਾਇਕ ਚੰਦਰਾ ਬਰਾੜ ਨੇ ਆਪਣੇ ਗੀਤਾਂ ਪਾਕਿਸਤਾਨੀ ਸੂਟ, ਦਾਦੀ ਮਾਂ, ਮੈਡਲ ਆਦਿ ਗੀਤਾਂ ਨਾਲ ਲੋਕਾਂ ਨੂੰ ਮੋਹਿਆ।ਇਸ ਤੋਂ ਪਹਿਲਾਂ ਨੌਰਥ ਜ਼ੋਨ ਕਲਚਰ ਸੈਂਟਰ ਪਟਿਆਲਾ ਵੱਲੋਂ ਕੌਮੀ ਲੋਕ ਨਾਚ ਪੇਸ਼ ਕੀਤਾ ਗਿਆ।ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰਸਿੱਧ ਮੰਚ ਸੰਚਾਲਕ ਸ੍ਰੀ ਜਸਬੀਰ ਜੱਸੀ ਵੱਲੋਂ ਨਿਭਾਈ ਗਈ।ਇਸ ਮੌਕੇ ਲੋਕਾਂ ਨੇ ਮੇਲੇ ਨੇ ਆਨੰਦ ਮਾਣਿਆ ਤੇ ਪੁਲਸ ਵੱਲੋਂ ਕੀਤੇ ਪੁਖਤਾ ਇੰਤਜ਼ਾਮਾਂ ਦੀ ਸਰਾਹਨਾ ਕੀਤੀ।

# ਮਾਸਟਰ ਕਪੂਰ ਨੂੰ ਵੱਖ-ਵੱਖ ਆਗੂਆਂ ਤੇ ਸਮਾਜ ਸੇਵੀਆਂ ਵੱਲੋਂ ਸ਼ਰਧਾਂਜਲੀਆਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੱਤਰਕਾਰ ਦਲਜੀਤ ਸਿੰਘ ਕਪੂਰ ਤੇ ਨਰਿੰਦਰ ਸਿੰਘ ਕਪੂਰ ਦੇ ਪਿਤਾ ਮਾਸਟਰ ਹਰਪਾਲ ਸਿੰਘ ਕਪੂਰ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਉਨ੍ਹਾਂ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਰਾਜਨੀਤਕ ਪਾਰਟੀਆਂ, ਸਮਾਜ ਸੇਵੀਆਂ ਤੇ ਹੋਰ ਜਥੇਬੰਦੀਆਂ ਦੇ ਆਗੂਆਂ ਵੱਲੋਂ ਮਾਸਟਰ ਹਰਪਾਲ ਸਿੰਘ ਕਪੂਰ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ।ਪੱਤਰਕਾਰ ਦਲਜੀਤ ਸਿੰਘ ਦੇ ਪਿਤਾ ਮਾਸਟਰ ਹਰਪਾਲ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਫਿਰੋਜ਼ਪੁਰ ਸ਼ਹਿਰੀ ਦੇ ਹਲਕਾ ਇੰਚਾਰਜ ਮੰਟੂ ਵੋਹਰਾ, ਐਸਜੀਪੀਸੀ ਮੈਂਬਰ ਦਰਸ਼ਨ ਸਿੰਘ ਬਰਾੜ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਥਿੰਦ, ਕਾਂਗਰਸ ਦੇ ਬਲਾਕ ਪ੍ਰਧਾਨ ਭੀਮ ਕੰਬੋਜ ਤੇ ਕਾਂਗਰਸੀ ਆਗੂ ਗੁਰਦੀਪ ਸਿੰਘ ਢਿੱਲੋਂ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ ਅਤੇ ਕਾਂਗਰਸ ਦੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਵੱਲੋਂ ਸ਼ੋਕ ਸੰਦੇਸ਼ ਭੇਜ ਕੇ ਕਪੂਰ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।ਇਸ ਮੌਕੇ ਆਗੂਆਂ ਨੇ ਸ਼ਰਧਾਂਜਲੀ ਭੇਟ ਕਰਦੇ ਕਿਹਾ ਕਿ ਪੱਤਰਕਾਰ ਦਲਜੀਤ ਸਿੰਘ ਕਪੂਰ ਦੇ ਪਿਤਾ ਮਾਸਟਰ ਹਰਪਾਲ ਸਿੰਘ ਕਪੂਰ ਨੇ ਆਪਣਾ ਸਾਰਾ ਜੀਵਨ ਸਾਦਗੀ ਨਾਲ ਗੁਜ਼ਾਰਿਆ ਤੇ ਪਰਵਾਰ ਨਾਲੋਂ ਵੀ ਪਹਿਲਾਂ ਡਿਊਟੀ ਦੌਰਾਨ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਦਾ ਆਪਣਾ ਮੁੱਢਲਾ ਫਰਜ਼ ਨਿਭਾਇਆ।ਆਗੂਆਂ ਨੇ ਕਿਹਾ ਕਿ ਮਾਸਟਰ ਹਰਪਾਲ ਸਿੰਘ ਨਿੱਘੇ ਸੁਭਾਅ ਦੇ ਮਾਲਕ ਸਨ, ਜਿਨ੍ਹਾਂ ਦੇ ਚਿਹਰੇ ਉੱਪਰ ਕਦੇ ਵੀ ਕ੍ਰੋਧ ਛਲਕਿਆ ਨਹੀਂ ਦੇਖਿਆ ਸੀ। ਆਗੂਆਂ ਨੇ ਕਿਹਾ ਕਿ ਇਸ ਸੰਸਾਰ ਤੋਂ ਚਲੇ ਜਾਣ ਦਾ ਘਾਟਾ ਜਿੱਥੇ ਕਪੂਰ ਪਰਵਾਰ ਨੂੰ ਪਿਆ ਹੈ, ਉੱਥੇ ਹੀ ਇਲਾਕੇ ਭਰ ਦੇ ਲੋਕਾਂ ਨੂੰ ਵੀ ਪਿਆ ਹੈ, ਕਿਉਂਕਿ ਲੋਕ ਅਕਸਰ ਹੀ ਮਾਸਟਰ ਹਰਪਾਲ ਸਿੰਘ ਜੀ ਤੋਂ ਸਲਾਹ ਮਸ਼ਵਰਾ ਲੈਣ ਲਈ ਆਉਂਦੇ ਸਨ ਅਤੇ ਉਨ੍ਹਾਂ ਨੇ ਹਮੇਸ਼ਾ ਹੀ ਚੰਗੀ ਸਲਾਹ ਅਤੇ ਸਹੀ ਰਸਤਾ ਹੀ ਸਭ ਨੂੰ ਦਿਖਾਇਆ ਸੀ।ਅੰਤਿਮ ਅਰਦਾਸ ਮੌਕੇ ਆੜਤੀਆ ਐਸੋਸੀਏਸ਼ਨ ਵੱਲੋਂ ਰਵੀ ਸ਼ਰਮਾ, ਸੈਲਰ ਐਸੋਸੀਏਸ਼ਨ ਵੱਲੋਂ ਮੀਨੂ ਬਰਾੜ, ਕਿਸਾਨ ਯੂਨੀਅਨ ਵੱਲੋਂ ਧਰਮ ਸਿੰਘ ਸਿੱਧੂ, ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਪ੍ਰਧਾਨ ਦੀਪਕ ਵਧਾਵਨ, ਪ੍ਰੈੱਸ ਕਲੱਬ ਗੁਰੂ ਹਰਸਹਾਏ ਵੱਲੋਂ ਪ੍ਰਧਾਨ ਪਵਨ ਕੰਧਾਰੀ, ਗੁਰੂ ਹਰਸਾਏ ਲਾਈਵ ਚੈਨਲ ਦੇ ਡਾਇਰੈਕਟਰ ਸਤਪਾਲ ਥਿੰਦ, ਸ਼ਹੀਦ ਭਗਤ ਸਿੰਘ ਪ੍ਰੈੱਸ ਕਲੱਬ ਵੱਲੋਂ ਪ੍ਰਧਾਨ ਕਪਿਲ ਕੰਧਾਰੀ, ਨਗਰ ਕੌਂਸਲ ਦੇ ਪ੍ਰਧਾਨ ਆਤਮਜੀਤ ਸਿੰਘ ਡੇਵਿਡ, ਕੈਮਿਸਟ ਯੂਨੀਅਨ ਗੁਰੂ ਹਰਸਹਾਏ ਵੱਲੋਂ ਪ੍ਰਧਾਨ ਰਵਿੰਦਰ ਸਿੰਘ ਭੰਡਾਰੀ ਸਮੇਤ ਅਨੇਕਾਂ ਸ਼ਖ਼ਸੀਅਤਾਂ ਨੇ ਪੁੱਜ ਕੇ ਪੱਤਰਕਾਰ ਦਲਜੀਤ ਸਿੰਘ ਕਪੂਰ ਨਾਲ ਦੁੱਖ ਸਾਂਝਾ ਕੀਤਾ।

# ਖੁੱਡੀਆਂ ਵੱਲੋਂ ਕਿੱਲਿਆਂਵਾਲੀ 'ਚ ਆਮ ਆਦਮੀ ਕਲੀਨਿਕ ਦਾ ਉਦਘਾਟਨ



**ਮਲੋਟ (ਗੁਰਮੀਤ ਸਿੰਘ ਮੱਕੜ)**

ਸ੍ਰ. ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਕਿੱਲਿਆਂਵਾਲੀ ਬਲਾਕ ਲੰਬੀ ਵਿਖੇ ਨਵੇਂ ਬਣੇ ਆਦਮੀ ਕਲੀਨਿਕ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਅਨੁਸਾਰ ਲੋਕਾਂ ਨੂੰ ਘਰਾਂ ਦੇ ਨੇੜੇ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ 15 ਅਗਸਤ 2022 ਨੂੰ ਆਮ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਪੂਰੇ ਪੰਜਾਬ ਵਿੱਚ ਕੀਤੀ ਸੀ ਤੇ ਪੰਜਾਬ ਵਿੱਚ ਆਮ ਆਦਮੀ ਕਲੀਨਿਕਾਂ ਦੀ ਗਿਣਤੀ ਵੱਧ ਕੇ 870 ਹੋ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ 22 ਆਮ ਆਦਮੀ ਕਲੀਨਿਕ ਲੋਕਾਂ ਨੂੰ ਘਰਾਂ ਦੇ ਨੇੜੇ ਵਧੀਆ ਸਿਹਤ ਸਹੂਲਤਾਂ ਉਪਲੱਬਧ ਕਰਵਾ ਰਹੇ ਹਨ ਤੇ ਅੱਜ ਜ਼ਿਲ੍ਹੇ ਵਿੱਚ 2 ਹੋਰ ਆਦਮੀ ਕਲੀਨਿਕਾਂ ਦੀ ਸ਼ੁਰੂਆਤ ਪਿੰਡ ਕਿੱਲਿਆਂਵਾਲੀ ਤੇ ਕਰਮਪੱਟੀ ਵਿਖੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਜਾ ਰਹੇ ਆਮ ਆਦਮੀ ਕਲੀਨਿਕ ਇੱਕ ਸ਼ਲਾਘਾਯੋਗ ਕਦਮ ਹੈ ਤੇ ਇਨ੍ਹਾਂ ਕਲੀਨਿਕਾਂ ਦੇ ਖੁੱਲ੍ਹਣ ਨਾਲ ਲੋਕਾਂ ਨੂੰ ਘਰਾਂ ਦੇ ਨੇੜੇ ਵਧੀਆ ਸਿਹਤ ਸਹੂਲਤਾਂ ਮਿਲਣਗੀਆਂ ਤੇ ਲੋਕਾਂ ਨੂੰ ਇਲਾਜ ਕਰਵਾਉਣ ਲਈ ਦੂਰ ਦੁਰਾਡੇ ਇਲਾਕਿਆਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ ਤੇ ਉਨ੍ਹਾਂ ਦੇ ਮੁੱਢਲਾ ਇਲਾਜ ਇਨ੍ਹਾਂ ਕਲੀਨਿਕਾਂ ਵਿੱਚ ਹੀ ਕੀਤਾ ਜਾਵੇਗਾ। ਇਸ ਮੌਕੇ ਡਾ. ਸੰਜੀਵ ਕੁਮਾਰ ਐੱਸ.ਡੀ.ਐੱਮ. ਮਲੋਟ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ 22 ਆਮ ਆਦਮੀ ਕਲੀਨਿਕ ਪਹਿਲਾਂ ਹੀ ਸਫਲਤਾ ਪੂਰਵਕ ਚੱਲ ਰਹੇ ਹਨ ਅਤੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਉਪਲੱਬਧ ਕਰਵਾ ਰਹੇ ਹਨ। ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਜਗਦੀਪ ਚਾਵਲਾ ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਚੱਲ ਰਹੇ 22 ਆਮ ਆਦਮੀ ਕਲੀਨਿਕਾਂ ਵੱਲੋਂ ਹੁਣ ਤੱਕ 429372 ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਗਿਆ ਹੈ ਤੇ 171233 ਮਰੀਜ਼ਾਂ ਦੇ ਮੁਫਤ ਲੈਬ ਟੈਸਟ ਵੀ ਕੀਤੇ ਗਏ ਹਨ। ਇਸ ਮੌਕੇ ਡਾ. ਹਰਿੰਦਰ ਸਿੰਘ ਐਸ.ਐਮ.ਓ. ਲੰਬੀ, ਅੰਜੂ ਬਾਲਾ ਨਾਇਬ ਤਹਿਸੀਲਦਾਰ ਲੰਬੀ, ਡਾ. ਵਿਕਰਮਜੀਤ ਸਿੰਘ, ਡਾ. ਮਨਵੀਨ ਕੌਰ, ਡਾ. ਸ਼ਕਤੀਪਾਲ, ਬੱਬੀ ਖੁੱਡੀਆਂ, ਗੁਰਬਾਜ ਸਿੰਘ ਪੀ.ਏ. ਅਤੇ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਪਤਵੰਤੇ ਵਿਅਕਤੀ ਮੌਜੂਦ ਸਨ।



ਰਾਜਪੁਰਾ ਅੱਗਰਵਾਲ ਸਭਾ ਰਾਜਪੁਰਾ ਵੱਲੋਂ ਖੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ 152 ਯੂਨਿਟ ਖੂਨ ਦਾਨ ਕੀਤਾ ਗਿਆ। ਇਸ ਮੌਕੇ ਸਭਾ ਦੇ ਸਾਰੇ ਅਹੁਦੇਦਾਰ ਹਾਜ਼ਰ ਸਨ। (ਫੋਟੋ ਤੇ ਵੇਰਵਾ : ਰਾਜਪੁਰਾ ਕਟਾਰੀਆ)

## ਨਗਰ ਕੌਂਸਲ ਵੱਲੋਂ 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਗਤੀਵਿਧੀਆਂ ਸ਼ੁਰੂ




ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਡਾ. ਰੁਪਿੰਦਰਪਾਲ ਸਿੰਘ ਤੇ ਕਾਰਜ ਸਾਧਕ ਅਫ਼ਸਰ ਮਾਛੀਵਾੜਾ ਸਾਹਿਬ ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਨਗਰ ਕੌਂਸਲ ਵੱਲੋਂ ਸਫ਼ਾਈ ਗਤੀਵਿਧੀਆਂ ਸ਼ੁਰੂ ਕੀਤੀਆਂ ਗਈਆਂ। ਇਸ ਮੁਹਿੰਮ ਤਹਿਤ 17 ਸਤੰਬਰ ਤੋਂ 2 ਅਤੂਬਰ ਤੱਕ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਤਹਿਤ ਨਗਰ ਕੌਂਸਲ ਮਾਛੀਵਾੜਾ ਸਾਹਿਬ ਵੱਲੋਂ ਪਾਰਕ ਦੀ ਸਾਫ਼-ਸਫਾਈ ਕਰਵਾਈ ਗਈ ਤੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਕਿਸਮ ਦਾ ਪਲਾਸਟਿਕ ਡਿਸਪੋਜ਼ਲ ਲੰਗਰਾਂ ਵਿੱਚ ਨਾ ਵਰਤਿਆ ਜਾਵੇ। ਉਨ੍ਹਾਂ ਕਿਹਾ ਕਿ ਲੰਗਰ ਲਗਾਉਣ ਤੋਂ ਬਾਅਦ ਆਲੇ-ਦੁਆਲੇ ਗੰਦਗੀ ਨਾ ਫੈਲਾਈ ਜਾਵੇ। ਅਧਿਕਾਰੀਆਂ ਨੇ ਕਿਹਾ ਕਿ ਸਾਫ਼-ਸਫਾਈ ਦਾ ਕੰਮ ਲੋਕਾਂ ਦੇ ਸਹਿਯੋਗ ਸਦਕਾ ਹੀ ਸੰਭਵ ਹੈ ਤੇ ਸਾਨੂੰ ਸਭ ਨੂੰ ਰਲ ਮਿਲ ਕੇ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ। ਇਸ ਮੌਕੇ ਜੈਵਿਕ ਖਾਦ ਦੀ ਸਟਾਲ ਵੀ ਲਗਾਈ ਗਈ ਤੇ ਸਟੀਲ ਦੇ ਭਾਂਡਿਆਂ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਵਰਤਣ ਦੀ ਅਪੀਲ ਕੀਤੀ ਗਈ। ਇਸ ਮੌਕੇ ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ, ਸੁਪਰਵਾਈਜ਼ਰ ਭੁਪਿੰਦਰ ਸਿੰਘ, ਕਲਰਕ ਮੇਜਰ ਸਿੰਘ ਮੌਜੂਦ ਸਨ।

## ਦੰਦਾਂ ਦਾ ਮੁਫ਼ਤ ਚੈੱਕਅੱਪ ਕੈਂਪ ਲਾਇਆ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੈਨਸਿਸ ਡੈਂਟਲ ਕਾਲਜ ਤੇ ਹਸਪਤਾਲ ਫ਼ਿਰੋਜ਼ਪੁਰ ਦੀ ਟੀਮ ਵੱਲੋਂ ਫ਼ਿਰੋਜ਼ਪੁਰ ਦੇ ਪਿੰਡ ਬਾਬਾ ਕਰਮ ਸਿੰਘ ਢੇਰੂ ਦੇ ਗੁਰਦੁਆਰਾ ਸਾਹਿਬ ਵਿਖੇ ਦੰਦਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾ. ਸੁਕੀਰਤ ਕੌਰ, ਡਾ. ਸੰਦੀਪ ਕੌਰ ਤੇ ਡਾ. ਸੁਮੇਰ ਕੰਬੋਜ ਵੱਲੋਂ 100 ਤੋਂ ਵੱਧ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਡਾ. ਰਮਨ, ਡਾ. ਸੰਦੀਪ ਕੌਰ ਤੇ ਡਾ. ਸਿਰਜਨਦੀਪ ਸਿੰਘ ਨੇ ਮਰੀਜ਼ਾਂ ਦਾ ਚੈੱਕਅਪ ਕਰਦਿਆਂ ਕਿਹਾ ਕਿ ਪਾਚਨ ਤੇ ਸੁਆਦ ਨੂੰ ਸੁਧਾਰਨ ਲਈ ਦੰਦਾਂ ਦਾ ਸਫ਼ਾਈ ਕਰਨੀ ਜ਼ਰੂਰੀ ਹੈ ਅਤੇ ਦੰਦਾਂ ਨੂੰ ਤੰਦਰੁਸਤ ਰੱਖਣ ਲਈ ਹਰ ਕਿਸੇ ਨੂੰ ਬੁਰਸ਼ ਕਰਨਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਦੰਦਾਂ ਦੀ ਸੁਰੱਖਿਆ ਲਈ ਜਿੱਥੇ ਸਵੇਰੇ ਬੁਰਸ਼ ਕਰਨਾ ਚਾਹੀਦਾ ਹੈ, ਉੱਥੇ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਬੁਰਸ਼ ਕਰਨਾ ਬਹੁਤ ਜ਼ਰੂਰੀ ਹੈ, ਤਾਂ ਜੋ ਮੂੰਹ ਨੂੰ ਚੰਗੀ ਤਰ੍ਹਾਂ ਸਾਫ਼ ਰੱਖਿਆ ਜਾ ਸਕੇ।ਇਸ ਮੌਕੇ ਪੀਆਰਓ ਰਣਜੀਤ ਸਿੰਘ ਤੇ ਮਨਜੀਤ ਸਿੰਘ ਵੱਲੋਂ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ ਗਈਆਂ।

## ਵਿਧਾਇਕ ਦਹੀਆ ਨੇ ਖੁੱਲਰ ਤੇ ਸੁਖਦੇਵ ਦੀ ਅੰਤਿਮ ਅਰਦਾਸ 'ਚ ਹਾਜ਼ਰ ਹੋ ਕੇ ਪਰਵਾਰਾਂ ਨਾਲ ਕੀਤਾ ਦੁੱਖ ਸਾਂਝਾ



ਮਮਦੋਟ (ਜਸਬੀਰ ਸਿੰਘ ਕੰਬੋਜ)-ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਦਲਜੀਤ ਸਿੰਘ ਬਾਬਾ, ਬਲਵਿੰਦਰ ਸਿੰਘ ਰਾਓ ਕੇ, ਗੁਰਨਾਮ ਸਿੰਘ ਹਜਾਰਾ, ਬਲਵਿੰਦਰ ਸਿੰਘ ਲੱਡੂ, ਅਨਮੋਲ ਸਿੰਘ ਜੋਧਪੁਰ, ਰਜਵੰਤ ਸਿੰਘ ਸੋਢੀ, ਸੰਦੀਪ ਸੋਨੀ, ਬਲਵੀਰ ਸਿੰਘ ਫੱਤੇਵਾਲਾ, ਬਗੀਚਾ ਸਿੰਘ, ਲਖਵਿੰਦਰ ਸਿੰਘ ਸਿੱਧੂ ਤੇ ਡਾ: ਦਲਜੀਤ ਸਿੰਘ ਜੋਸਨ ਆਦਿ ਸਮੇਤ ਅਨਾਜ ਮੰਡੀ ਮਮਦੋਟ ਵਿਖੇ ਸ੍ਰੀ ਬਨਾਰਸੀ ਦਾਸ ਖੁੱਲਰ (ਬੇਟੂ ਕਦੀਮ ਵਾਲੇ) ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ ਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਸ਼ੋਕ ਸਮਾਗਮ ਵਿੱਚ ਸ਼ਿਰਕਤ ਕਰਨ ਉਪਰੰਤ ਉਹ ਆਪਣੀ ਟੀਮ ਸਮੇਤ ਸੁਖਚੈਨ ਸਿੰਘ ਸੇਠਾਂ ਵਾਲਾ, ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ ਤੇ ਸੁਖਚੈਨ ਸਿੰਘ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਆਪਣੀ ਟੀਮ ਨਾਲ ਸ੍ਰੀ ਦਹੀਆ ਪਿੰਡ ਸਾਹਨਕੇ ਵਿਖੇ ਸਵਰਗਵਾਸੀ ਸੂਬੇਦਾਰ ਮੇਜਰ ਕਸ਼ਮੀਰ ਸਿੰਘ ਸੰਧੂ (ਸ੍. ਗੁਰਜੰਟ ਸਿੰਘ ਜੀ ਦੇ ਪਿਤਾ) ਦੇ ਅਕਾਲ ਚਲਾਣਾ ਕਰ ਜਾਣ 'ਤੇ ਅਫ਼ਸੋਸ ਕਰਨ ਲਈ ਉਨ੍ਹਾਂ ਦੇ ਘਰ ਪਹੁੰਚੇ, ਜਿੱਥੇ ਉਨ੍ਹਾ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਇਸ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਉਪਰੰਤ ਵਿਧਾਇਕ ਦਹੀਆ ਆਪਣੀ ਟੀਮ ਨਾਲ ਉਘੇ ਕਾਰੋਬਾਰੀ ਤੇ ਟਰਾਂਸਪੋਰਟਰ ਸ੍ਰੀ ਸੁਖਦੇਵ ਰਾਜ ਭੋਲੇਵਾਸੀਆ ਦੀ ਅੰਤਿਮ ਅਰਦਾਸ ਮੌਕੇ ਦਾਣਾ ਮੰਡੀ ਮਮਦੋਟ ਵਿਖੇ ਸ਼ਾਮਲ ਹੋਏ ਤੇ ਭੋਲੇਵਾਸੀਆ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਸੁਖਦੇਵ ਪਾਲ ਭੋਲੇਵਾਸੀਆ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।

## ਨੌਜਵਾਨਾਂ ਨੂੰ ਕ੍ਰਿਕਟ ਤੇ ਫੁੱਟਬਾਲ ਦੀਆਂ ਕਿੱਟਾਂ ਵੰਡੀਆਂ



ਮੱਖੂ (ਰਛਪਾਲ ਸਿੰਘ ਸੰਧੂ)-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਦਲਦਲ ਵਿੱਚੋਂ ਕੱਢ ਕੇ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਚਲਾਈ ਮੁਹਿੰਮ ਤਹਿਤ ਬਲਾਕ ਮਖੂ ਦੇ ਪਿੰਡ ਬਾਹਰਵਾਲੀ ਵਿਖੇ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ, ਯੂਥ ਆਗੂ ਸ਼ੰਕਰ ਕਟਾਰੀਆ ਦੇ ਦਿਸ਼ਾ ਨਿਰਦੇਸ਼ਾਂ ਤਹਿਤ 'ਆਪ' ਆਗੂ ਰਣਜੀਤ ਸਿੰਘ ਰਾਣਾ ਬਾਹਰਵਾਲੀ ਦੀ ਅਗਵਾਈ ਵਿੱਚ ਕ੍ਰਿਕਟ ਤੇ ਫੁੱਟਬਾਲ ਦੀਆਂ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ 'ਆਪ' ਆਗੂ ਰਣਜੀਤ ਸਿੰਘ ਰਾਣਾ ਬਾਹਰਵਾਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਨਾਮੁਰਾਦ ਬੀਮਾਰੀਆਂ 'ਚੋਂ ਕੱਢਣ ਤੇ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਜੋ ਉਪਰਾਲਾ ਕੀਤਾ ਹੋਇਆ ਹੈ, ਬਹੁਤ ਹੀ ਸ਼ਲਾਘਯੋਗ ਹੈ।ਇਸ ਨਾਲ ਨੌਜਵਾਨ ਨਸ਼ਿਆਂ ਦੇ ਦਲਦਲ ਵਿੱਚੋਂ ਨਿਕਲ ਕੇ ਖੇਡਾਂ ਪ੍ਰਤੀ ਉਤਸ਼ਾਹਤ ਹੋ ਰਹੇ ਹਨ।ਅੱਜ ਵਿਧਾਇਕ ਨਰੇਸ਼ ਕਟਾਰੀਆ ਤੇ ਯੂਥ ਆਗੂ ਸ਼ੰਕਰ ਕਟਾਰੀਆ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਕ੍ਰਿਕਟ ਤੇ ਫੁੱਟਬਾਲ ਦੀਆਂ ਕਿੱਟਾਂ ਵੰਡੀਆਂ ਗਈਆਂ ਹਨ।ਇਸ ਮੌਕੇ ਸਲਵਿੰਦਰ ਸਿੰਘ ਗਿੱਲ, ਗੁਰਜੀਤ ਸਿੰਘ, ਤਰਸੇਮ ਸਿੰਘ, ਹਰਮਨ ਸਿੰਘ, ਮਨਦੀਪ ਸਿੰਘ, ਸੇਵਾ ਸਿੰਘ, ਮਨਜੀਤ ਸਿੰਘ, ਬਲਜਿੰਦਰ ਸਿੰਘ, ਪਰਮਜੀਤ ਸਿੰਘ, ਬਲਜਿੰਦਰ ਸਿੰਘ, ਸਿਮਰਨ ਸਿੰਘ, ਲਵਲੀਤ ਸਿੰਘ, ਕ੍ਰਿਸ਼ਨ ਸਿੰਘ, ਬਲਵਿੰਦਰ ਸਿੰਘ, ਅਕਾਸ਼ਦੀਪ ਸਿੰਘ, ਮਨਪ੍ਰੀਤ ਸਿੰਘ, ਜਸਮੇਰ ਸਿੰਘ ਆਦਿ ਹਾਜ਼ਰ ਸਨ।

## ਬੇਟੀ ਦੇ ਜਨਮ ਦਿਨ ਦੀ ਖੁਸ਼ੀ 'ਚ ਸਕੂਲ ਵਿਖੇ ਪੌਦੇ ਲਗਾਏ



ਮਾਨਸਾ (ਆਤਮਾ ਸਿੰਘ ਪਮਾਰ)-ਭਾਈ ਸਾਹਿਬ ਭਾਈ ਰਾਮ ਸਿੰਘ ਗੁੰਥੀ ਸਿੰਘ ਗੁਰਦੁਆਰਾ ਸਾਹਿਬ ਅਤਲਾ ਕਲਾਂ ਵੱਲੋਂ ਆਪਣੀ ਬੇਟੀ ਜਸ਼ਨਪ੍ਰੀਤ ਕੌਰ ਦੇ ਖੇਡਾਂ ਵਤਨ ਪੰਜਾਬ ਦੀਆਂ ਸਮੇਂ ਅਥਲੈਟਿਕ ਵਿੱਚੋਂ 110 ਮੀਟਰ ਹਰਡਲ ਦੌੜ ਤੇ 100 ਮੀਟਰ ਦੌੜ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਅਤੇ ਉਸ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਦੇ ਵਿਹੜੇ 'ਚ ਸ਼ਾਨਦਾਰ ਤੇ ਕੀਮਤੀ ਪੰਜ ਬੂਟੇ ਲਗਾਏ ਗਏ ਅਤੇ ਉਨ੍ਹਾਂ ਵੱਲੋਂ ਬੂਟਿਆਂ ਦੀ ਕਾਂਟ-ਛਾਂਟ ਲਈ ਸਕੂਲ ਨੂੰ ਕੈਂਚੀ ਵੀ ਭੇਟ ਕੀਤੀ ਗਈ।ਈਕੋ ਕਲੱਬ ਇੰਚਾਰਜ ਅਸ਼ਵਿੰਦਰ ਸਿੰਘ ਨੇ ਦੱਸਿਆ ਕਿ ਭਾਈ ਸਾਹਿਬ ਸਕੂਲ ਨੂੰ ਸਹਿਯੋਗ ਕਰਨ ਲਈ ਹਮੇਸ਼ਾ ਤਤਪਰ ਰਹਿੰਦੇ ਹਨ।ਸਕੂਲ ਮੁਖੀ ਬਲਜਿੰਦਰ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਸਮਾਜ ਨੂੰ ਵੀ ਇੱਕ ਚੰਗਾ ਸੁਨੇਹਾ ਮਿਲੇਗਾ।ਇਸ ਸਮੇਂ ਅਜੈਬ ਸਿੰਘ ਖ਼ਜ਼ਾਨਚੀ, ਅਧਿਆਪਕ ਸੁਰਜੀਤ ਸਿੰਘ, ਗੁਰਦੀਪ ਸਿੰਘ, ਅਵਤਾਰ ਸਿੰਘ ਤੇ ਕਾਕਾ ਮਨਪ੍ਰੀਤ ਸਿੰਘ ਹਾਜ਼ਰ ਸਨ।

## ਕੁੱਟਮਾਰ ਕਰਨ ਦੇ ਦੋਸ਼ 'ਚ 4 ਖਿਲਾਫ ਪਰਚਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਹਜਾਰਾ ਰਾਮ ਸਿੰਘ ਵਾਲਾ ਵਿਖੇ ਬੀਤੇ ਦਿਨ ਸਵੇਰੇ ਕਰੀਬ 9 ਵਜੇ ਇੱਕ ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ 4 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਸੋਮਾ ਰਾਣੀ ਪਤਨੀ ਬਲਕਾਰ ਸਿੰਘ ਵਾਸੀ ਪਿੰਡ ਹਜਾਰਾ ਰਾਮ ਸਿੰਘ ਵਾਲਾ ਨੇ ਪੁਲਸ ਕੋਲ ਦਰਜ ਕਰਵਾਏ ਆਪਣੇ ਬਿਆਨਾਂ ਵਿੱਚ ਦੱਸਿਆ ਕਿ 17 ਸਤੰਬਰ ਨੂੰ ਸਵੇਰੇ ਕਰੀਬ 9 ਵਜੇ ਸਾਜਨ ਸਿੰਘ ਦੇ ਮੋਬਾਇਲ ਫੋਨ ਤੋਂ ਉਸ ਦੇ ਪਤੀ ਬਲਕਾਰ ਸਿੰਘ ਨੂੰ ਫੋਨ ਆਇਆ ਕਿ ਅਤੇ ਉਸ ਦੇ ਜੇਠ ਦੇ ਲੜਕੇ ਰਾਜ ਸਿੰਘ ਨੇ ਉਸ ਨੂੰ ਕੁੱਟਮਾਰ ਕਰਨ ਦੀਆਂ ਧਮਕੀਆਂ ਦਿੱਤੀਆਂ। ਇਹ ਸਾਰੀ ਗੱਲ ਉਸ ਨੇ ਆਪਣੇ ਪਤੀ ਬਲਕਾਰ ਨੂੰ ਸਿੰਘ ਦੱਸ ਦਿੱਤੀ। ਉਸ ਦਾ ਪਤੀ ਕੁਝ ਸਮੇਂ ਬਾਅਦ ਕਿਸੇ ਕੰਮ ਲਈ ਪਿੰਡ ਵਿੱਚ ਚਲਾ ਗਿਆ ਅਤੇ ਇਸ ਦੇ ਬਾਅਦ ਰਾਜ ਸਿੰਘ ਸਮੇਤ ਉਨ੍ਹਾਂ ਦਾ ਪਰਿਵਾਰ ਉਸ ਦੇ ਘਰ ਅੰਦਰ ਦਾਖਲ ਹੋ ਕੇ ਉਸ ਦੀ ਕੁੱਟਮਾਰ ਕੀਤੀ ਗਈ, ਜਿਸ 'ਤੇ ਉਸ ਨੂੰ ਜ਼ਖਮੀ ਹਾਲਤ ਵਿੱਚ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਜਾਂਚ ਅਧਿਕਾਰੀ ਐੱਚ. ਸੀ. ਅਮਨਦੀਪ ਸਿੰਘ ਨੇ ਦੱਸਿਆ ਕਿ ਮੁਦੱਈ ਸੋਮਾ ਰਾਣੀ ਦੇ ਬਿਆਨਾਂ ਦੇ ਅਧਾਰ 'ਤੇ ਨਿਹਾਲ ਸਿੰਘ ਪੁੱਤਰ ਪਿਆਰਾ ਸਿੰਘ, ਰਾਜ ਸਿੰਘ ਪੁੱਤਰ ਨਿਹਾਲ ਸਿੰਘ, ਪਾਸ਼ੋ ਬਾਈ ਪਤਨੀ ਨਿਹਾਲ ਸਿੰਘ ਤੇ ਪਰਮਜੀਤ ਕੌਰ ਪੁੱਤਰੀ ਨਿਹਾਲ ਸਿੰਘ ਵਾਸੀਆਨ ਹਜਾਰਾ ਰਾਮ ਸਿੰਘ ਵਾਲਾ ਖਿਲਾਫ ਮੁਕੱਦਮਾ ਰਜਿਸਟਰ ਕੀਤਾ ਗਿਆ ਹੈ। ਪੁਲਸ ਵੱਲੋਂ ਪਰਚਾ ਦਰਜ ਕਰਨ ਉਪਰੰਤ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਮੁਲਾਜ਼ਮ ਤੇ ਪੈਨਸ਼ਨਰਜ਼ 2 ਨੂੰ ਆਮ ਗਰਜ਼ਣਗੇ ਅੰਬਾਲੇ ਦੀਆਂ ਸੜਕਾਂ 'ਤੇ : ਰਾਧੇ ਸ਼ਿਆਮ, ਮਸੀਤਾਂ

ਚੌਕੀਮਾਨ (ਬਲਬੀਰ ਮਾਨ)-ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਪੰਜਾਬ ਦੀ ਸਰਕਾਰ ਨੂੰ ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਘੇਰਨ ਤੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਨ ਲਈ 2 ਅਕਤੂਬਰ 2024 ਨੂੰ ਅੰਬਾਲਾ ਕੈਂਟ ਵਿਖੇ, ਨੇੜੇ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ, ਡੀ ਸੀ ਦਫਤਰ ਦੇ ਪਿੱਛੇ ਬਜ਼ਾਰ ਅੰਦਰ ਝੰਡਾ ਮਾਰਚ ਕੀਤਾ ਜਾਵੇਗਾ।ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਪ੍ਰਧਾਨ ਰਾਧੇ ਸ਼ਿਆਮ ਤੇ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਹਰਿਆਣਾ ਦੇ ਅੰਬਾਲਾ ਸ਼ਹਿਰ ਨੂੰ 2 ਅਕਤੂਬਰ ਨੂੰ ਲਾਲ ਝੰਡਿਆਂ ਨਾਲ ਲਾਲੋ ਲਾਲ ਕਰਕੇ ਆਮ ਆਦਮੀ ਪਾਰਟੀ ਦੇ ਝੂਠੇ ਦਾਅਵਿਆਂ ਤੇ ਵਾਅਦਿਆਂ ਦੀ ਪੋਲ ਖੋਲ੍ਹਣ ਲਈ ਕਾਫ਼ਲਿਆਂ ਦੇ ਰੂਪ ਵਿੱਚ ਪਹੁਚੰਣ ਲਈ ਸਮੂਹ ਆਗੂਆਂ ਤੇ ਮੈਂਬਰਾਨ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ 2 ਅਕਤੂਬਰ 2024 ਨੂੰ 11 ਵਜੇ ਝੰਡਿਆਂ, ਮਾਟੋਆਂ ਨਾਲ ਬਜ਼ਾਰ ਵਿੱਚ ਕੀਤੇ ਜਾ ਰਹੇ ਮਾਰਚ ਵਿੱਚ ਸ਼ਾਮਲ ਹੋ ਕੇ ਗੱਪੀ ਮੁੱਖ ਮੰਤਰੀ ਦਾ ਭਾਂਡਾ ਵਿੱਚ ਚੁਰਾਹੇ ਭੰਨਣ ਲਈ ਸੀਨੀਅਰ ਮੀਤ ਪ੍ਰਧਾਨ ਚਮਕੌਰ ਸਿੰਘ ਬਰਮੀਂ, ਸਕੱਤਰ ਐੱਸ ਪੀ ਸਿੰਘ, ਬਲਬੀਰ ਮਾਨ, ਪ੍ਰਧਾਨ ਮਨਜੀਤ ਸਿੰਘ ਮਨਸੂਰਾਂ, ਹਰਦਿਆਲ ਸਿੰਘ ਘੁਮਾਣ, ਜਸਮੇਲ ਸਿੰਘ ਮੋਹੀ, ਸਕੱਤਰ ਬਲਵਿੰਦਰ ਸਿੰਘ ਇਯਾਲੀ ਨੇ ਸਮੂਹ ਆਗੂਆਂ ਨੂੰ ਨੁੱਕੜ ਮੀਟਿੰਗਾਂ ਕਰਕੇ ਤਿਆਰੀ ਕਰਨ ਲਈ ਕਿਹਾ।

## ਰਜਵਾਹੇ ਕੰਢੇ ਬਣੇ ਸ਼ਿਵ ਮੰਦਰ ਨੂੰ ਹਟਾਉਣ ਦਾ ਮਾਮਲਾ ਗਰਮਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਨਹਿਰੀ ਵਿਭਾਗ ਵੱਲੋਂ ਸਥਾਨਕ ਮਹਿਰਾਜ ਬਾਈਪਾਸ ਰੋਡ 'ਤੇ ਸਥਿਤ ਰਜਵਾਹਾ ਦੇ ਕੰਢਿਆਂ 'ਤੇ ਬਣੇ ਨਾਜਾਇਜ਼ ਖੋਖਿਆਂ ਨੂੰ ਹਟਾਉਣ ਦੇ ਨਾਲ-ਨਾਲ ਉਥੇ ਸਥਿਤ ਇੱਕ ਸ਼ਿਵ ਮੰਦਰ ਨੂੰ ਹਟਾਉਣ ਦਾ ਮਾਮਲਾ ਗਰਮਾਉਣ ਲੱਗਾ ਹੈ।ਸ਼ਿਵ ਮੰਦਰ ਨੂੰ ਹਟਾਏ ਜਾਣ ਤੋਂ ਨਾਰਾਜ਼ ਸ਼ਿਵ ਭਗਤਾਂ ਨੇ ਪ੍ਰਸ਼ਾਸਨ 'ਤੇ ਸ਼ਿਵਲਿੰਗ ਦੀ ਬੇਅਦਬੀ ਕਰਨ ਦਾ ਦੋਸ਼ ਲਗਾਇਆ ਤੇ ਸਮੂਹ ਕਾਵੜ ਸੰਘ ਦੀ ਅਗਵਾਈ 'ਚ ਸ਼ਨੀਵਾਰ ਸ਼ਾਮ ਨੂੰ ਸ਼ਿਵਲਿੰਗ ਦੀ ਮੁੜ ਉਸੇ ਜਗ੍ਹਾ 'ਤੇ ਸਥਾਪਨਾ ਕੀਤੀ ਗਈ।ਇਸ ਦੌਰਾਨ ਵੱਡੀ ਗਿਣਤੀ 'ਚ ਕਾਵੜੀਆਂ ਤੇ ਮੰਦਰ ਨੇੜੇ ਸਥਿਤ ਇਲਾਕੇ ਦੇ ਸ਼ਿਵ ਭਗਤਾਂ ਨੇ ਸ਼ਿਵਲਿੰਗ 'ਤੇ ਫੁੱਲਾਂ ਦੀ ਵਰਖਾ ਕਰਕੇ ਭਗਵਾਨ ਭੋਲੇ ਨਾਥ ਦਾ ਗੁਣਗਾਨ ਕੀਤਾ।ਦੂਜੇ ਪਾਸੇ ਸਮੂਹ ਕਾਵੜ ਸੰਘ ਰਾਮਪੁਰਾ ਫੂਲ ਦੇ ਪ੍ਰਧਾਨ ਨੀਰਜ ਚੌਧਰੀ ਨੇ ਕਿਹਾ ਕਿ ਸਮੂਹ ਕਾਂਵੜ ਸੰਘ ਤੇ ਸ਼ਹਿਰ ਵਾਸੀ ਵਿਕਾਸ ਦੇ ਖਿਲਾਫ ਨਹੀਂ ਹਨ, ਪਰ ਵਿਕਾਸ ਦੀ ਆੜ 'ਚ ਕਿਸੇ ਨੂੰ ਵੀ ਸ਼ਿਵ ਭਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣ ਦਿੱਤੀ ਜਾਵੇਗੀ।ਚੌਧਰੀ ਨੇ ਕਿਹਾ ਕਿ ਸਮੂਹ ਕਾਵੜ ਸੰਘ ਇੱਕ ਧਾਰਮਿਕ ਸੰਗਠਨ ਹੈ ਤੇ ਇਸ ਦਾ ਰਾਜਨੀਤੀ ਨਾਲ ਕੋਈ ਸੰਬੰਧ ਨਹੀਂ ਹੈ।ਉਨ੍ਹਾਂ ਕਿਹਾ ਕਿ ਸ਼ਿਵ ਮੰਦਰ ਨੂੰ ਹਟਾਉਣ ਤੋਂ ਪਹਿਲਾਂ ਪ੍ਰਸ਼ਾਸਨ ਤੇ ਨਹਿਰੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਕਾਵੜ ਸੰਘ ਤੇ ਸ਼ਿਵ ਭਗਤਾਂ ਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਸ਼ਿਵ ਭਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਿਸੇ ਵੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਚੌਧਰੀ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਉਕਤ ਮਾਮਲੇ ਦੇ ਢੁੱਕਵੇਂ ਹੱਲ ਲਈ ਸਮੂਹ ਕਾਵੜ ਸੰਘ ਜਾਂ ਸ਼ਿਵ ਭਗਤਾਂ ਨੂੰ ਗੱਲਬਾਤ ਲਈ ਬੁਲਾਵੇਗਾ ਤਾਂ ਸੰਘ ਪ੍ਰਸ਼ਾਸਨ ਨੂੰ ਹਰ ਸੰਭਵ ਸਹਿਯੋਗ ਦੇਵੇਗਾ।ਵਰਣਨਯੋਗ ਹੈ ਕਿ ਮਾਨਯੋਗ ਅਦਾਲਤ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਨਹਿਰੀ ਵਿਭਾਗ ਨੇ ਸਿਵਲ ਤੇ ਪੁਲਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਸ਼ੁੱਕਰਵਾਰ ਸਵੇਰੇ ਪੀਲੇ ਪੰਜੇ ਦੀ ਵਰਤੋਂ ਕਰਦੇ ਹੋਏ ਸਥਾਨਕ ਮਹਿਰਾਜ ਸਥਿਤ ਰਜਵਾਹੇ ਦੇ ਕੰਢੇ 'ਤੇ ਬਣੇ ਦੋ ਦਰਜਨ ਦੇ ਕਰੀਬ ਖੋਖਿਆਂ ਨੂੰ ਹਟਾ ਦਿੱਤਾ।ਇਸ ਦੌਰਾਨ ਵਿਭਾਗ ਵੱਲੋਂ ਉਕਤ ਸੜਕ 'ਤੇ ਬਣੇ ਸ਼ਿਵ ਮੰਦਰ ਨੂੰ ਵੀ ਹਟਾ ਦਿੱਤਾ ਗਿਆ। ਇਸ ਤੋਂ ਬਾਅਦ ਸਮੂਹ ਕਾਵੰਗ ਸੰਘ ਦੀ ਮੀਟਿੰਗ ਹੋਈ ਤੇ ਉਸੇ ਜਗ੍ਹਾ 'ਤੇ ਸ਼ਿਵਲਿੰਗ ਨੂੰ ਦੁਬਾਰਾ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਅਤੇ ਮੀਟਿੰਗ ਤੋਂ ਬਾਅਦ ਵੱਡੀ ਗਿਣਤੀ ਵਿੱਚ ਕਾਵੰਗ ਸੰਘ ਦੇ ਮੈਂਬਰ ਤੇ ਸ਼ਿਵ ਭਗਤ ਮੰਦਰ ਵਾਲੀ ਜਗ੍ਹਾ 'ਤੇ ਪਹੁੰਚੇ ਅਤੇ ਮੁੜ ਉਸੇ ਸਥਾਨ 'ਤੇ ਸ਼ਿਵਲਿੰਗ ਦੀ ਸਥਾਪਨਾ ਕੀਤੀ।ਇਸ ਮੌਕੇ ਸੰਘ ਦੇ ਸਰਪ੍ਰਸਤ ਜੱਸੀ ਬਾਬਾ, ਚੇਅਰਮੈਨ ਰਾਜੇਸ਼ ਲਵਲੀ, ਸੋਮਨਾਥ ਸਿੰਗਲਾ, ਪ੍ਰਧਾਨ ਨੀਰਜ ਚੌਧਰੀ, ਦੁਸ਼ਯੰਤ ਗੁਪਤਾ, ਜਨਰਲ ਸਕੱਤਰ ਕੇਵਲ ਕ੍ਰਿਸ਼ਨ ਹੈਪੀ ਬੁੱਗਰ, ਯੁਵਰਾਜ ਸ਼ਰਮਾ, ਰਾਜੂ ਜੇਠੀ, ਮਨਦੀਪ ਗਰਗ, ਟੈਨੀ ਬੁੱਗਰ, ਸੰਦੀਪ ਵਰਮਾ, ਟੀਟੂ ਰਈਆ, ਸਮੇਤ ਵੱਡੀ ਗਿਣਤੀ 'ਚ ਸ਼ਿਵ ਭਗਤ ਹਾਜ਼ਰ ਸਨ।

## ਵਿਜੀਲੈਂਸ ਵੱਲੋਂ ਰਿਸ਼ਵਤ ਲੈਣ ਦੇ ਦੋਸ਼ 'ਚ ਏ ਐੱਸ ਆਈ ਗ੍ਰਿਫ਼ਤਾਰ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਤਹਿਤ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਨੇ ਪਾਤੜਾਂ ਸ਼ਹਿਰੀ ਪੁਲਸ ਚੌਕੀ ਵਿੱਚ ਤਾਇਨਾਤ ਏਐੱਸਆਈ ਨੂੰ ਵੀਹ ਹਜ਼ਾਰ ਰੁਪਏ ਦੀ ਰਿਸ਼ਵਤ ਰਾਸ਼ੀ ਸਮੇਤ ਰੰਗੇ ਹੱਥੀਂ ਗ੍ਰਿਫ਼ਤਾਰ ਕਰਨ ਮਗਰੋਂ ਬਣਦੀ ਕਾਰਵਾਈ ਆਰੰਭ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਵਿਜੀਲੈਂਸ ਦੀ ਟੀਮ ਨੇ ਸ਼ਿਕਾਇਤਕਰਤਾ ਅਸ਼ੋਕ ਕੁਮਾਰ ਵਾਰਡ ਨੰਬਰ 2, ਘੁਮਾਰ ਬਸਤੀ, ਪਾਤੜਾਂ ਤੇ ਹੋਰ ਸਾਥੀਆਂ ਖਿਲਾਫ਼ ਥਾਣਾ ਪਾਤੜਾਂ ਵਿੱਚ ਦਰਜ ਐੱਫ ਆਈ ਆਰ ਨੰਬਰ 281/2015 ਵਿੱਚ ਕੋਈ ਚਲਾਨ ਨਹੀਂ ਪੇਸ਼ ਕੀਤਾ ਗਿਆ।ਲੰਬਾ ਸਮਾਂ ਬੀਤ ਜਾਣ ਮਗਰੋਂ ਸ਼ਿਕਾਇਤਕਰਤਾ ਨੇ ਕੇਸ ਰੱਦ ਕਰਵਾਉਣ ਲਈ ਸਮਾਣਾ ਦੇ ਅਦਾਲਤ ਵਿੱਚ ਕੇਸ ਲਾਇਆ ਹੋਇਆ ਸੀ, ਜਿਸ ਤਹਿਤ ਉਕਤ ਪੁਲਸ ਅਧਿਕਾਰੀ ਵੱਲੋਂ ਜਾਲ੍ਹੀ ਮਿਸਲ ਤਿਆਰ ਕੀਤੀ ਜਾ ਰਹੀ ਸੀ।ਇਸੇ ਦੌਰਾਨ ਸ਼ਿਕਾਇਤਕਰਤਾ ਤੋਂ ਉਕਤ ਏ ਐੱਸ ਆਈ ਅਮਰੀਕ ਸਿੰਘ ਨੇ ਐੱਫ ਆਈ ਆਰ ਨੂੰ ਰੱਦ ਕਰਨ ਦੀ ਰਿਪੋਰਟ ਦਰਜ ਕਰਨ ਲਈ 40 ਹਜ਼ਾਰ ਦੀ ਰਿਸ਼ਵਤ ਦੀ ?ਮੰਗ ਕੀਤੀ, ਜਿਸ ਮਗਰੋਂ ਸ਼ਿਕਾਇਤਕਰਤਾ ਨੇ ਵਿਜੀਲੈਂਸ ਅਧਿਕਾਰੀਆਂ ਨਾਲ ਸੰਪਰਕ ਕੀਤਾ।ਅਖੀਰ ਵਿਜੀਲੈਂਸ ਦੀ ਟੀਮ ਨੇ ਮੁਲਜ਼ਮ ਨੂੰ ਸਰਕਾਰੀ ਗਵਾਹ ਦੀ ਹਾਜ਼ਰੀ ਵਿੱਚ 20,000 ਰੁਪਏ ਨਾਲ ਗ੍ਰਿਫ਼ਤਾਰ ਕਰਕੇ ਪੀ ਸੀ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸਾਂਝਾ ਅਧਿਆਪਕ ਮੋਰਚਾ ਦਾ ਵਫਦ ਅੱਜ ਸਿੱਖਿਆ ਅਧਿਕਾਰੀਆਂ ਨੂੰ ਮਿਲੇਗਾ

### 2 ਨੂੰ ਅੰਬਾਲਾ ਰੋਸ ਮਾਰਚ 'ਚ ਭਰਵੀਂ ਸ਼ਮੂਲੀਅਤ ਦਾ ਫੈਸਲਾ

ਜਲਾਲਾਬਾਦ (ਜੀਤ ਕੁਮਾਰ)-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਤੇ ਕੋ-ਕਨਵੀਨਰਾਂ ਦੀ ਵਰਚੁਅਲ ਮੀਟਿੰਗ ਸੂਬਾ ਕਨਵੀਨਰ ਸੁਰਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਖਵਿੰਦਰ ਸਿੰਘ ਚਾਹਲ, ਬਾਜ ਸਿੰਘ ਖਹਿਰਾ, ਸੁਰਿੰਦਰ ਕੁਮਾਰ ਪੁਆਰੀ, ਹਰਵਿੰਦਰ ਸਿੰਘ ਬਿਲਗਾ, ਬਲਜੀਤ ਸਿੰਘ ਸਲਾਣਾ, ਸੁਖਜਿੰਦਰ ਸਿੰਘ ਹਰੀਕਾ, ਅਮਨਬੀਰ ਸਿੰਘ ਗੋਰਾਇਆ, ਸੁਖਰਾਜ ਸਿੰਘ ਕਾਹਲੋਂ, ਜਸਵਿੰਦਰ ਸਿੰਘ ਔਲਖ, ਗੁਰਜੰਟ ਸਿੰਘ ਵਾਲੀਆ, ਸ਼ਮਸ਼ੇਰ ਸਿੰਘ ਬੰਗਾ, ਗੁਰਬਿੰਦਰ ਸਿੰਘ ਸਸਕੌਰ, ਨਰੰਜਣਜੋਤ ਸਿੰਘ ਚਾਂਦਪੁਰੀ, ਨਵਪ੍ਰੀਤ ਬੱਲੀ, ਰਵਿੰਦਰਜੀਤ ਸਿੰਘ ਪੰਨੂ ਆਦਿ ਨੇ ਦੱਸਿਆ ਕਿ ਸਿੱਖਿਆ ਤੇ ਸਿਹਤ ਵਿਭਾਗ ਵਿੱਚ ਇਨਕਲਾਬੀ ਸੁਧਾਰ ਕਰਨ ਦੇ ਨਾਂਅ 'ਤੇ ਬਣੀ ਪੰਜਾਬ ਸਰਕਾਰ ਵੱਲੋਂ ਤੀਜੇ ਸਾਲ ਵਿੱਚ ਵੀ ਅਧਿਆਪਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਅਣਦੇਖੀ ਕੀਤੀ ਜਾ ਰਹੀ ਹੈ, ਜਦਕਿ ਸਕੂਲ ਮੁੱਖੀਆਂ ਸਮੇਤ ਹਜ਼ਾਰਾਂ ਖਾਲੀ ਪੋਸਟਾਂ ਭਰਨ ਲਈ ਕੋਈ ਉਪਰਾਲੇ ਨਜ਼ਰ ਨਹੀਂ ਆ ਰਹੇ, ਜਿਸ ਕਾਰਨ ਪੰਜਾਬ ਦੇ ਲੱਖਾਂ ਵਿਦਿਆਰਥੀਆਂ ਨਾਲ ਬੇਇਨਸਾਫੀ ਕੀਤੀ ਜਾ ਰਹੀ ਹੈ। ਮੀਟਿੰਗ ਵਿੱਚ ਅਧਿਆਪਕ ਮੰਗਾਂ, ਮਸਲਿਆਂ ਸਮੇਤ ਖਾਲੀ ਪੋਸਟਾਂ ਪੂਰੇ ਗਰੇਡ 'ਤੇ ਭਰਨ, ਹਰ ਵਰਗ ਦੀਆਂ ਪ੍ਰਮੋਸ਼ਨਾਂ, ਬਦਲੀਆਂ ਸਬੰਧੀ ਸਮੱਸਿਆਵਾਂ ਤੇ ਅਧਿਆਪਕਾਂ ਦੇ ਚਿਰਾਂ ਤੋਂ ਲਟਕਦੇ ਮਹੱਤਵਪੂਰਨ ਮਸਲਿਆਂ ਸਬੰਧੀ ਸਾਂਝੇ ਅਧਿਆਪਕ ਮੋਰਚੇ ਦੇ ਵਫਦ ਵੱਲੋਂ 24 ਸਤੰਬਰ ਨੂੰ ਸਿੱਖਿਆ ਅਧਿਕਾਰੀਆਂ ਨੂੰ ਮਿਲਣ ਦਾ ਫੈਸਲਾ ਕੀਤਾ ਗਿਆ ਹੈ। ਮੁੱਖ ਮੰਤਰੀ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦੀ ਅਣਦੇਖੀ ਕਰਦਿਆਂ 8ਵੀਂ ਵਾਰ ਮੀਟਿੰਗ ਤੋਂ ਭੱਜਣ ਕਾਰਨ ਭਗਵੰਤ ਮਾਨ ਦੀ ਪੋਲ ਖੋਲ੍ਹਣ ਲਈ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ 2 ਅਕਤੂਬਰ 2024 ਨੂੰ ਅੰਬਾਲਾ ਵਿਖੇ ਕੀਤੇ ਜਾ ਰਹੇ ਰੋਸ ਮਾਰਚ ਵਿੱਚ ਭਰਵੀਂ ਸ਼ਮੂਲੀਅਤ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹਰਜੀਤ ਸਿੰਘ ਜੁਨੇਜਾ, ਪ੍ਰਿੰ. ਅਮਨਦੀਪ ਸ਼ਰਮਾ, ਬਿਕਰਮਜੀਤ ਕੱਦੋਂ, ਗੁਰਪ੍ਰੀਤ ਸਿੰਘ ਮਾੜੀ ਮੇਘਾ, ਪਰਵੀਨ ਲੁਧਿਆਣਾ, ਅਵਤਾਰ ਸਿੰਘ ਢਡੋਗਲ, ਹਰਜੰਟ ਸਿੰਘ ਬੋਡੇ, ਸੋਮ ਸਿੰਘ, ਮਹਿੰਦਰ ਪਾਲ ਸਿੰਘ, ਸੁਖਦਿਆਲ ਸਿੰਘ ਝੰਡ ਆਦਿ ਸ਼ਾਮਲ ਸਨ।

## ਸੀਤਾਰਾਮ ਯੇਚੁਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਸਮਰਾਲਾ (ਸੁਰਜੀਤ ਸਿੰਘ)



ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦੀ ਮੀਟਿੰਗ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸਪਾਲ ਸਿੰਘ ਤੇ ਪੰਜਾਬੀ ਸਾਹਿਤ ਸਭਾ (ਰਜਿ:) ਸਮਰਾਲਾ ਦੇ ਸਰਪ੍ਰਸਤ ਬਿਹਾਰੀ ਲਾਲ ਸੱਦੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੀ. ਪੀ. ਆਈ. (ਐਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਬਿਹਾਰੀ ਲਾਲ ਸੱਦੀ ਨੇ ਸੀਤਾ ਰਾਮ ਯੇਚੁਰੀ ਦੁਆਰਾ ਜੀਵਨ ਵਿੱਚ ਕੀਤੇ ਸੰਘਰਸ਼ਾਂ 'ਤੇ ਚਾਨਣਾ ਪਾਇਆ ਤੇ ਪਾਰਟੀ ਲਈ ਪਾਏ ਯੋਗਦਾਨ ਦਾ ਜ਼ਿਕਰ ਕੀਤਾ, ਜਿਨ੍ਹਾਂ ਨੇ ਸਾਮਰਾਜ ਵਿਰੁੱਧ ਆਪਣਾ ਝੰਡਾ ਬੁਲੰਦ ਕਰਕੇ, ਕਿਰਤੀਆਂ ਦੇ ਹੱਕ ਵਿੱਚ ਆਪਣਾ ਸਾਰਾ ਜੀਵਨ ਲੇਖੇ ਲਗਾ ਦਿੱਤਾ।ਇਸ ਤੋਂ ਇਲਾਵਾ ਵੱਖ ਵੱਖ ਬੁਲਾਰਿਆਂ ਨੇ ਸੀਤਾ ਰਾਮ ਯੇਚੁਰੀ ਦੇ ਜੀਵਨ ਫਲਸਫੇ 'ਤੇ ਝਾਤ ਮਾਰਦੇ ਹੋਏ ਨਤਮਸਤਕ ਕੀਤਾ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਨਿਰਮਲ ਸਿੰਘ ਹਰਬੰਸਪੁਰਾ, ਕਰਨੈਲ ਸਿੰਘ ਕੋਟਾਲਾ, ਦਰਸ਼ਨ ਸਿੰਘ ਕੰਗ ਸਮਰਾਲਾ, ਸੁਰਿੰਦਰ ਕੁਮਾਰ, ਸਵਿੰਦਰ ਸਿੰਘ, ਕਾਮਰੇਡ ਭਜਨ ਸਿੰਘ, ਕਾਮਰੇਡ ਬੰਤ ਸਿੰਘ, ਰਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ, ਜਸਵੰਤ ਸਿੰਘ ਆਦਿ ਹਾਜ਼ਰ ਸਨ।


**Capital Small Finance Bank Ltd.**

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਨੋਟਿਸ**

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ। ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਖੜੀ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 14.10.2024 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | 1. ਸ੍ਰੀਮਤੀ ਰਾਜਵਿੰਦਰ ਕੌਰ ਪਤਨੀ ਸਿਕੰਦਰ ਸਿੰਘ ਵਾਸੀ ਅਸਮਾਨਪੁਰ, ਬਹਿਰਾਮਪੁਰ ਜ਼ਿਮੀਂਦਾਰੀ, ਰੂਪਨਗਰ, ਪੰਜਾਬ-140108<br>2. ਸ੍ਰੀ ਸਿਕੰਦਰ ਸਿੰਘ ਪੁੱਤਰ ਮੋਹਿੰਦਰ ਸਿੰਘ ਵਾਸੀ ਅਸਮਾਨਪੁਰ, ਬਹਿਰਾਮਪੁਰ ਜ਼ਿਮੀਂਦਾਰੀ, ਰੂਪਨਗਰ, ਪੰਜਾਬ-140108<br>3. ਸ੍ਰੀ ਅਮਰਜੀਤ ਸਿੰਘ ਪੁੱਤਰ ਰਾਮ ਚੰਦ ਵਾਸੀ ਬਹਿਰਾਮਪੁਰ, ਰੂਪਨਗਰ, ਜ਼ਿਮੀਂਦਾਰੀ, ਪੰਜਾਬ-140108 |
| ਬਕਾਇਆ ਰਕਮ ਐੱਚ ਐੱਲ/109611000002 | ਰੁਪਏ 54,31,496.07 (ਅਤੇ ਮਿਤੀ 01.09.2024 ਤੋਂ ਲਾਗੂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਵਿਕਰੀ ਬੈਨਾਮਾ 2018-19/35/413 ਮਿਤੀ 16.05.2018 ਤਹਿਤ ਸ੍ਰੀਮਤੀ ਰਾਜਵਿੰਦਰ ਕੌਰ ਪਤਨੀ ਸਿਕੰਦਰ ਸਿੰਘ ਦੀ ਮਾਲਕੀ ਹੇਠ ਪਿੰਡ ਬਹਿਰਾਮਪੁਰ, ਹੱਦਬਸਤ ਨੰ. 219, ਤਹਿਸੀਲ ਅਤੇ ਜ਼ਿਲ੍ਹਾ ਰੂਪ ਨਗਰ ਵਿਖੇ ਸਥਿਤ ਅਚੱਲ ਜਾਇਦਾਦ ਰਕਬਾ 1 ਕਨਾਲ 13 ਮਰਲੇ 3ਸਰਸਾਈ |
| ਰਾਖਵੀਂ ਕੀਮਤ | ਰੁਪਏ 49 ਲੱਖ (ਰੁਪਏ ਉਨੰਜਾ ਲੱਖ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 14-10-2024 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ ਅਧਾਰ" 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 14.10.2024 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਰੋਪੜ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 23.09.2024 ਅਧਿਕਾਰਤ ਅਫਸਰ


## ਸਿੱਖਿਆ ਮੁਲਾਜ਼ਮ ਭਲਕੇ ਕਰਨਗੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਘਰ ਦਾ ਘਿਰਾਓ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਭਗਵੰਤ ਮਾਨ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦੇ ਬਾਵਜੂਦ ਲਾਗੂ ਨਾ ਹੋਣ 'ਤੇ ਮੁਲਾਜ਼ਮਾਂ ਦਾ ਸਰਕਾਰ ਖਿਲਾਫ ਰੋਸ ਵਧਦਾ ਜਾ ਰਿਹਾ ਹੈ।ਮੁੱਖ ਮੰਤਰੀ ਵੱਲੋਂ 21 ਅਪ੍ਰੈਲ 2022 ਤੇ ਕੈਬਨਿਟ ਸਬ ਕਮੇਟੀ ਵੱਲੋਂ 14 ਮਾਰਚ 2024 ਨੂੰ ਮੰਗਾਂ ਮੰਨਣ ਦੇ ਬਾਵਜੂਦ ਵਿਭਾਗ ਵੱਲੋਂ ਮੰਗਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ।14 ਮਾਰਚ ਦੀ ਮੀਟਿੰਗ ਵਿੱਚ ਵਿੱਤ ਮੰਤਰੀ ਦੇ ਆਦੇਸ਼ਾਂ ਅਨੁਸਾਰ ਜਥੇਬੰਦੀ ਵੱਲੋਂ ਡੀਜੀਐੱਸਈ ਨੂੰ ਐਫੀਡੇਵਿਟ ਵੀ ਦਿੱਤਾ ਸੀ। ਸਰਵ ਸਿੱਖਿਆ ਅਭਿਆਨ ਮਿੱਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਆਗੂ ਰਜਿੰਦਰ ਸਿੰਘ ਸੰਧਾ, ਵਰਿੰਦਰ ਸਿੰਘ, ਦਾਰਾ ਸਿੰਘ, ਕੁਲਨਾਇਕ ਵਰਮਾ ਨੇ ਕਿਹਾ ਕਿ ਮੁੱਖ ਮੰਤਰੀ ਦੇ ਫੈਸਲੇ ਤੋਂ ਬਾਅਦ ਕੈਬਨਿਟ ਸਬ ਕਮੇਟੀ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਤਨਖਾਹ ਕਟੌਤੀ ਦੂਰ ਕਰਨ ਦੇ ਫੈਸਲੇ ਲੈ ਕੇ 3 ਵਾਰ ਅਧਿਕਾਰੀਆਂ ਨੂੰ ਆਦੇਸ਼ ਦਿੱਤੇ, ਪਰ ਸੂਬੇ ਦੀ ਅਫਸਰਸ਼ਾਹੀ ਨੇ ਮੁਲਾਜ਼ਮਾਂ ਦੇ ਮਸਲਿਆਂ 'ਤੇ ਕੋਈ ਕਾਰਵਾਈ ਨਹੀਂ ਕੀਤੀ।ਆਗੂਆਂ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਰੈਗੂਲਰ ਤਾਂ ਕੀ ਕਰਨਾ ਸੀ, ਉਲਟਾਂ ਬਿਨਾਂ ਕਿਸੇ ਪੱਤਰ ਦੇ ਮੁਲਾਜ਼ਮਾਂ ਦੀ 5000 ਰੁਪਏ ਪ੍ਰਤੀ ਮਹੀਨਾ ਤਨਖਾਹ 'ਤੇ ਕੁਹਾੜਾ ਚਲਾ ਦਿੱਤਾ ਗਿਆ ਹੈ ਅਤੇ ਅੱਜ ਤੱਕ ਤਨਖਾਹ ਕਟੌਤੀ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ।ਆਗੂਆਂ ਨੇ ਕਿਹਾ ਕਿ ਵਿੱਤ ਮੰਤਰੀ ਹਰ ਵਾਰ ਮੀਟਿੰਗਾਂ ਵਿੱਚ ਮੰਗਾਂ ਨੂੰ ਜਾਇਜ਼ ਮੰਨਦੇ ਹਨ, ਪਰ ਸਹਿਮਤੀ ਦੇਣ ਦੇ ਬਾਵਜੂਦ ਕਾਰਵਾਈ ਨਹੀਂ ਹੁੰਦੀ।ਆਗੂਆਂ ਨੇ ਕਿਹਾ ਕਿ ਦਫਤਰੀ ਮੁਲਾਜ਼ਮ ਮੰਗਾਂ 'ਤੇ ਕਾਰਵਾਈ ਨਾ ਹੋਣ ਦੇ ਰੋਸ ਵਜੋਂ 25 ਸਤੰਬਰ ਨੂੰ ਕੈਬਨਿਟ ਸਬ ਕਮੇਟੀ ਦੇ ਮੈਂਬਰ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਘਰ ਦਾ ਘਿਰਾਓ ਕਰਨਗੇ ਅਤੇ ਮੰਗਾਂ ਦਾ ਹੱਲ ਹੋਣ 'ਤੇ ਹੀ ਧਰਨਾ ਖਤਮ ਕੀਤਾ ਜਾਵੇਗਾ।

## ਭਗਤਾ ਭਾਈਕਾ ਦਾ ਇੱਕ ਆਇਲਟਸ ਸੈਂਟਰ ਸੰਚਾਲਕ ਭੱਜਣ ਦੀ ਫਿਰਾਕ 'ਚ !

ਬਠਿੰਡਾ (ਰਾਜੀਵ ਗੋਇਲ)-ਕਸਬਾ ਭਗਤਾ ਭਾਈ ਕਾ ਦਾ ਇੱਕ ਮਸ਼ਹੂਰ ਆਇਲਟਸ ਸੈਂਟਰ ਦਾ ਸੰਚਾਲਕ ਸੈਂਟਰ ਬੰਦ ਕਰਕੇ ਭੱਜਣ ਦੀ ਫਿਰਾਕ ਵਿੱਚ ਹੈ, ਜਿਸ ਦੀ ਸ਼ਹਿਰ ਵਾਸੀਆਂ ਵਿੱਚ ਆਮ ਚਰਚਾ ਵੀ ਹੈ ਅਤੇ ਜਿਹੜੇ ਲੋਕਾਂ ਨੇ ਇਸ ਸੈਂਟਰ ਸੰਚਾਲਕ ਤੋਂ ਬਕਾਇਆ ਲੈਣੇ ਹਨ, ਉਹ ਚਿੰਤਾ ਵਿੱਚ ਵੀ ਹਨ। ਪਿਛਲੇ ਲੰਮੇ ਸਮੇਂ ਤੋਂ ਉਕਤ ਸ਼ਹਿਰ ਵਿੱਚ ਚੱਲ ਰਿਹਾ ਇਹ ਮਸ਼ਹੂਰ ਆਇਲਟਸ ਸੈਂਟਰ, ਜਿਸ ਦਾ ਸੰਚਾਲਕ ਬੜੀ ਹੀ ਠਾਠ-ਬਾਠ ਨਾਲ ਜ਼ਿੰਦਗੀ ਜਿਊਣ ਵਾਲਾ ਭਾਵ ਲਗਜ਼ਰੀ ਗੱਡੀਆਂ ਤੋਂ ਲੈ ਕੇ ਗੰਨਮੈਨ ਰੱਖਣ ਦਾ ਸ਼ੌਕੀਨ ਹੈ, ਹੁਣ ਆਮ ਲੋਕਾਂ ਤੋਂ ਚਿਹਰਾ ਲੁਕਾਉਣ ਲਈ ਮਜਬੂਰ ਹੋਇਆ ਪਿਆ ਹੈ। ਵਿਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਭਾਰਤੀ ਨੌਜਵਾਨਾਂ ਦੇ ਵਿਦੇਸ਼ ਵਿੱਚ ਜਾਣ ਦੇ ਕਾਨੂੰਨਾਂ ਵਿੱਚ ਕੀਤੇ ਗਏ ਬਦਲਾਅ ਤੇ ਭਾਰਤੀ ਵਿਦਿਆਰਥੀਆਂ ਦੇ ਇੱਥੋਂ ਦੇ ਹੀ ਕਾਲਜਾਂ ਵਿੱਚ ਲਏ ਗਏ ਦਾਖਲਿਆਂ ਕਾਰਨ ਇਨ੍ਹਾਂ ਸੈਂਟਰਾਂ ਵਿੱਚ ਘਟ ਚੁੱਕੀ ਬੱਚਿਆਂ ਦੀ ਗਿਣਤੀ ਨੇ ਸਥਾਨਕ ਆਇਲਟਸ ਸੈਂਟਰ ਮਾਲਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ, ਕਿਉਂਕਿ ਇੱਕੋ ਦਮ ਚੱਲੇ ਇਸ ਟਰੈਂਡ ਵਿੱਚ ਬੇਹਿਸਾਬਾ ਕਿਰਾਏ 'ਤੇ ਲਈਆਂ ਇਮਾਰਤਾਂ ਦਾ ਹੁਣ ਖਰਚਾ ਕੱਢਣਾ ਕਾਫੀ ਔਖਾ ਹੋ ਗਿਆ ਹੈ, ਜਿਸ ਦੇ ਚਲਦਿਆਂ ਬਹੁਤੇ ਲੋਕਾਂ ਨੇ ਤਾਂ ਇਸ ਧੰਦੇ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਬਹੁਤਿਆਂ ਨੇ ਕਿਰਾਏ 'ਤੇ ਲਈਆਂ ਬਿਲਡਿੰਗਾਂ ਦਾ ਕੁਝ ਹਿੱਸਾ ਛੱਡਣ ਵਿੱਚ ਹੀ ਭਲਾਈ ਸਮਝੀ ਹੈ। ਜਿਹੜੇ ਲੋਕ ਬੱਚਿਆਂ ਨੂੰ ਵਿਦੇਸ਼ ਭੇਜਣ ਦੀ ਤਾਂਘ ਵਿੱਚ ਇਨ੍ਹਾਂ ਸੈਂਟਰਾਂ ਦੀ ਠੱਗੀ ਦਾ ਸ਼ਿਕਾਰ ਹੋਏ ਹਨ, ਉਹ ਹੁਣ ਇਨ੍ਹਾਂ ਸੈਂਟਰਾਂ 'ਤੇ ਗੇੜੇ ਕੱਢ ਰਹੇ ਹਨ, ਪਰ ਜੇਕਰ ਸਰਕਾਰ ਵੱਲੋਂ ਅਜਿਹੇ ਸੈਂਟਰਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਤਾਂ ਬਹੁਤ ਕੁਝ ਨਸ਼ਰ ਹੋਣ ਦੀ ਸੰਭਾਵਨਾ ਹੈ।

## ਦੇਸ਼ ਭਗਤ ਰਿਹਾਇਸ਼ੀ ਕ੍ਰਿਕਟ ਅਕੈਡਮੀ ਵਿਖੇ ਖਿਡਾਰੀਆਂ ਦੀ ਚੋਣ

ਮੋਗਾ (ਇਕਬਾਲ ਸਿੰਘ ਖਹਿਰਾ)

ਪੰਜਾਬ ਕ੍ਰਿਕਟ ਐਸੋਸੀਏਸ਼ਨ ਮੋਹਾਲੀ ਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੋਗਾ ਦੇ ਸਹਿਯੋਗ ਨਾਲ ਦੇਸ਼ ਭਗਤ ਕਾਲਜ, ਮੋਗਾ ਵਿਖੇ ਬਣਾਈ ਗਈ ਰਿਹਾਇਸ਼ੀ ਕ੍ਰਿਕਟ ਅਕੈਡਮੀ ਦੇ ਰੱਖੇ ਗਏ ਟ੍ਰਾਇਲ ਸਮਾਰੋਹ ਵਿੱਚ ਜ਼ਿਲ੍ਹਾ ਪੱਧਰ ਉੱਪਰ ਨਵੇਂ ਖਿਡਾਰੀਆਂ ਦੀ ਚੋਣ ਕੀਤੀ ਗਈ। ਪੀ.ਸੀ.ਏ. ਵੱਲੋਂ ਰੱਖੇ ਟਰਾਇਲ ਸਮਾਰੋਹ ਵਿੱਚ ਕੁੱਲ 37 ਖਿਡਾਰੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ 15 ਨਵੇਂ ਖਿਡਾਰੀਆਂ ਦੀ ਚੋਣ ਕੀਤੀ ਗਈ। ਇਸ ਸਮਾਰੋਹ ਦਾ ਉਦਘਾਟਨ ਦੇਸ਼ ਭਗਤ ਕਾਲਜ ਮੋਗਾ ਡਾਇਰੈਕਟਰ ਦਵਿੰਦਰਪਾਲ ਸਿੰਘ ਤੇ ਜਰਨਲ ਸੈਕਟਰੀ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੋਗਾ ਕਮਲ ਅਰੋੜਾ ਵੱਲੋਂ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੋਗਾ ਵੱਲੋਂ ਕੋਚ ਮਨਜੀਤ ਕੁਮਾਰ, ਕਪਿਲ ਦੇਵ ਤੇ ਦੇਸ਼ ਭਗਤ ਕਾਲਜ ਮੋਗਾ ਵੱਲੋਂ ਜਸਵਿੰਦਰ ਸਿੰਘ ਗਿੱਲ ਤੇ ਪ੍ਰਦੀਪ ਕੁਮਾਰ ਸ਼ਾਮਲ ਸਨ। ਕਾਲਜ ਦੇ ਪ੍ਰਧਾਨ ਅਸ਼ੋਕ ਗੁਪਤਾ, ਚੇਅਰਮੈਨ ਡਾ. ਜੋਰਾ ਸਿੰਘ, ਡਾਇਰੈਕਟਰ ਅਨੁਜ ਗੁਪਤਾ ਤੇ ਡਾਇਰੈਕਟਰ ਗੌਰਵ ਗੁਪਤਾ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ।


**ਉੱਤਰ ਰੇਲਵੇ**

**ਸ਼ੁਧੀ ਪੱਤਰ**

ਮਿਤੀ 01.09.2024 ਨੂੰ ਵੱਖ-ਵੱਖ ਪ੍ਰਮੁੱਖ ਰਾਸ਼ਟਰੀ ਸਮਾਚਾਰ ਪੱਤਰਾਂ ਵਿਚ ਉਤਰ ਰੇਲਵੇ ਦੀ ਆਧਿਕਾਰਿਕ ਵੈਬਸਾਈਟ ਤੇ ਪ੍ਰਕਾਸ਼ਿਤ ਫਿਰੋਜ਼ਪੁਰ ਮੰਡਲ ਦੇ ਸਟੇਟਿਕ ਕੈਟਰਿੰਗ ਪ੍ਰਤੀਸ਼ਠਾਨਾਂ ਵਿਚ ਉਪਯੋਗ/ਵਿਕਰੀ/ ਸੇਵਾ ਦੇ ਲਈ ਪੀ ਏ ਡੀ ਵਸਤੂਆਂ ਦੀ ਸ਼ਾਰਟ ਲਿਸਟਿੰਗ ਲਈ ਦਰਖਾਸਤ ਮੰਗ ਕਰਨ ਦੀ ਸੂਚਨਾ ਵਿਚ ਹੇਠਾਂ ਲਿਖਤ ਬਦਲਾਅ ਕੀਤੇ ਗਏ ਹਨ:-

| Sl. No. | Name of the Items & Quality Standard | Category | Turnover per annum from sale of F & B items | Turnover per annum from sale of specific brand |
|---|---|---|---|---|
| 1 | PACKAGED DRINKING WATER (1000ml, 500ml, 300ml and 250ml) Must confirm to IS 14543:2004 standards. | B | Rs. 2.5 Crore | Rs. 2.5 Crore |

ਤਦ ਅਨੁਸਾਰ ਕੇਵਲ ਪੈਕੇਜਡ ਡ੍ਰਿੰਕਿੰਗ ਵਾਟਰ (ਪੀ ਐਂਡ ਡਬਲਯੂ) ਦੀ ਸ਼ਾਰਟ ਲਿਸਟਿੰਗ ਲਈ ਦਰਖਾਸਤ ਜਮ੍ਹਾ ਕਰਨ ਦੀ **ਅੰਤਮ ਮਿਤੀ 03.10.2024 ਨੂੰ 15:00 ਵਜੇ ਤਕ ਦੇ ਬਜਾਏ ਮਿਤੀ 15.10.2024 ਨੂੰ 15:00 ਵਜੇ ਤਕ ਵਧਾ ਦਿਤੀ ਗਈ ਹੈ।** ਹੋਰ ਨਿਯਮ ਅਤੇ ਸ਼ਰਤਾਂ ਅਤੇ ਨਿਰਦੇਸ਼ ਅਬਦਲ ਰਹਿਣਗੇ।

2941/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉੱਤਰ ਰੇਲਵੇ**

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ**

**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁੱਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 01 | 62245292 | Fabricated Doorway Stiffening Cross Bar (Complete Assembly) for BOXNHL Wagon to RDSO Drg No. WD-22093-S-05, Alt-3, Item no.1 | 1560 Nos. | 28.10.24 |
| 02 | 62245294 | Taper packing (04nos/set) as per Drg. No. BOXNHL 2D-817D with taper washer (08 nos/set) as per Drg. No. BOXNHL 2D-817F for Bolster of BOXNHL wagon | 780 Sets | 28.10.24 |

**ਨਿਵਿਦਾ ਸ਼ਰਤਾਂ:-** ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ। **ਟੈਂਡਰ ਨੋਟਿਸ ਨੰ.:-15/2024-2025 ਮਿਤੀ 20.09.2024**

2955/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## 'ਲਾਈਨਜ਼ ਕੁਐਸਟ' ਰਾਹੀਂ ਅਧਿਆਪਕਾਂ ਨੂੰ ਨਵੀਆਂ ਤਕਨੀਕਾਂ ਬਾਰੇ ਜਾਣੂ ਕਰਾਇਆ

ਜੈਤੋ (ਸਤੀਸ਼ ਕੁਮਾਰ ਭੀਰੀ)-ਹਾਲ ਹੀ ਵਿੱਚ 'ਲਾਇਨਜ਼ ਕੁਐਸਟ' ਨਾਮਕ ਇੱਕ ਪ੍ਰੋਗਰਾਮ ਤਹਿਤ ਵੱਖ ਵੱਖ ਸਕੂਲਾਂ ਵਿੱਚ ਅਧਿਆਪਕਾਂ ਦੀ ਸਿਖਲਾਈ 'ਤੇ ਧਿਆਨ ਦਿੱਤਾ ਗਿਆ ਹੈ, ਜਿਸ ਵਿੱਚ ਸ੍ਰੀਮਤੀ ਮਨੀਸ਼ਾ ਘੰਟੀ ਟ੍ਰੇਨਰ ਲਾਇਨ ਕੁਐਸਟ ਫਾਊਂਡੇਸ਼ਨ ਆਫ ਇੰਡੀਆ, ਐੱਮ ਜੇ ਐੱਫ਼, ਲਾਇਨਜ਼ ਵਿਕੇਸ਼ ਕੌਸ਼ਲ ਜ਼ੋਨ ਚੇਅਰਪਰਸਨ ਤੇ ਲਾਇਨਜ਼ ਕਲੱਬ ਜੈਤੋ ਰਾਇਲ ਦੇ ਸਾਰੇ ਮੈਂਬਰਾਂ ਨੇ ਇਸ ਪ੍ਰੋਗਰਾਮ ਦਾ ਉਦੇਸ਼ ਅਧਿਆਪਕਾਂ ਨੂੰ ਵਧੀਆ ਤਰੀਕੇ ਨਾਲ ਸਿਖਲਾਈ ਦੇਣਾ ਹੈ ਦੱਸਿਆ ਤਾਂ ਜੋ ਵਿਦਿਆਰਥੀਆਂ ਵਿੱਚ ਸਮਾਜਿਕ ਤੇ ਭਾਵਨਾਤਮਕ ਹੁਨਰ ਦਾ ਵਿਕਾਸ ਹੋ ਸਕੇ।ਇਹ ਇੱਕ ਵਿਸ਼ਵਵਿਆਪੀ ਪਹਿਲਕਦਮੀ ਹੈ, ਜੋ ਅਧਿਆਪਕਾਂ ਨੂੰ ਉਨ੍ਹਾਂ ਦੇ ਕਲਾਸਰੂਮ ਪ੍ਰਬੰਧਨ ਤੇ ਅਧਿਆਪਨ ਵਿਧੀਆਂ ਵਿੱਚ ਸੁਧਾਰ ਕਰਨ ਲਈ ਸਰੋਤ ਤੇ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ।ਇਸ ਰਾਹੀਂ ਅਲਾਇੰਸ



ਇੰਟਰਨੈਸ਼ਨਲ ਸਕੂਲ ਤੇ ਸ਼ਿਵਾਲਿਕ ਕਿਡਜ਼ ਦੇ ਅਧਿਆਪਕਾਂ ਨੂੰ ਜੀਵਨ ਹੁਨਰ, ਨੈਤਿਕਤਾ ਤੇ ਕਦਰਾਂ-ਕੀਮਤਾਂ ਸਿਖਾਉਣ ਦੀਆਂ ਨਵੀਆਂ ਤਕਨੀਕਾਂ ਬਾਰੇ ਜਾਣੂ ਕਰਵਾਇਆ ਗਿਆ।ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਅਸ਼ਵਨੀ ਗਰਗ, ਗੌਰਵ ਲੱਕੀ ਤੇ ਪ੍ਰਿੰਸੀਪਲ ਮੈਡਮ ਗੁਰਸੇਵਕ ਕੌਰ ਮਾਨ ਨੇ ਕਿਹਾ ਕਿ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਜਿਹੇ ਪ੍ਰੋਗਰਾਮ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਕਰਵਾਏ ਜਾ ਰਹੇ ਹਨ, ਤਾਂ ਜੋ ਅਧਿਆਪਕ ਬੱਚਿਆਂ ਨੂੰ ਵਧੀਆ ਤਰੀਕੇ ਨਾਲ ਤਿਆਰ ਕਰ ਸਕਣ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਗੁਰਸੇਵਕ ਮਾਨ, ਸ਼ਿਵਾਲਕ ਕਿਡਜ਼ ਸਕੂਲ ਦੀ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਕੂਲ ਦੇ ਅਧਿਆਪਕਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਸਮੇਂ-ਸਮੇਂ 'ਤੇ ਅਜਿਹੇ ਸਮਾਗਮ ਕਰਵਾਉਣ ਦਾ ਭਰੋਸਾ ਦਿੱਤਾ ਗਿਆ।

## ਮੁੱਖ ਮੰਤਰੀ ਵੱਲੋਂ ਜ਼ਿਲ੍ਹੇ 'ਚ 6 ਹੋਰ ਆਮ ਆਦਮੀ ਕਲੀਨਿਕਾਂ ਦਾ ਵਰਚੂਅਲੀ ਉਦਘਾਟਨ

### ਪਟਿਆਲਾ ਜ਼ਿਲ੍ਹੇ 'ਚ 71 ਹੋਏ ਆਮ ਆਦਮੀ ਕਲੀਨਿਕ, ਹੁਣ ਤੱਕ 14 ਲੱਖ ਮਰੀਜ਼ਾਂ ਨੇ ਲਿਆ ਲਾਭ

ਪਟਿਆਲਾ (ਰਾਜਿੰਦਰ ਸਿੰਘ ਥਿੰਦ)

ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਮਿਆਰੀ ਤੇ ਵਧੀਆ ਸਿਹਤ ਸੇਵਾਵਾਂ ਦੇਣ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਬਠਿੰਡਾ ਦੇ ਪਿੰਡ ਚਾਉਕੇ ਤੋਂ ਆਮ ਆਦਮੀ ਕਲੀਨਿਕਾਂ ਦੇ ਵਰਚੂਅਲ ਉਦਘਾਟਨ ਕਰਨ ਮੌਕੇ ਪਟਿਆਲਾ ਜ਼ਿਲ੍ਹੇ ਦੇ ਵੀ ਨਵੇਂ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ ਕੀਤਾ।ਇਸ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੀ ਚਾਉਕੇ ਵਿਖੇ ਉਨ੍ਹਾਂ ਦੇ ਨਾਲ ਸਨ ਤੇ ਉਨ੍ਹਾਂ ਨੇ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਲਈ ਸ਼ੁਰੂ ਕੀਤੇ ਗਏ 6 ਹੋਰ ਨਵੇਂ ਆਮ ਆਦਮੀ ਕਲੀਨਿਕਾਂ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਆਮ ਆਦਮੀ ਕਲੀਨਿਕਾਂ ਦੇ ਉਦਘਾਟਨ ਸਮੇਂ ਲਾਈਵ ਪ੍ਰੋਗਰਾਮ ਵਿੱਚ ਸਿਵਲ ਸਰਜਨ ਡਾ. ਜਤਿੰਦਰ ਕਾਂਸਲ, ਐਡਵੋਕੇਟ ਰਾਹੁਲ ਸੈਣੀ, ਬਲਵਿੰਦਰ ਸੈਣੀ ਤੇ ਐਸ.ਐਮ.ਓ. ਡਾ. ਗੁਰਪ੍ਰੀਤ ਸਿੰਘ ਨਾਗਰਾ ਦੀ ਮੌਜੂਦਗੀ ਵਿੱਚ ਪਿੰਡ ਚਲੈਲਾ ਵਿਖੇ



ਪਤਵੰਤੇ ਬਜ਼ੁਰਗਾਂ ਨੇ ਆਮ ਆਦਮੀ ਕਲੀਨਿਕ ਦਾ ਰਿਬਨ ਕੱਟਕੇ ਉਦਘਾਟਨ ਕੀਤਾ।ਇਸੇ ਤਰ੍ਹਾਂ ਆਮ ਆਦਮੀ ਕਲੀਨਿਕ ਮੰਡੌਰ ਦਾ ਉਦਘਾਟਨ ਐੱਸ. ਐੱਮ. ਓ. ਡਾ. ਜਸਵਿੰਦਰ ਸਿੰਘ ਤੇ ਜੈ ਪ੍ਰਕਾਸ਼ ਨੇ ਕੀਤਾ। ਸਨੌਰ ਹਲਕੇ ਦੇ ਪਿੰਡ ਬਿੰਜਲ ਤੇ ਮੱਘਰ ਦਾ ਉਦਘਾਟਨ ਐਸ. ਐਮ. ਓ. ਡਾ. ਜੈਦੀਪ ਭਾਟੀਆ ਤੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਪਤਨੀ ਸਿਮਰਨਜੀਤ ਕੌਰ ਪਠਾਨਮਾਜਰਾ ਨੇ ਆਮ ਲੋਕਾਂ ਦੀ ਹਾਜ਼ਰੀ ਵਿੱਚ ਕੀਤਾ।ਸਮਾਣਾ ਹਲਕੇ ਦੇ ਪਿੰਡ ਕਾਦਰਾਬਾਦ ਵਿਖੇ ਐਸ.ਐਮ.ਓ. ਡਾ. ਲਵਕੇਸ਼ ਕੁਮਾਰ ਨੇ ਹਰਜਿੰਦਰ ਸਿੰਘ ਮਿੰਟੂ ਤੇ ਗੁਰਦੇਵ ਸਿੰਘ ਟਿਵਾਣਾ ਤੇ ਲੋਕਾਂ ਦੀ ਹਾਜ਼ਰੀ ਦੇ ਵਿੱਚ ਕੀਤਾ ਗਿਆ। ਐਸ. ਐਮ. ਓ. ਸ਼ੁਤਰਾਣਾ ਡਾ. ਸੰਦੀਪ ਕਾਂਧਰਾ ਨੇ ਸ਼ੁਤਰਾਣਾ ਹਲਕੇ ਦੇ ਪਿੰਡ ਕਰੀਮ ਨਗਰ ਚਿੱਚੜਵਾਲ ਆਮ ਆਦਮੀ ਕਲੀਨਿਕ ਦਾ ਉਦਘਾਟਨ ਗੁਰਮੀਤ ਸਿੰਘ ਦੀ ਹਾਜ਼ਰੀ ਵਿੱਚ ਕੀਤਾ ਗਿਆ।ਸਿਵਲ ਸਰਜਨ ਡਾ. ਜਤਿੰਦਰ ਕਾਂਸਲ ਨੇ ਦੱਸਿਆ ਕਿ ਨਵੇਂ ਆਮ ਆਦਮੀ ਕਲੀਨਿਕ ਖੁੱਲ੍ਹਣ ਨਾਲ ਪਟਿਆਲਾ ਵਿੱਚ ਪਹਿਲਾਂ ਤੋਂ ਹੀ ਚੱਲ ਰਹੇ 65 ਆਮ ਆਦਮੀ ਕਲੀਨਿਕਾਂ ਦੀ ਗਿਣਤੀ ਹੁਣ 71 ਹੋ ਗਈ ਹੈ, ਜਿਸ ਵਿੱਚ ਡਾਕਟਰ, ਫਾਰਮਾਸਿਸਟ ਤੇ ਕਲਿਨੀਕਲ ਅਸਿਸਟੈਂਟ ਮੁਢਲੀ ਜਾਂਚ ਕਰਨੇ ਨੇ ਤੇ 38 ਤਰ੍ਹਾਂ ਦੇ ਲੋੜੀਂਦੇ ਲੈਬ ਟੈਸਟ ਕਰਨਗੇ।ਉਹਨਾਂ ਦੱਸਿਆ ਕਿ ਜਿਲ੍ਹੇ ਵਿੱਚ ਹੁਣ ਤੱਕ ਇਹਨਾਂ ਆਮ ਆਦਮੀ ਕਲੀਨਿਕਾਂ ਵਿੱਚੋਂ 14 ਲੱਖ ਮਰੀਜ਼ ਲਾਭ ਲੈ ਚੁੱਕੇ ਹਨ।


**AMBIT FINVEST PRIVATE LIMITED**

AMBIT Finvest — Pragati ke partner

Corporate Off: Kanakia Wall Street, 5th Floor, A 506-510, Andheri-Kurla Road, Andheri East, Mumbai-400093

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ) (ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਦੇ ਤਹਿਤ**

ਜਦੋਂ ਕਿ ਨਿਮਨਹਸਤਾਖਰੀ ਨੇ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਅੰਬਿਤ ਹਾਊਸ, 449, ਸੈਨਾਪਤੀ ਬਪਤ ਮਾਰਗ, ਲੋਅਰ ਪਾਰੇਲ, ਮੁੰਬਈ-400013, ਕਾਰਪੋਰੇਟ ਦਫਤਰ ਕਨਕੀਆ ਵਾਲ ਸਟ੍ਰੀਟ-5ਵੀਂ ਮੰਜ਼ਲ, ਏ 506-510, ਅੰਧੇਰੀ ਕੁਰਲਾ ਰੋਡ, ਅੰਧੇਰੀ ਈਸਟ, ਮੁੰਬਈ-400093 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਨੋਟਿਸ ਜਾਰੀ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ 'ਚ ਅਤੇ ਹੇਠਾਂ ਦਰਸਾਈ ਰਕਮ ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ।

ਹੇਠਾਂ ਦਰਸਾਏ ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਕਬਜ਼ਾ ਹਾਸਲ ਕਰ ਲਿਆ ਹੈ।

| ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਦਾ ਨਾਂਅ ਅਤੇ ਕਰਜ਼ਾ ਖਾਤਾ ਨੰਬਰ | ਡਿਮਾਂਡ ਨੋਟਿਸ ਦੀ ਮਿਤੀ ਰਾਸ਼ੀ | ਅਚੱਲ ਜਾਇਦਾਦ/ਰਹਿਣ ਜਾਇਦਾਦਾਂ ਦਾ ਵੇਰਵਾ | ਕਬਜ਼ੇ ਦੀ ਮਿਤੀ ਕਬਜ਼ੇ ਦੀ ਕਿਸਮ |
|---|---|---|---|
| 1. ਪ੍ਰਦੀਪ ਕੁਮਾਰ<br>2. ਮਧੂ ਬਾਲਾ<br>Lan Nos. ZKP000000069638 | 21.06.2024<br>ਰੁਪਏ 25,92,503.00/- (ਰੁਪਏ ਪੱਚੀ ਲੱਖ ਬੰਨਵੇਂ ਹਜ਼ਾਰ ਪੰਜ ਸੌ ਤਿੰਨ ਅਤੇ ਤੀਹ ਪੈਸੇ ਕੇਵਲ)<br>ਮਿਤੀ 14.06.2024 ਅਨੁਸਾਰ | "ਜਾਇਦਾਦ ਫਲੈਟ ਨੰ. 103-ਸੀ, ਦੂਜੀ ਮੰਜ਼ਲ ਰਕਬਾ 0.40 ਮਰਲੇ ਖੇਵਟ/ਖਤੋਨੀ ਨੰ. 260/306 ਖਸਰਾ ਨੰ. 21//20/2 (3-16), 21/1 (3-6), ਕਿੱਤੇ 02, ਰਕਬਾ 7 ਕਨਾਲ 2 ਮਰਲੇ ਦਾ 1/355ਵਾਂ ਹਿੱਸਾ ਰਕਬਾ 0.40 ਮਰਲੇ ਜੋ ਸੁਖਮਨੀ ਇਨਕਲੇਵ ਸੈਕਟਰ-127 ਨਿਜਰ ਰੋਡ ਪਿੰਡ ਛੱਜੂ ਮਾਜਰਾ, ਹਦਬਸਤ ਨੰ. 33, ਤਹਿ. ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ ਮੋਹਾਲੀ, ਪੰਜਾਬ ਵਿਖੇ ਸਥਿਤ ਹੈ।<br>ਦਰਸਾਈ ਜਾਇਦਾਦ ਦੀਆਂ ਹੱਦਾਂ : ਪੂਰਬ : ਪ੍ਰਵੇਸ਼, ਪੱਛੀ 2 ਫਲੈਟ ਹੋਰ ਬਲਾਕ ਡੀ, ਪੱਛਮ : ਖੁੱਲ੍ਹਾ ਏਰੀਆ, ਉੱਤਰ : ਫਲੈਟ ਨੰ. 104, ਦੱਖਣ : ਖੁੱਲ੍ਹਾ ਏਰੀਆ | 21.09.2024<br>ਸੰਕੇਤਕ ਕਬਜ਼ਾ |
| 1. ਰਾਜੀਵ ਕੁਮਾਰ<br>2. ਪ੍ਰੀਤੀ ਸੂਦ<br>Lan Nos. ZKP000000069990 | 21.06.2024<br>ਰੁਪਏ 26,38,309.19/- (ਰੁਪਏ ਛੱਬੀ ਲੱਖ ਅਠੱਤੀ ਹਜ਼ਾਰ ਤਿੰਨ ਸੌ ਨੌ ਅਤੇ ਉੱਨੀ ਪੈਸੇ ਕੇਵਲ)<br>ਮਿਤੀ 14.06.2024 ਅਨੁਸਾਰ | "ਜਾਇਦਾਦ ਫਲੈਟ ਨੰ. 104-ਸੀ, ਦੂਜੀ ਮੰਜ਼ਲ ਰਕਬਾ 0.40 ਮਰਲੇ ਖੇਵਟ/ਖਤੋਨੀ ਨੰ. 260/306 ਖਸਰਾ ਨੰ. 21//20/2 (3-16), 21/1 (3-6), ਕਿੱਤੇ 02, ਰਕਬਾ 7 ਕਨਾਲ 2 ਮਰਲੇ ਦਾ 1/355ਵਾਂ ਹਿੱਸਾ ਰਕਬਾ 0.40 ਮਰਲੇ ਜੋ ਸੁਖਮਨੀ ਇਨਕਲੇਵ ਸੈਕਟਰ-127 ਨਿਜਰ ਰੋਡ ਪਿੰਡ ਛੱਜੂ ਮਾਜਰਾ, ਹਦਬਸਤ ਨੰ. 33, ਤਹਿ. ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ ਮੋਹਾਲੀ, ਪੰਜਾਬ ਵਿਖੇ ਸਥਿਤ ਹੈ।<br>ਦਰਸਾਈ ਜਾਇਦਾਦ ਦੀਆਂ ਹੱਦਾਂ : ਪੂਰਬ : ਪ੍ਰਵੇਸ਼ ਫਲੈਟ ਹੋਰ ਬਲਾਕ ਡੀ ਪਲਾਟ, ਪੱਛਮ : ਖੁੱਲ੍ਹਾ ਏਰੀਆ, ਉੱਤਰ : ਫਲੈਟ ਨੰ. ਸੀ- 103, ਬਲਾਕ ਸੀ, ਦੱਖਣ : ਖੁੱਲ੍ਹਾ ਏਰੀਆ ਬਲਾਕ ਬੀ" | 21.09.2024<br>ਸੰਕੇਤਕ ਕਬਜ਼ਾ |
| 1) ਅਲ ਸਿਰਤ ਫਰੂਟ ਰਿਪੇਨਿੰਗ ਚੈਂਬਰ (ਰਾਹੀਂ ਇਸ ਦੇ ਮਾਲਕ ਆਰਿਫ ਖਾਨ)<br>1. ਆਰਿਫ ਖਾਨ<br>2. ਜ਼ੈਨਬ<br>3. ਲਤੀਫ ਖਾਨ<br>Lan Nos. LUI000000057292 | 18.03.2024<br>ਰੁਪਏ 38,67,560.30/- (ਰੁਪਏ ਅਠੱਤੀ ਲੱਖ ਸਤਾਹਟ ਹਜ਼ਾਰ ਪੰਜ ਸੌ ਸੱਠ ਅਤੇ ਤੀਹ ਪੈਸੇ ਕੇਵਲ)<br>ਮਿਤੀ 14.03.2024 ਅਨੁਸਾਰ | "ਇੱਕ ਜਾਇਦਾਦ ਰਕਬਾ 2 ਬੀ-0 ਬੀ, ਖੇਵਟ ਨੰ. 55, ਖਤੌਨੀ ਨੰ. 106, ਖਸਰਾ ਨੰ. 473/6-4, 474/6-13, 475/2-14, 540/3-8, 541/8-1, 607/0-4, 641/10-10 'ਚ ਸ਼ਾਮਲ, ਜਮ੍ਹਾਂਬੰਦੀ ਸਾਲ 2016-17 ਅਨੁਸਾਰ ਜੋ ਪਿੰਡ ਆਦਮਪਾਲ, ਤਹਿ. ਮਾਲੇਰਕੋਟਲਾ ਅਤੇ ਜ਼ਿਲ੍ਹਾ ਸੰਗਰੂਰ, ਪੰਜਾਬ ਵਿਖੇ ਸਥਿਤ ਹੈ।<br>ਦਰਸਾਈ ਜਾਇਦਾਦ ਦੀਆਂ ਹੱਦਾਂ : ਪੂਰਬ : ਖੇਤੀਬਾੜੀ ਜ਼ਮੀਨ-/58'-6", ਪੱਛਮ : ਆਦਮਪਾਲ ਰੋਡ/58'-6", ਉੱਤਰ : ਖੇਤੀਬਾੜੀ ਜ਼ਮੀਨ 318'-0", ਦੱਖਣ : ਖੇਤੀਬਾੜੀ ਜ਼ਮੀਨ/305'-0" | 20.09.2024<br>ਸੰਕੇਤਕ ਕਬਜ਼ਾ |

ਕਰਜ਼ਦਾਰ ਨੂੰ ਖਾਸ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ ਨੂੰ ਇੱਥੇ ਉਪਰ ਦਰਸਾਈ ਰਕਮ ਅਤੇ ਉਸ ਉੱਪਰ ਵਿਆਜ ਵਸੂਲੀ ਹੇਠ ਹੋਵੇਗੀ। ਉਪਲਬੱਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਸਥਾਨ : ਪੰਜਾਬ
ਮਿਤੀ : 23.09.2024

ਸਹੀ/-
ਅਧਿਕਾਰਤ ਅਫਸਰ,
ਅੰਬਿਤ ਫਿਨਵੈਸਟ ਪ੍ਰਾਈਵੇਟ ਲਿਮਟਿਡ

24-SEP-PAGE-8.qxd 9/23/2024 10:54 PM Page 1



# ਰਾਜਾ ਗਿੱਲ ਨੇ ਬਾਸਕਿਟਬਾਲ ਖਿਡਾਰੀਆਂ ਨੂੰ ਕੀਤਾ ਸਨਮਾਨਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਸਕੂਲ ਆਫ ਐਮੀਨੈਂਸ ਟਾਂਡਾ ਦੀ ਬਾਸਕਿਟਵਾਲ ਗਰਾਊਂਡ ਵਿੱਚ ਹੋਏ ਇੱਕ ਸਮਾਗਮ ਦੌਰਾਨ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਟਾਂਡਾ ਦਾ ਨਾਮ ਰੌਸ਼ਨ ਕਰਨ ਵਾਲੇ ਬਾਸਕਿਟਬਲ ਖਿਡਾਰੀਆਂ ਨੂੰ ਸਨਮਾਨਤ ਕੀਤਾ। ਇਸ ਮੌਕੇ ਉਹਨਾਂ ਬਾਸਕਿਟਬਾਲ ਦੀ ਖੇਡ ਵਾਸਤੇ ਸਟੇਟ ਪੱਧਰ ਦੇ ਮੁਕਾਬਲਿਆਂ ਲਈ ਲਈ ਚੁਣੇ ਗਏ 15 ਖਿਡਾਰੀਆਂ ਤੋਂ ਇਲਾਵਾ ਅੰਡਰ 21 ਵਰਗ ਵਿੱਚ ਜ਼ਿਲ੍ਹਾ ਚੈਂਪੀਅਨ ਟੀਮ, ਤੇ ਜ਼ਿਲ੍ਹੇ ਚੋਂ ਦੂਸਰਾ ਸਥਾਨ ਹਾਸਲ ਕਰਨ ਵਾਲੀ ਅੰਡਰ 17 ਤੇ 17 ਦੇ ਬਾਸਕਿਟਬਾਲ ਖਿਡਾਰੀਆਂ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਵੱਲੋਂ ਕਰਵਾਈਆਂ ਗਈਆਂ ਖੇਡਾਂ ਵਤਨ ਪੰਜਾਬ ਦੀਆਂ ਨਾਲ ਕਈ ਪ੍ਰਤਿਭਾਵਾਨ ਖਿਡਾਰੀ ਨਿਖਰ ਕੇ ਸਾਹਮਣੇ ਆਏ ਹਨ ਅਤੇ ਇਹ ਖੇਡਾਂ ਨੌਜਵਾਨਾਂ ਲਈ ਵਰਦਾਨ ਸਾਬਤ ਹੋਈਆਂ ਹਨ। ਇਸ ਮੌਕੇ ਉਨ੍ਹਾਂ ਪੰਜਾਬ ਲਈ ਚੁਣੇ ਗਏ 15 ਖਿਡਾਰੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਖਿਡਾਰੀਆਂ ਦੀ ਇਸ ਸ਼ਾਨਦਾਰ ਉਪਲਬਧੀ ਦਾ ਸਿਹਰਾ ਬਾਸਕਿਟਬਾਲ ਕੋਚ ਬ੍ਰਿਜ ਸ਼ਰਮਾ, ਡੀ .ਪੀ ਗੁਰਚਰਨ ਸਿੰਘ ਤੇ ਡੀ.ਪੀ ਚਰਨਜੀਤ ਸਿੰਘ ਗੁਰਾਇਆ ਅਣਥੱਕ ਮਿਹਨਤ ਤੇ ਲਗਨ ਨੂੰ ਜਾਂਦਾ ਹੈ। ਇਸ ਮੌਕੇ ਉਹਨਾਂ ਜੇਤੂ ਰਹੀ ਖਿਡਾਰੀਆਂ ਦੇ ਮਾਪਿਆਂ ਨੂੰ ਵੀ ਮੁਬਾਰਕਬਾਦ ਦਿੱਤੀ।ਇਸ ਮੌਕੇ ਕੇਸ਼ਵ ਸਿੰਘ ਸੈਣੀ, ਪ੍ਰਿੰਸੀਪਲ ਰਾਜੇਸ਼ ਕੁਮਾਰ, ਯੂਥ ਆਗੂ ਪ੍ਰੇਮ ਪਡਵਾਲ, ਜਥੇਦਾਰ ਮਨਜੀਤ ਸਿੰਘ ਖਾਲਸਾ, ਸੁਖਬੀਰ ਸਿੰਘ, ਮਨਦੀਪ ਸਿੰਘ ਮੋਨੂ, ਹਰਪ੍ਰੀਤ ਹੈਪੀ, ਮਨੀਸ਼ ਸੋਂਧੀ, ਰਾਜਨ ਸੋਂਧੀ, ਵਿੱਕੀ ਮਹਿੰਦਰੂ, ਕਮਲ ਧੀਰ, ਨੰਬਰਦਾਰ ਹਰਿੰਦਰ ਕਲੋਟੀ, ਮਾਸਟਰ ਹਰਦੀਪ ਸਿੰਘ ਆਦਿ ਹਾਜ਼ਰ ਸਨ ।

# ਐੱਸ ਡੀ ਚੈਰੀਟੇਬਲ ਹਸਪਤਾਲ 'ਚ ਅੱਖਾਂ ਦਾ ਫ੍ਰੀ ਚੈੱਕਅੱਪ ਤੇ ਮੈਡੀਕਲ ਕੈਂਪ



**ਸੁਲਤਾਨਪੁਰ ਲੋਧੀ (ਹਨੀ)** ਐਸ ਡੀ ਚੈਰੀਟੇਬਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਅੱਖਾਂ ਦਾ ਫ੍ਰੀ ਚੈੱਕਅੱਪ ਅਤੇ ਮੈਡੀਕਲ ਕੈਂਪ ਐੱਸ ਡੀ ਸਭਾ ਦੇ ਪ੍ਰਧਾਨ ਰਾਕੇਸ਼ ਧੀਰ ਦੀ ਅਗਵਾਈ 'ਚ ਲਗਾਇਆ ਗਿਆ।ਇਸ ਦੌਰਾਨ 250 ਦੇ ਕਰੀਬ ਮਰੀਜ਼ਾਂ ਨੇ ਕੈਂਪ ਦਾ ਲਾਭ ਉਠਾਇਆ ਅਤੇ ਮਾਹਿਰ ਡਾਕਟਰਾਂ ਵੱਲੋਂ ਮਰੀਜਾਂ ਨੂੰ ਫਰੀ ਦਵਾਈਆਂ ਵੀ ਦਿੱਤੀਆਂ ਗਈਆਂ।ਅੱਖਾਂ ਦੇ ਮਾਹਿਰ ਡਾਕਟਰ ਨਿਤਿਨ ਪੁਰੀ, ਐਮ ਬੀ ਬੀ ਐਸ ਡਾਕਟਰ ਸੰਦੀਪ ਤੋਮਰ, ਬੀ ਏ ਐਮ ਐਸ ਡਾਕਟਰ ਗੋਪਾਲ ਸਿੰਘ ਚੌਹਾਨ ਅਤੇ ਡਾਕਟਰ ਰਿਸ਼ੀ ਵੱਲੋਂ ਮਰੀਜ਼ਾਂ ਦਾ ਫਰੀ ਚੈੱਕਅਪ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਦੇ ਪ੍ਰਧਾਨ ਰਾਕੇਸ਼ ਧੀਰ ਨੇ ਦੱਸਿਆ ਕਿ ਐਸ ਡੀ ਸਭਾ ਵੱਲੋਂ ਲੋਕਾਂ ਦੀ ਸੁਵਿਧਾ ਨੂੰ ਮੁੱਖ ਰੱਖਦੇ ਹੋਏ, ਇਹ ਐਸ ਡੀ ਚੈਰੀਟੇਬਲ ਹਸਪਤਾਲ ਖੋਲਿਆ ਗਿਆ ਹੈ।ਉਹਨਾਂ ਕਿਹਾ ਕਿ ਕੈਂਪ ਦੌਰਾਨ 250 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਹੋਇਆ ਹੈ ਅਤੇ ਉਹਨਾਂ ਵਿੱਚੋਂ ਅੱਖਾਂ ਦੇ 15 ਮਰੀਜ਼ਾਂ ਦੇ ਆਪਰੇਸ਼ਨ ਵੀ ਕੀਤੇ ਗਏ ਅਤੇ ਕੁਝ ਮਰੀਜ਼ਾਂ ਦੇ ਬਾਅਦ ਵਿੱਚ ਅਪਰੇਸ਼ਨ ਕੀਤੇ ਜਾਣਗੇ। ਉਹਨਾਂ ਦੱਸਿਆ ਕਿ ਐਸ ਡੀ ਸਭਾ ਸ਼ੁਰੂ ਤੋਂ ਹੀ ਸਮਾਜ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਦੀ ਹੈ ਅਤੇ ਸਮਾਜ ਵਿੱਚ ਸਭਾ ਦਾ ਇੱਕ ਵੱਡਾ ਰੁਤਬਾ ਹੈ।ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਐਸ ਡੀ ਚੈਰੀਟੇਬਲ ਹਸਪਤਾਲ ਵੱਲੋਂ ਵੱਡੇ ਪੱਧਰ 'ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐਸ ਡੀ ਸਭਾ ਦੇ ਮੈਨੇਜਰ ਉਮਾ ਦੱਤ ਸ਼ਰਮਾ, ਰਾਜੀਵ ਕੁਮਾਰ ਸ਼ਰਮਾ, ਸ਼ਕਤੀ ਕੁਮਾਰ ਭਾਰਦਵਾਜ਼ ਤੋਂ ਇਲਾਵਾ ਐਸ ਡੀ ਚੈਰੀਟੇਬਲ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ।

# ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਕੋਈ ਸਰਕਾਰ ਸੰਜੀਦਾ ਨਹੀਂ : ਸੀਚੇਵਾਲ



ਸੰਬੋਧਨ ਕਰਦੇ ਹੋਏ ਸੰਤ ਬਲਬੀਰ ਸਿੰਘ ਸੀਚੇਵਾਲ

**ਸ਼ਾਹਕੋਟ (ਗਿਆਨ ਸੈਦਪੁਰੀ)** ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸਖਤ ਲਿਹਾਜ਼ੇ 'ਚ ਕਿਹਾ ਕਿ ਕਿਸੇ ਵੀ ਸਰਕਾਰ ਨੇ ਦਰਿਆਵਾਂ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸੰਜੀਦਗੀ ਨਾਲ ਕੰਮ ਨਹੀ ਕੀਤਾ।'ਵਿਸ਼ਵ ਦਰਿਆ ਦਿਵਸ' ਮੌਕੇ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦਿਆ ਸੰਤ ਸੀਚੇਵਾਲ ਨੇ ਕਿਹਾ ਕਿ ਦਰਿਆ ਪੰਜਾਬ ਦੀ ਅਣਮੁੱਲੀ ਵਿਰਾਸਤ ਹਨ, ਇਹਨਾਂ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਹਰ ਪੰਜਾਬੀ ਆਪਣੀ ਨੈਤਿਕ ਜਿੰਮੇਵਾਰੀ ਸਮਝੇ।ਉਹਨਾਂ ਕਿਹਾ ਕਿ ਦਰਿਆਵਾਂ ਨੂੰ ਗੰਦੇ ਹੋਣ ਤੋਂ ਬਚਾਉਣ ਲਈ ਕਿਸੇ ਵੀ ਸਰਕਾਰ ਨੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀ ਜੁਆਬਦੇਹੀ ਤੈਅ ਨਹੀ ਕੀਤੀ।ਸੰਤ ਸੀਚੇਵਾਲ ਨੇ ਕਿਹਾ ਕਿ ਭਾਰਤ ਦੇਸ਼ ਵਿੱਚ ਸਦੀਆਂ ਤੋਂ ਲੋਕ ਨਦੀਆਂ ਨੂੰ ਪੂਜਦੇ ਆ ਰਹੇ ਹਨ, ਇਹ ਗੱਲ ਕਿਸੇ ਦੇ ਚਿੱਤ ਖਿਆਲ ਵਿੱਚ ਵੀ ਨਹੀ ਸੀ ਕਿ ਨਦੀਆਂ ਨੂੰ ਪੂਜਣ ਵਾਲੇ ਦੇਸ਼ ਵਿੱਚ ਲੋਕ ਇਹਨਾਂ ਨੂੰ ਜ਼ਹਿਰਲੀਆਂ ਨਦੀਆਂ ਵਿੱਚ ਬਦਲ ਕਿ ਰੱਖ ਦੇਣਗੇ।ਉਹਨਾਂ ਕਿਹਾ ਕਿ ਪੰਜਾਬ ਕੋਲ ਸਿਰਫ ਹੁਣ ਢਾਈ ਦਰਿਆ ਹਨ, ਉਹਨਾਂ ਵਿੱਚੋਂ ਵੀ ਸਭ ਤੋਂ ਵੱਡਾ ਦਰਿਆ ਸਤਲੁਜ ਨੂੰ ਹੱਦ ਦਰਜ਼ੇ ਤੱਕ ਪਲੀਤ ਕਰ ਦਿੱਤਾ ਗਿਆ ਹੈ।ਸੰਤ ਸੀਚੇਵਾਲ ਨੇ ਕਿਹਾ ਕਿ ਖਾਲਸਾ ਪੰਥ ਦੀ ਸਾਜਨਾ ਵੇਲੇ ਜਿਹੜਾ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ ਸੀ ਉਸਦਾ ਜਲ ਵੀ ਸਤਲੁਜ ਦਰਿਆ ਵਿੱਚੋਂ ਲਿਆ ਗਿਆ ਸੀ।ਅੰਮ੍ਰਿਤ ਦੀ ਦਾਤ ਬਖਸ਼ਣ ਵਾਲਾ ਸਤਲੁਜ ਦਰਿਆ ਹੁਣ ਇਲਾਕੇ ਵਿੱਚ ਕੈਂਸਰ ਰੂਪੀ ਮੌਤ ਵੰਡ ਰਿਹਾ ਹੈ।ਹਾਲ ਹੀ ਵਿੱਚ ਦਿੱਲੀ ਦੇ ਪ੍ਰਗਤੀ ਮੈਦਾਨ ਵਿੱਚ ਸੰਪਨ ਹੋਏ '8ਵੇਂ ਇੰਡੀਅਨ ਵਾਟਰ ਵੀਕ' ਦੌਰਾਨ ਹੋਏ ਸਮਾਗਮ ਨੂੰ ਸੰਬੋਧਨ ਕਰਦਿਆ ਸੰਤ ਸੀਚੇਵਾਲ ਨੇ ਕਿਹਾ ਕਿ ਦੇਸ਼ ਦੀਆਂ ਨਦੀਆਂ ਨੂੰ ਤੇ ਦਰਿਆਵਾਂ ਨੂੰ ਪਲੀਤ ਕਰਨ ਲਈ ਪ੍ਰਸ਼ਾਸ਼ਨਿਕ ਅਧਿਕਾਰੀ ਜਿੰਮੇਵਾਰ ਹਨ। ਉਹਨਾਂ ਕਿਹਾ ਕਿ ਹਰ ਅਧਿਕਾਰੀ ਨੂੰ 1974 ਦੇ ਵਾਟਰ ਐਕਟ ਦੀ ਹੋਣ ਜਾਣਕਾਰੀ ਹੋਣ ਦੇ ਬਾਵਜੂਦ ਵੀ ਉਹ ਇਸਨੂੰ ਲਾਗੂ ਕਰਵਾਉਣ ਵਿੱਚ ਅਸਫਲ ਰਹੇ ਹਨ।ਸੰਤ ਸੀਚੇਵਾਲ ਨੇ ਦਰਿਆਵਾਂ ਦੇ ਵਾਰਿਸ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਇਸ ਵਿਰਾਸਤ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਅੱਗੇ ਆਉਣ। ਸਤਲੁਜ ਦਰਿਆ ਵਿੱਚ ਸਮੱਗਰੀ ਅਤੇ ਪਲਾਸਟਿਕ ਦੇ ਲਿਫਾਫੇ ਸੁੱਟਣ ਤੋਂ ਰੋਕਣ ਲਈ ਲੱਗੇ ਨੌਜਵਾਨਾਂ ਦੀ ਸ਼ਲਾਘਾ ਕਰਦਿਆ ਉਹਨਾਂ ਕਿਹਾ ਕਿ ਇਹ ਸਾਰੇ ਪੰਜਾਬੀਆਂ ਦੀ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਦਰਿਆਵਾਂ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਪਹਿਰੇਦਾਰੀ ਕਰਨ। ਸੰਤ ਸੀਚੇਵਾਲ ਨੇ ਕਿਹਾ ਕਿ ਸਤਲੁਜ ਦਰਿਆ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ 11 ਨਵੰਬਰ 2011 ਤੱਕ ਦਾ ਇੱਕ ਟੀਚਾ ਮਿੱਥਿਆ ਗਿਆ ਸੀ, ਜਿਸ ਵਾਸਤੇ 2000 ਕਰੋੜ ਦੇ ਕਰੀਬ ਬਜਟ ਵੀ ਰੱਖਿਆ ਗਿਆ ਸੀ। ਇਸੇ ਤਰ੍ਹਾਂ ਦੇਸ਼ ਦੀ ਸਭ ਤੋਂ ਵੱਡੀ ਨਦੀ ਗੰਗਾ ਨੂੰ ਸਾਫ ਕਰਨ ਲਈ 1985 ਵਿੱਚ ਉਸ ਵੇਲੇ ਦੀ ਕੇਂਦਰ ਸਰਕਾਰ ਨੇ ਇਸਨੂੰ ਸਾਫ ਕਰਨ ਦਾ 1000 ਕਰੋੜ ਦਾ ਬਜ਼ਟ ਰੱਖਿਆ ਸੀ।ਗੰਗਾ ਤਾਂ ਸਾਫ ਨਹੀ ਹੋਈ ਪਰ 1000 ਕਰੋੜ ਰੁਪਏ ਸਫਾਈ ਦੇ ਨਾਮ ਤੇ ਰੋੜ ਦਿੱਤਾ ਗਿਆ। ਇਸੇ ਤਰ੍ਹਾਂ ਮੌਜੂਦਾ ਕੇਂਦਰ ਸਰਕਾਰ ਨੇ ਗੰਗਾ ਦੀ ਸਫਾਈ ਲਈ 20 ਹਜ਼ਾਰ ਕਰੋੜ ਰੁਪੈ ਰੱਖਿਆ ਹੈ ਪਰ ਇਸ ਨੂੰ ਮੁਕੰਮਲ ਤੌਰ ਤੇ ਸਾਫ ਨਹੀ ਕੀਤਾ ਜਾ ਸਕਿਆ। ਹਲਾਂਕਿ ਗੰਗਾ ਕਿਨਾਰੇ ਵਸਦੇ 1657 ਪਿੰਡਾਂ ਦੀ ਗੰਦਗੀ ਨੂੰ ਗੰਗਾ ਵਿੱਚ ਪੈਣ ਤੋਂ ਰੋਕਣ ਲਈ ਕੇਂਦਰ ਸਰਕਾਰ ਨੇ 'ਸੀਚੇਵਾਲ ਮਾਡਲ' ਨੂੰ ਅਪਨਾਇਆ ਸੀ ਪਰ ਇਸਨੂੰ ਅਮਲ ਵਿੱਚ ਨਹੀ ਲਿਆਂਦਾ ਗਿਆ। ਸੰਤ ਸੀਚੇਵਾਲ ਨੇ ਕਿਹਾ ਕਿ 20 ਹਜ਼ਾਰ ਰੁਪੈ ਵਿੱਚੋਂ ਜੇਕਰ ਪਿੰਡਾਂ ਉਪਰ ਮਹਿਜ਼ 2 ਹਜ਼ਾਰ ਕਰੋੜ ਰੁਪੈ ਵੀ ਖਰਚੇ ਹੁੰਦੇ ਤਾਂ ਇਹਨਾਂ ਪਿੰਡਾਂ ਦਾ ਗੰਦਾ ਪਾਣੀ ਦੇਸ਼ ਦੀ ਕੌਮੀ ਨਦੀ ਵਿੱਚ ਨਹੀ ਸੀ ਜਾਣਾ।

# ਚਾਰ ਭੇਡਾਂ, ਦੋ ਬੱਕਰੀਆਂ ਤਿੰਨ ਮੋਟਰਾਂ ਦੀਆਂ ਤਾਰਾਂ ਚੋਰੀ

**ਅਲਾਵਲਪੁਰ (ਮਦਨ ਬੰਗੜ)**- ਪੁਲਸ ਥਾਣਾ ਆਦਮਪੁਰ ਦੇ ਅਧੀਨ ਪੁਲਸ ਚੌਕੀ ਅਲਾਵਲਪੁਰ ਦੇ ਖੇਤਰ 'ਚ ਲੁੱਟ ਖੋਹ ਚੋਰੀ ਦੀਆਂ ਵਾਰਦਾਤਾਂ 'ਚ ਆਏ ਦਿਨ ਵਾਧਾ ਹੁੰਦਾ ਜਾ ਰਿਹਾ ਹੈ।ਕਸਬਾ ਅਲਾਵਲਪੁਰ ਦੇ ਪਿੰਡ ਕੋਟਲੀ ਸ਼ੇਖਾਂ ਵਿਖੇ ਗੁੱਜਰ ਪਰਵਾਰ ਦੇ ਡੇਰੇ ਤੋਂ ਚਾਰ ਭੇਡਾਂ ਦੋ ਬੱਕਰੀਆਂ ਅਤੇ ਪਿੰਡ ਕੋਟਲੀ ਸ਼ੇਖਾਂ ਦੇ ਹੀ ਇੱਕ ਕਿਸਾਨ ਦੇ ਖੂਹ ਤੋਂ ਤਿੰਨ ਮੋਟਰਾਂ ਦੀਆਂ ਤਾਰਾਂ ਚੋਰੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁੱਜਰ ਸੈਫ ਅਲੀ ਪਿੰਡ ਕੋਟਲੀ ਸ਼ੇਖਾਂ ਨੇ ਦੱਸਿਆ ਕਿ ਉਹਨਾਂ ਦੇ ਡੇਰੇ ਤੋਂ ਬੀਤੀ ਰਾਤ ਚਾਰ ਭੇਡਾਂ ਤੇ ਦੋ ਬੱਕਰੀਆਂ ਚੋਰੀ ਹੋ ਗਈਆਂ ਹਨ।ਚੋਰਾਂ ਨੇ ਸੜਕ ਦੇ ਨਾਲ ਡੇਰੇ 'ਚ ਵੜ ਕੇ ਦਰਵਾਜ਼ਾ ਖੋਲ੍ਹ ਕੇ ਮਕਾਨ ਦੇ ਅੰਦਰੋਂ ਦਾਖਲ ਹੋ ਕੇ ਚਾਰ ਭੇਡਾਂ ਅਤੇ ਦੋ ਬੱਕਰੀਆਂ ਚੋਰੀ ਕਰ ਲਈਆਂ।ਉਹਨਾਂ ਦੱਸਿਆ ਕਿ ਚੋਰਾਂ ਨੇ ਕਿਸੇ ਵਾਹਨ ਦੇ ਵਿੱਚ ਭੇਡਾਂ ਤੇ ਬੱਕਰੀਆਂ ਨੂੰ ਲੱਦ ਕੇ ਚੋਰੀ ਕੀਤਾ ਗਿਆ ਹੈ।ਪੀੜਤ ਪਰਵਾਰ ਨੇ ਦੱਸਿਆ ਕਿ ਭੇਡਾਂ ਤੇ ਬੱਕਰੀਆਂ ਦੀ ਕੀਮਤ ਲਗਭਗ ਇੱਕ ਲੱਖ ਰੁਪਏ ਬਣਦੀ ਹੈ।ਪਿੰਡ ਕੋਟਲੀ ਸ਼ੇਖਾਂ ਦੇ ਹੀ ਕਿਸਾਨ ਕੁਲਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਨੇ ਦੱਸਿਆ ਕਿ ਉਸਦੇ ਖੂਹ ਤੋਂ ਤਿੰਨ ਮੋਟਰਾਂ ਦੀਆਂ ਤਾਰਾਂ ਚੋਰੀ ਕਰ ਲਈਆਂ ਹਨ।ਉਹਨਾਂ ਨੇ ਦੱਸਿਆ ਕਿ ਇੱਕ ਖੂਹ 'ਤੇ ਪੁਰਾਣੀਆਂ ਤਾਰਾਂ ਦਾ ਇੱਕ ਵੱਡਾ ਬੋਰਾ ਭਰਿਆ ਹੋਇਆ ਸੀ।ਚੋਰ ਜਾਂਦੇ ਸਮੇਂ ਉਹ ਬੋਰਾ ਵੀ ਨਾਲ ਲੈ ਗਏ।ਇਸ ਮੌਕੇ ਦਲਵੀਰ ਸਿੰਘ ਭੋਗਲ ਪੰਜ ਦੌਲੀਕੇ ਸੁੰਦਰਪੁਰ, ਅਮਰਦੀਪ ਸਿੰਘ, ਗੁਰਮੀਤ ਸਿੰਘ ਅਤੇ ਪੀੜਤ ਕੁਲਵਿੰਦਰ ਸਿੰਘ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਲਾਕੇ ਵਿੱਚ ਪੁਲਸ ਗਸ਼ਤ ਵਧਾਈ ਜਾਵੇ ਤਾਂ ਜੋ ਵੱਧ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਠੱਲ ਪਾਈ ਜਾ ਸਕੇ।



# ਪਿਓ-ਪੁੱਤਰ ਨੇ ਇਕੱਠਿਆਂ ਖ਼ੂਨਦਾਨ ਕੀਤਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਜ਼ਦੀਕੀ ਪਿੰਡ ਮੁਬਾਰਕਪੁਰ ਦੇ ਗੁਰਦੁਆਰਾ ਅਨੰਦਸਰ ਸਾਹਿਬ ਵਿਖੇ ਸਾਲਾਨਾ ਖ਼ੂਨਦਾਨ ਕੈਂਪ ਬਲੱਡ ਸੈਂਟਰ ਨਵਾਂਸ਼ਹਿਰ ਦੀ ਟੀਮ ਵਲੋਂ ਭਾਈ ਘਨੱਈਆ ਜੀ ਦੇ ਮੱਲ੍ਹਮ ਪੱਟੀ ਦਿਵਸ ਨੂੰ ਸਮਰਪਤ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ਼ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਅਰਦਾਸ ਕਰਨ ਨਾਲ ਹੋਇਆ। ਇਸ ਮੌਕੇ ਗੁਰਿੰਦਰ ਸਿੰਘ ਤੂਰ, ਜੇ ਐਸ ਗਿੱਦਾ ਤੇ ਡਾ. ਅਜੇ ਬੱਗਾ ਨੇ ਭਾਈ ਘਨੱਈਆ ਜੀ ਨੂੰ ਮੱਲਮ ਪੱਟੀ ਦੀ ਬਖਸ਼ਿਸ਼ ਦੇ ਇਤਿਹਾਸ ਦਾ ਵਰਨਣ ਕਰਦਿਆਂ ਆਖਿਆ ਕਿ ਦਸਮ ਪਾਤਸ਼ਾਹ ਦੇ ਦਰਬਾਰ ਵਿੱਚ ਗੁਰੂ ਜੀ ਦੀਆਂ ਫੌਜਾਂ ਅਤੇ ਦੁਸ਼ਮਣ ਫੌਜਾਂ ਦੇ ਜ਼ਖਮੀਆਂ ਨੂੰ ਬਗੈਰ ਭਿੰਨਭੇਦ ਪਾਣੀ ਪਿਆਉਣ ਦੀ ਸ਼ਿਕਾਇਤ ਵਾਰੇ ਭਾਈ ਘਨੱਈਆ ਜੀ ਵਲੋਂ ਅਲੌਕਿਕ ਜੁਆਬ ਸੁਣ ਕੇ ਗੁਰੂ ਗੋਬਿੰਦ ਸਿੰਘ ਨੇ ਅਸ਼ੀਰਵਾਦ ਦਿੰਦਿਆਂ ਪਾਣੀ ਦੇ ਨਾਲ਼ ਨਾਲ਼ ਮੱਲ੍ਹਮ ਪੱਟੀ ਦੀ ਸੇਵਾ ਦੀ ਬਖਸ਼ਿਸ਼ ਕੀਤੀ ਸੀ। ਇਸ ਲਈ ਇਹ ਪਵਿੱਤਰ ਦਿਨ ਮਨਾਉਣ ਲਈ ਖ਼ੂਨਦਾਨ ਕੈਂਪ ਲਗਾਉਣੇ ਢੁਕਵੀਂ ਸ਼ਰਧਾਂਜਲੀ ਹੈ। ਕੈਂਪ ਵਿੱਚ ਕੁੱਲ 50 ਖ਼ੂਨਦਾਨੀਆਂ ਨੇ ਸਮਰਪਿਤ ਖ਼ੂਨਦਾਨ ਕੀਤਾ। ਇਸ ਕੈਂਪ ਵਿੱਚ ਪਿਓ ਪੁੱਤਰ ਨੇ ਇੱਕਠਿਆਂ ਖ਼ੂਨਦਾਨ ਕੀਤਾ ਜਿਨ੍ਹਾਂ ਨੇ ਕ੍ਰਮਵਾਰ 10 ਵੀਂ ਤੇ 65 ਵੀਂ ਵਾਰ ਸਵੈ-ਇੱਛੁਕ ਖ਼ੂਨਦਾਨ ਕੀਤਾ। ਇਸ ਮੌਕੇ ਸਮੂਹ ਖ਼ੂਨਦਾਨੀਆਂ ਨੂੰ ਵਿਸ਼ੇਸ਼ ਤੋਹਫ਼ੇ ਅਤੇ ਸਰਟੀਫਿਕੇਟ ਦੇਕੇ ਸਨਮਾਨਤ ਕੀਤਾ ਗਿਆ ।

# ਖੇਤਾਂ ਦੀ ਉਪਜਾਊ ਸ਼ਕਤੀ ਲਈ ਜ਼ਰੂਰੀ ਹੈ ਪਰਾਲੀ ਨੂੰ ਜ਼ਮੀਨ 'ਚ ਮਿਕਸ ਕਰਨਾ : ਡਾ. ਸੁਖਦੇਵ ਸਿੰਘ



**ਬੰਗਾ (ਅਵਤਾਰ ਕਲੇਰ)** ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਅਤੇ ਹੋਰ ਫਸਲੀ ਰਹਿੰਦ-ਖੂੰਹਦ ਦੇ ਸੁੱਚਜੇ ਪ੍ਰਬੰਧ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਖੇਤੀਬਾੜੀ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਬੰਗਾ ਦੇ ਪਿੰਡ ਪਠਲਾਵਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਜਿਸ ਦੀ ਪ੍ਰਧਾਨਗੀ ਖੇਤੀਬਾੜੀ ਅਫਸਰ ਬੰਗਾ ਡਾ. ਸੁਖਦੇਵ ਸਿੰਘ, ਜਿਲ੍ਹਾ ਸਿਖਲਾਈ ਅਫ਼ਸਰ ਵੱਲੋਂ ਕੀਤੀ ਗਈ।ਉਹਨਾਂ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਅਪੀਲ ਕੀਤੀ ਕਿ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਨੂੰ ਜ਼ਮੀਨ ਵਿੱਚ ਮਿਕਸ ਕਰਕੇ ਖੇਤਾਂ ਦੀ ਉਪਜਾਊ ਸ਼ਕਤੀ ਵੱਧਦੀ ਹੈ ਅਤੇ ਮਿੱਤਰ ਕੀੜੇ ਵੀ ਬਚਦੇ ਹਨ।ਵਾਤਵਰਨ ਦੀ ਤਪਸ਼ ਨੂੰ ਵੀ ਘਟਾਇਆ ਜਾ ਸਕਦਾ ਹੈ।ਖਾਦਾਂ ਦਵਾਈਆਂ ਸੰਯਮ ਨਾਲ਼ ਕੇਵਲ ਲੋੜ ਤੇ ਵਰਤੋਂ ਕਰਕੇ ਖੇਤੀ ਖਰਚੇ ਘੱਟ ਹੋ ਸਕਦੇ ਹਨ।ਬਲਾਕ ਕਿ ਖੇਤੀਬਾੜੀ ਅਫ਼ਸਰ ਡਾ. ਲਛਮਣ ਦਾਸ ਨੇ ਪਰਾਲੀ ਸਾੜੇ ਬਿਨਾਂ ਘੱਟ ਖਰਚ ਕਰਕੇ ਕਣਕ ਦੀ ਬਿਜਾਈ ਕਰਨ ਵਾਲੀਆਂ ਮਸ਼ੀਨਾਂ ਬਾਰੇ ਵਿਸਥਾਰ ਨਾਲ਼ ਜਾਣਕਾਰੀ ਸਾਂਝੀ ਕੀਤੀ।ਨਵੀਂ ਮਸ਼ੀਨ ਸਰਫ਼ੇਸ ਸੀਡਰ ਦੀ ਵਰਤੋਂ ਬਾਰੇ ਦੱਸਿਆ। ਇਸ ਮੌਕੇ ਸੁਰਿੰਦਰਪਾਲ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਵੱਲੋ ਕਿਸਾਨਾਂ ਨਾਲ ਤੇਲ ਬੀਜ ਫਸਲਾਂ ਵਾਰੇ ਅਤੇ ਆਰਗੈਨਿਕ ਖੇਤੀ ਸਬੰਧੀ ਜਾਣਕਾਰੀ ਸਾਂਝੀ ਕੀਤੀ। ਵਿਕਰਮ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਹਾੜੀ ਦੀ ਫਸਲਾਂ ਤੋ ਪਹਿਲਾਂ ਆਪਣੇ ਖੇਤਾਂ ਦੀ ਮਿੱਟੀ ਟੈਸਟ ਕਰਵਾ ਕੇ ਖਾਦਾਂ ਦੀ ਵਰਤੋਂ ਕਰਨ ਲਈ ਦੱਸਿਆ। ਇਸ ਮੌਕੇ ਸੰਦੀਪ ਗੰਗੜ ਏ.ਟੀ.ਐਮ ਅਤੇ ਸੈਕਟਰੀ ਮਨਜੀਤ ਸਿੰਘ ਸਹਿਕਾਰੀ ਸਭਾ, ਤਰਸੇਮ ਸਿੰਘ ਪ੍ਰਧਾਨ, ਹਰਮੇਸ਼ ਲਾਲ ਮੀਤ ਪ੍ਰਧਾਨ, ਸੰਦੀਪ ਸਿੰਘ ਨੰਬਰਦਾਰ, ਦਵਿੰਦਰ ਸਿੰਘ ਆਦਿ ਹਾਜ਼ਰ ਸਨ।

## ਬਾਸਕਿਟਬਾਲ ਅੰਡਰ 14 ਲੜਕੀਆਂ ਦਾ ਫਾਈਨਲ ਐੱਲ ਪੀ ਐੱਸ ਜਿੱਤਿਆ

**ਮੋਹਾਲੀ (ਗੁਰਜੀਤ ਬਿੱਲਾ)** ਮੋਹਾਲੀ ਵਿਖੇ ਸ਼ੁਰੂ ਹੋਏ ਖੇਡਾਂ ਵਤਨ ਪੰਜਾਬ ਦੀਆਂ, ਸਾਲ ਤੀਜਾ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਸੈਂਕੜੇ ਖਿਡਾਰੀਆਂ ਨੇ ਹਿੱਸਾ ਲਿਆ, ਜ਼ਿਲ੍ਹਾ ਪੱਧਰੀ ਮੁਕਾਬਲੇ 25 ਸਤੰਬਰ ਤੱਕ ਚੱਲਣਗੇ।ਜ਼ਿਲ੍ਹਾ ਖੇਡ ਅਫਸਰ ਰੁਪੇਸ਼ ਕੁਮਾਰ ਬੇਗੜਾ ਨੇ ਖੇਡ ਮੁਕਾਬਲਿਆ 'ਚ ਪਹੁੰਚ ਕੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਜ਼ਿਲ੍ਹਾ ਪੱਧਰੀ (ਦੂਜਾ ਦਿਨ) ਐਥਲੈਟਿਕਸ ਅੰਡਰ 17 ਲੜਕੇ 100 ਮੀਟਰ 'ਚ ਜਸਕਰਨ ਸਿੰਘ ਨੇ ਪਹਿਲਾ ਸਥਾਨ, ਰੋਹਿਤ ਨੇ ਦੂਜਾ ਸਥਾਨ ਅਤੇ ਆਰਵ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 800 ਮੀਟਰ 'ਚ ਮਹਿਤਾਬ ਸਿੰਘ ਪਹਿਲਾ ਸਥਾਨ, ਰਣਵਿਜੈ ਸਿੰਘ ਨੇ ਦੂਜਾ ਸਥਾਨ ਅਤੇ ਸਾਹਿਬ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਲੰਮੀ ਛਾਲ 'ਚ ਸੁਮਿਤ ਨੇ ਪਹਿਲਾ ਸਥਾਨ, ਗੁਰਮਨਜੀਤ ਸਿੰਘ ਨੇ ਦੂਜਾ ਸਥਾਨ ਅਤੇ ਸੌਰਵ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਐਥਲੈਟਿਕਸ ਅੰਡਰ 17 ਲੜਕੀਆਂ 100 ਮੀਟਰ 'ਚ ਅਦਿਤੀ ਨੇ ਪਹਿਲਾ ਸਥਾਨ, ਵਿਪਨੀਤ ਕੌਰ ਨੇ ਦੂਜਾ ਸਥਾਨ ਅਤੇ ਏਂਜਲ ਸੇਠੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।800 ਮੀਟਰ 'ਚ ਸ਼ਰੁਤੀ ਸੂਦ ਨੇ ਪਹਿਲਾ ਸਥਾਨ, ਗੁਰਸ਼ਰਨ ਕੌਰ ਨੇ ਦੂਜਾ ਸਥਾਨ ਅਤੇ ਖ਼ੁਸ਼ਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਵੇਟ ਲਿਫਟਿੰਗ ਅੰਡਰ-17 (45 ਕਿਲੋ) ਲੜਕੀਆਂ ਗੁਰਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਹਿਜ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

## ਖ਼ੂਨਦਾਨ ਕੈਂਪ ਲਗਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀਯ ਜਨਤਾ ਪਾਰਟੀ ਦੇ ਸੂਬਾ ਉੱਪ ਪ੍ਰਧਾਨ ਡਾਕਟਰ ਸੁਭਾਸ਼ ਸ਼ਰਮਾ ਨੇ, ਬਲੱਡ ਬੈਂਕ ਨਵਾਂਸ਼ਹਿਰ ਵਿਖੇ ਖ਼ੂਨਦਾਨ ਕੈਂਪ ਵਿੱਚ ਸ਼ਿਰਕਤ ਕੀਤੀ। ਉਹਨਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਵਾਲ਼ੇ ਦਿਨ 17 ਸਤੰਬਰ ਤੋਂ ਲੈ ਕੇ 2 ਅਕਤੂਬਰ ਤੱਕ, ਲੋਕ ਭਲਾਈ ਦੀਆਂ ਸਹੂਲਤਾਂ ਨੂੰ ਜਨ ਜਨ ਤੱਕ ਪਹੁੰਚਣ ਲਈ, ਭਾਰਤੀਯ ਜਨਤਾ ਪਾਰਟੀ ਦੇ ਅਹੁਦੇਦਾਰ-ਕਾਰਜਕਾਰੀ ਮੈਂਬਰਾਂ ਵਲੋਂ, ਪੰਦਰਵਾੜਾ ਨਾਂਅ ਨਾਲ਼ ਕਾਰਜਸ਼ੈਲੀ ਚਲਾਈ ਜਾ ਰਹੀ ਹੈ, ਜਿਸ ਨਾਲ਼ ਸਮਾਜ ਨੂੰ ਵੱਖ ਵੱਖ ਭਲਾਈ ਕਾਰਜ਼ਾ ਨਾਲ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਸਹਿ ਹਲਕਾ ਇੰਚਾਰਜ ਐਡਵੋਕੇਟ ਵਿਸ਼ਾਲ ਸ਼ਰਮਾਂ ਅਤੇ ਐਡਵੋਕੇਟ ਦਿਨੇਸ਼ ਭਾਰਦਵਾਜ ਨੇ ਦੱਸਿਆ ਕਿ ਬਲੱਡ ਕੈਂਪ 'ਚ 53 ਵਿਆਕਤੀਆਂ ਵੱਲੋਂ ਖ਼ੂਨਦਾਨ ਕੀਤਾ ਗਿਆ। ਡਾਕਟਰ ਸੁਭਾਸ਼ ਸ਼ਰਮਾਂ ਵਲੋਂ ਖ਼ੂਨਦਾਨ ਕੈਂਪ ਦੇ ਪ੍ਰਬੰਧਕਾਂ ਅਤੇ ਡੋਨਰਾ ਨੂੰ ਸਨਮਾਨਿਤ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਅੱਜ ਦੇ ਇਸ ਕੈਂਪ ਵਿੱਚ ਸੂਬਾ ਉੱਪ ਪ੍ਰਧਾਨ ਡਾਕਟਰ ਸੁਭਾਸ਼ ਸ਼ਰਮਾ, ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਸਹਿ ਹਲਕਾ ਇੰਚਾਰਜ ਐਡਵੋਕੇਟ ਵਿਸ਼ਾਲ ਸ਼ਰਮਾ, ਡੀ ਐੱਸ ਪੀ ਰਾਜ ਕੁਮਾਰ (ਸਬ ਡਵੀਜ਼ਨ), ਤਰਲੋਚਨ ਸਿੰਘ (ਲਾਇਨ ਕਲੱਬ), ਪ੍ਰਦੀਪ ਸ਼ਾਰਧਾ (ਬ੍ਰਾਹਮਣ ਸਭਾ), ਅੰਕੁਸ਼ ਨਿਜ਼ਵਾਨ (ਐੱਸ ਕੇ ਟੀ ਪਲਾਂਟੇਸ਼ਨ ਟੀਮ), ਐੱਸ ਐੱਚ ਓ ਮੁਹਿੰਦਰ ਸਿੰਘ, ਰਾਜ ਕੁਮਾਰ ਸੱਭਰਵਾਲ (ਭਗਵਾਨ ਵਾਲਮਿਕ ਸਮਾਜ ਸੰਸਥਾ), ਪੁਨੀਤ ਪ੍ਰਭਾਕਰ (ਡਾਇਰੈਕਟਰ ਏਮਸ ਇੰਟਰਨੈਸ਼ਨਲ ਅਕੈਡਮੀ), ਰੋਹਿਤ ਜੈਨ (ਰੋਟਰੀ ਕਲੱਬ) ਤੇ ਹੋਰ ਮੌਜੂਦ ਸਨ।

## ਕੰਗ ਜਗੀਰ ਵਿਖੇ ਮੁਫਤ ਮੈਡੀਕਲ ਕੈਂਪ ਲਗਾਇਆ



**ਅੱਪਰਾ (ਨਿਰਮਲ ਗੁੜਾ)**-ਜਿਲ੍ਹਾ ਜਲੰਧਰ ਤੇ ਹਲਕਾ ਫਿਲੌਰ ਦੇ ਕਸਬਾ ਅੱਪਰਾ ਤੋਂ ਲੋਹਗੜ ਰੋਡ 'ਤੇ ਰਾਧਾ ਸੁਆਮੀ ਸਤਿਸੰਗ ਘਰ ਦੇ ਨੇੜੇ ਨਵੇਂ ਬਣੇ ਧੰਨ ਗੁਰੂ ਨਾਨਕ ਦੇਵ ਜੀ ਚੈਰੀਟੇਬਲ ਹਸਪਤਾਲ ਦੇ ਟਰੱਸਟ ਅਤੇ ਸਟਾਫ ਵਲੋਂ ਮਾਨਵਤਾ ਦੀ ਸੇਵਾ ਕਰਦਿਆਂ ਇਲਾਕੇ ਦੇ ਹਰ ਪਿੰਡ ਅਤੇ ਹਰ ਘਰ ਤੱਕ ਇਲਾਜ ਪਹੁਚਾਉਣ ਦਾ ਬੀੜਾ ਚੁੱਕਿਆ ਗਿਆ ਹੈ। ਇਸ ਸੰਸਥਾ ਵਲੋਂ ਸਰਪ੍ਰਸਤ ਗੁਰਦਾਵਰ ਸਿੰਘ ਯੂ ਕੇ ਦੀ ਦੇਖ ਰੇਖ ਹੇਠ ਗੁਰਦੁਆਰਾ ਭਾਈ ਬਾਲਾ ਸਹਿਬ ਪਿੰਡ ਕੰਗ ਜਗੀਰ ਵਿਖੇ ਪਹਿਲਾ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਇਲਾਕੇ ਭਰ ਦੀ ਸੰਗਤ ਨੇ ਅਪਣਾ ਮੈਡੀਕਲ ਚੈੱਕਅੱਪ ਕਵਾਇਆ, ਲੋੜ ਅਨੁਸਾਰ ਦਵਾਈਆਂ ਮੁੱਫਤ ਦਿਤੀਆਂ ਗਈਆਂ। ਇਸ ਮੌਕੇ ਗੁਰਦੁਆਰਾ ਭਾਈ ਬਾਲਾ ਸਹਿਬ ਪਿੰਡ ਕੰਗ ਜਗੀਰ ਦੇ ਪ੍ਰਬੰਧਕ ਅਤੇ ਇਲਾਕੇ ਦੀ ਸੰਗਤ ਨੇ ਧੰਨ ਗੁਰੂ ਨਾਨਕ ਦੇਵ ਜੀ ਚੈਰੀਟੇਬਲ ਹਸਪਤਾਲ ਦੇ ਟਰੱਸਟ ਅਤੇ ਸਟਾਫ ਦਾ ਇਸ ਨੇਕ ਕਾਰਜ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਦਾਣਾ ਮੰਡੀ ਅਲਾਵਲਪੁਰ ਵਿਖੇ ਝੋਨੇ ਦੀ ਆਮਦ ਸ਼ੁਰੂ, ਸਰਕਾਰੀ ਪ੍ਰਬੰਧ ਰੱਬ ਆਸਰੇ



**ਅਲਾਵਲਪੁਰ, (ਮਦਨ ਬੰਗੜ)**- ਮਾਰਕੀਟ ਕਮੇਟੀ ਆਦਮਪੁਰ ਦੇ ਅਧੀਨ ਆਉਂਦੀ ਦਾਨਾ ਮੰਡੀ ਅਲਾਵਲਪੁਰ ਵਿਖੇ ਝੋਨੇ ਦੀ ਆਮਦ ਸ਼ੁਰੂ ਹੋ ਚੁੱਕੀ ਹੈ ਬਾਵਜੂਦ ਇਸ ਦੇ ਹਾਲੇ ਤੱਕ ਅਲਾਵਲਪੁਰ ਅਤੇ ਸਿਕੰਦਰਪੁਰ ਦਾਨਾ ਮੰਡੀਆਂ ਵਿੱਚ ਸਾਫ ਸਫਾਈ ਅਤੇ ਹੋਰ ਪ੍ਰਬੰਧ ਰੱਬ ਆਸਰੇ ਪਏ ਹੋਏ ਹਨ।ਜਾਣਕਾਰੀ ਅਨੁਸਾਰ ਕਸਬਾ ਅਲਾਵਲਪੁਰ ਦੀ ਦਾਨਾ ਮੰਡੀ ਵਿੱਚ ਝੋਨੇ ਦੀ ਆਮਦ ਸ਼ੁਰੂ ਹੋਈ ਜਿੱਥੇ ਇੱਕ ਕਿਸਾਨ ਵੱਲੋਂ ਆਪਣੇ ਖੇਤ ਵਿੱਚੋਂ ਸੁੱਕੇ ਹੋਏ ਝੋਨੇ ਦੀਆਂ ਤਿੰਨ ਟਰਾਲੀਆਂ ਮੰਡੀ ਵਿੱਚ ਲਿਆਂਦੀਆਂ ਤੇ ਉਹਨਾਂ ਦੀ ਸਾਫ ਸਫਾਈ ਮਜ਼ਦੂਰਾਂ ਕੋਲੋਂ ਕਰਵਾਈ ਗਈ ਜਦਕਿ ਦਾਨਾ ਮੰਡੀ ਅਲਾਵਲਪੁਰ ਵਿੱਚ ਹਾਲੇ ਤੱਕ ਸਾਫ ਸਫਾਈ ਦਾ ਕੰਮ ਵੀ ਰੱਬ ਆਸਰੇ ਹੀ ਪਿਆ ਹੋਇਆ ਹੈ।ਜਥੇਦਾਰ ਹਰਨਾਮ ਸਿੰਘ ਅਲਾਵਲਪੁਰ ਆੜਤੀ ਐਸੋਸੀਏਸ਼ਨ ਜ਼ਿਲਾ ਪ੍ਰਧਾਨ ਦੀ ਆੜਤ, ਦੀ ਦੁਆਬਾ ਟਰੇਡਿੰਗ ਦੇ ਫੜ ਉੱਪਰ ਵੀ ਲਗਭਗ 200 ਕੁਇੰਟਲ ਝੋਨੇ ਦੀ ਆਮਦ ਵੇਖੀ ਗਈ।ਇਸ ਮੌਕੇ ਜਥੇਦਾਰ ਹਰਨਾਮ ਸਿੰਘ ਅਲਾਵਲਪੁਰ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਲਦ ਤੋਂ ਜਲਦ ਮੰਡੀਆਂ ਵਿੱਚ ਝੋਨੇ ਦੀ ਖਰੀਦ ਸ਼ੁਰੂ ਕੀਤੀ ਜਾਵੇ।ਉਹਨਾਂ ਆਖਿਆ ਕਿ 25 ਸਤੰਬਰ ਤੱਕ ਮੰਡੀਆਂ ਵਿੱਚ ਝੋਨੇ ਦੀ ਖਰੀਦ ਸੰਬੰਧੀ ਸਾਰੇ ਪ੍ਰਬੰਧ ਪੂਰੇ ਕਰਕੇ ਝੋਨੇ ਦੀ ਖਰੀਦ ਜਲਦ ਤੋਂ ਜਲਦ ਕੀਤੀ ਜਾਵੇ।ਉਹਨਾਂ ਆਖਿਆ ਕਿ ਪੰਜਾਬ ਅਤੇ ਸੈਂਟਰ ਸਰਕਾਰ ਆੜਤੀਆਂ ਅਤੇ ਮਜ਼ਦੂਰਾਂ ਦੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਆੜਤੀਆਂ ਦੀ ਕਮਿਸ਼ਨ ਵਧਾਉਣ ਦੀ ਥਾਂ ਤੇ ਉਹਨਾਂ ਦੀ ਕਮਿਸ਼ਨ ਵਿੱਚ ਕਟੌਤੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਸ ਸਬੰਧੀ ਉਹ ਉੱਚ ਪੱਧਰ ਤੋਂ ਮੰਗ ਉਠਾ ਚੁੱਕੇ ਹਨ ਕਿ ਆੜਤੀਆਂ ਦੀ ਕਮਿਸ਼ਨ ਅਤੇ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ ਵਾਧਾ ਕੀਤਾ ਜਾਵੇ।ਉਹਨਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਜਲਦ ਤੋਂ ਜਲਦ ਝੋਨੇ ਦੀ ਖਰੀਦ ਸ਼ੁਰੂ ਕਰੇ ਤਾਂ ਜੋ ਕਿਸਾਨਾਂ ਵੱਲੋਂ ਸਮੇਂ ਸਿਰ ਝੋਨੇ ਦੀ ਫਸਲ ਨੂੰ ਮੰਡੀਆਂ ਤੱਕ ਪੁੱਜਦਾ ਕੀਤਾ ਜਾ ਸਕੇ।

# ਸ਼ਹੀਦ ਲਖਬੀਰ ਕੁਮਾਰ ਨੂੰ ਸ਼ਰਧਾਂਜਲੀਆਂ



**ਜਲੰਧਰ (ਸ਼ੈਲੀ ਐਲਬਰਟ)**-ਸ਼ਹੀਦ ਲਖਬੀਰ ਕੁਮਾਰ, ਜੋ ਕਿ 1999 ਵਿਚ ਅੱਤਵਾਦੀਆਂ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ, ਦੀ ਸ਼ਹਾਦਤ ਦੀ 26ਵੀਂ ਬਰਸੀ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਾਡੋਵਾਲੀ ਰੋਡ, ਜਿਸ ਦਾ ਹੁਣ ਨਾਂ ਬਦਲ ਕੇ ਸਕੂਲ ਆਫ ਐਮੀਨੈਂਸ ਰੱਖਿਆ ਗਿਆ ਹੈ, ਵਿਚ ਬਣੇ ਸਮਾਰਕ 'ਤੇ ਭਾਰਤ-ਤਿੱਬਤ ਸੀਮਾ ਪੁਲਸ ਬਲ (ਆਈ. ਟੀ. ਬੀ. ਪੀ) ਦੀ ਟੀਮ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸ਼ਹੀਦ ਦੀ ਪਤਨੀ ਆਸ਼ਾ ਰਾਣੀ, ਜੋ ਕਿ ਡੀ.ਸੀ ਦਫਤਰ ਹੁਸ਼ਿਆਰਪੁਰ ਵਿਚ ਬਤੌਰ ਸੁਪਰਡੈਂਟ ਗ੍ਰੇਡ-1 ਦੀਆਂ ਸੇਵਾਵਾਂ ਨਿਭਾਅ ਰਹੀ ਹੈ, ਵੱਲੋਂ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਸਕੂਲ ਦੇ ਪ੍ਰਿੰਸੀਪਲ, ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਵੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਨੂੰ ਯਾਦ ਕੀਤਾ ਗਿਆ।

# 38ਵਾਂ ਸਵੈ ਇੱਛੁਕ ਖ਼ੂਨਦਾਨ ਕੈਂਪ ਲਗਾਇਆ



**ਅਲਾਵਲਪੁਰ (ਮਦਨ ਬੰਗੜ)**- ਬੀਤੇ ਦਿਨੀਂ ਸੇਵਾਦਾਰ ਭਾਈ ਸੁਖਜੀਤ ਸਿੰਘ ਅਤੇ ਵੀਡੀਓ ਡਾਇਰੈਕਟਰ ਬਾਈ ਸੁੱਖੀ ਦਾਊਦਪੁਰੀਆ ਵੱਲੋਂ ਸਿਵਲ ਹਸਪਤਾਲ ਜਲੰਧਰ ਬਲੱਡ ਬੈਂਕ ਦੀ ਸਮੁੱਚੀ ਟੀਮ ਦੇ ਸਹਿਯੋਗ ਨਾਲ ਥੈਲਾਸੀਮੀਆ ਦੀ ਨਾ- ਮੁਰਾਦ ਬਿਮਾਰੀ ਨਾਲ ਜੂਝ ਰਹੇ ਬੱਚਿਆਂ ਦੀ ਚੰਗੀ ਸਿਹਤਯਾਬੀ ਲਈ, ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 38ਵਾਂ ਸਵੈਂ ਇੱਛੁਕ ਖ਼ੂਨਦਾਨ ਕੈਂਪ ਲਗਾਇਆ।ਸੇਠੀ ਯੂ ਕੇ ਅਤੇ ਸ਼ੁੱਭ ਯੂ ਕੇ ਦੇ ਸਹਿਯੋਗ ਨਾਲ ਲਗਾਏ ਕੈਂਪ ਦਾ ਸ਼ੁਭ ਆਰੰਭ ਮੈਡਮ ਪਰਮਿੰਦਰ ਕੌਰ ਪ੍ਰਧਾਨ ਐਨ ਆਰ ਆਈ ਸਭਾ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ।ਜਿਸ ਵਿੱਚ ਸਭ ਤੋਂ ਪਹਿਲਾਂ ਬਲੱਡ ਡੋਨੇਟ ਸੁੱਖੀ ਦਾਊਦਪੁਰੀਆ ਅਤੇ ਸੇਵਾਦਾਰ ਭਾਈ ਸੁਖਜੀਤ ਸਿੰਘ ਵੱਲੋਂ ਖ਼ੂਨਦਾਨ ਕਰਕੇ ਕੈਂਪ ਦੀ ਸ਼ੁਰੂਆਤ ਕੀਤੀ ।ਇਸ ਮੌਕੇ ਬਲੱਡ ਕੈਂਪ ਚ ਮੁੱਖ ਮਹਿਮਾਨ ਵਜੋਂ ਸਰਪੰਚ ਕੁਲਵਿੰਦਰ ਬਾਘਾ ਪਿੰਡ ਬੁਲੇਨਾ, ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਪਿੰਡ ਡਰੋਲੀ ਕਲਾਂ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਮਿਨਹਾਸ, ਉਘੇ ਸਮਾਜ ਸੇਵੀ ਐਡਵੋਕੇਟ ਯੁਵਰਾਜ ਸਿੰਘ, ਐਡਵੋਕੇਟ ਸਾਹਿਲ, ਪੰਕਜ ਕੁਮਾਰ, ਪ੍ਰੀਤ ਅਲਮੀਨੀਅਮ ਧੀਰੋਵਾਲ, ਸਰਦਾਰ ਜਸਵੀਰ ਸਿੰਘ ਸਾਬੀ ਪਧਿਆਣਾ, ਗੈਰੀ ਕੋਟਲੀ, ਇਸ ਬਲੱਡ ਕੈਂਪ ਨੂੰ ਵਿਸ਼ੇਸ਼ ਕਰਕੇ ਸਫਲ ਬਣਾਉਣ ਵਿੱਚ ਭੈਣ ਮਨਜੀਤ ਕੌਰ ਮਹਿਤਾ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ।ਖ਼ੂਨਦਾਨ ਕੈਂਪ ਦੌਰਾਨ ਸੇਵਾਦਾਰ ਭਾਈ ਸੁਖਜੀਤ ਸਿੰਘ, ਵੀਡੀਓ ਡਾਇਰੈਕਟਰ ਬਾਈ ਸੁੱਖੀ ਦਾਊਦਪੁਰੀਆ ਅਤੇ ਉਨ੍ਹਾਂ ਦੇ ਸਮੂਹ ਪਰਵਾਰ ਨੇ ਸਾਰੇ ਖ਼ੂਨਦਾਨੀਆਂ, ਬਲੱਡ ਬੈਂਕ ਦੀ ਸਮੁੱਚੀ ਟੀਮ, ਪ੍ਰਸ਼ਾਸਨ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਬਾਬਾ ਸ੍ਰੀ ਚੰਦ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਬੰਗਾ (ਅਵਤਾਰ ਕਲੇਰ)** ਡੇਰਾ 108 ਸੰਤ ਬਾਬਾ ਹੰਸ ਰਾਜ ਜੀ, ਸ਼੍ਰੀ ਗੁਰੂ ਰਵਿਦਾਸ ਤੀਰਥ ਅਸਥਾਨ ਸੱਚਖੰਡ ਪੰਡਵਾ ਵਿਖੇ ਬਾਬਾ ਸ਼੍ਰੀ ਚੰਦ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਮਾਗਮ ਗੱਦੀ ਨਸ਼ੀਨ ਸੰਤ ਮਹਿੰਦਰ ਪਾਲ ਚੇਅਰਮੈਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਸੰਤ ਜਸਵਿੰਦਰ ਪਾਲ ਪੰਡਵਾ, ਢਾਡੀ ਜੱਥਾ ਗੁਰਦੀਪ ਸਿੰਘ ਉੜਾਪੜ ਨੇ ਬਾਬਾ ਸ਼੍ਰੀ ਚੰਦ ਜੀ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਭੀਮ ਆਰਮੀ ਆਗੂ ਮਨਜੀਤ ਸਿੰਘ ਨੌਟੀਵਾਲ, ਐਡਵੋਕੇਟ ਕਰਮ ਸਿੰਘ ਹਰਿਆਣਾ ਵਿਸ਼ੇਸ਼ ਤੌਰ ਤੇ ਪਹੁੰਚੇ।ਪਹੁੰਚੇ ਹੋਏ ਰਾਜਨੀਤਿਕ ਆਗੂਆਂ, ਸੰਤ ਮਹਾਂਪੁਰਸ਼ਾਂ ਨੂੰ ਡੇਰੇ ਵਲੋਂ ਸਿਰਪਾਓ ਨਾਲ ਸਨਮਾਨਿਤ ਕੀਤਾ।ਇਸ ਮੌਕੇ ਸੰਤ ਬੀਬੀ ਬਿਮਲਾ ਰਾਣੀ, ਸੰਤ ਜਸਵਿੰਦਰ ਪਾਲ, ਸੰਤ ਮੋਹਣ ਪਾਲ, ਸੰਤ ਰਾਜੇਸ਼ ਗਿਰ, ਸੰਤ ਟਹਿਲ ਨਾਥ ਨੰਗਲ ਖੇੜਾ,ਬਾਲ ਕ੍ਰਿਸ਼ਨ ਮਾਸਟਰ ਗੁਰਨਾਮ ਚੰਦ, ਪ੍ਰਗਟ ਸਿੰਘ, ਬਲਵੀਰ ਸਿੰਘ, ਸਰਬਜੀਤ ਕੁਮਾਰ, ਭੁਪਿੰਦਰ ਕੁਮਾਰ ਆਦਿ ਹਾਜ਼ਰ ਸਨ।

# ਪ੍ਰਭ ਆਸਰਾ ਵਿਖੇ ਦਾਖਲ 2 ਔਰਤਾਂ ਦੀ ਹਾਲਤ ਗੰਭੀਰ

**ਕੁਰਾਲੀ (ਮੋਹਨ ਅੱਗਰਵਾਲ)** ਕੁਰਾਲ਼ੀ ਸ਼ਹਿਰ ਦੀ ਹੱਦ ਵਿੱਚ ਲਾਵਾਰਿਸ ਲੋਕਾਂ ਦੀ ਸੇਵਾ-ਸੰਭਾਲ਼ ਕਰ ਰਹੀ ਸੰਸਥਾ ਪ੍ਰਭ ਆਸਰਾ ਵਿਖੇ ਦਾਖਲ ਔਰਤਾਂ ਰੂਪਾ ਮੀਨਾ ਅਤੇ ਮਨਜੀਤ ਕੌਰ ਦੀ ਹਾਲਤ ਗੰਭੀਰ ਬਣੀ ਹੋਈ ਹੈ।ਜੋ ਹੁਣ ਸੰਸਥਾ ਦੇ ਹਸਪਤਾਲ ਵਿੱਚ ਮਾਹਿਰ ਡਾਕਟਰਾਂ ਦੀ ਦੇਖ-ਰੇਖ ਹੇਠ ਜੇਰੇ ਇਲਾਜ ਹਨ।ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਰੂਪਾ ਮੀਨਾ (69 ਸਾਲ) ਨੂੰ ਲੁਧਿਆਨਾ ਦੀ ਸੰਸਥਾ ਮਿਸ਼ਨਰੀ ਆਫ ਚੈਰਿਟੀ ਵੱਲੋਂ ਇਲਾਜ ਅਤੇ ਸੰਭਾਲ ਲਈ ਪ੍ਰਭ ਆਸਰਾ ਸੰਸਥਾ ਵਿਖੇ ਦਾਖਲ ਕਰਵਾਇਆ ਗਿਆ ਸੀ।ਹੁਣ ਇਹ ਪਿਛਲੇ ਕੁੱਝ ਸਮੇਂ ਤੋਂ ਕਾਫ਼ੀ ਬਿਮਾਰ ਹੈ।ਇਸੇ ਤਰ੍ਹਾਂ ਮਨਜੀਤ ਕੌਰ (56 ਸਾਲ) ਜੋ ਕਿ ਪਤੀ ਦੀ ਮੌਤ ਤੋਂ ਬਾਅਦ ਡਿਪਰੈਸ਼ਨ ਵਿੱਚ ਚਲੇ ਗਏ ਸਨ। ਕੁਝ ਸਮਾਜ ਦਰਦੀ ਸੱਜਣਾਂ ਵੱਲੋਂ ਇਹਨਾਂ ਨੂੰ ਸਾਂਭ ਸੰਭਾਲ ਲਈ ਪ੍ਰਭ ਆਸਰਾ ਸੰਸਥਾ ਵਿਖੇ ਦਾਖਲ ਕਰਵਾ ਗਿਆ ਸੀ।ਹੁਣ ਲੰਮੇ ਸਮੇਂ ਤੋਂ ਉਹ ਬਿਮਾਰ ਚੱਲ ਰਹੇ ਹਨ।ਡਾਕਟਰਾਂ ਵੱਲੋਂ ਪੂਰੀ ਤਨਦੇਹੀ ਦੇ ਨਾਲ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਇਹਨਾਂ ਨੂੰ ਪਛਾਨਣ ਵਾਲ਼ੇ ਸੱਜਣਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਇਹਨਾਂ ਨੂੰ ਕੋਈ ਮਿਲਣਾ ਚਾਹੁੰਦੇ ਹੋਣ ਤਾਂ ਪ੍ਰਭ ਆਸਰਾ ਵਿਖੇ ਸੰਪਰਕ ਕਰ ਸਕਦੇ ਹਨ।

# ਸਰਬੱਤ ਦਾ ਭਲਾ ਦੀ ਟੀਮ ਨੇ 'ਅਰਦਾਸ' ਫਿਲਮ ਦਿਖਾਈ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਨ੍ਹਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸੰਸਥਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਅਤੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਟਾਫ ਨੂੰ ਪੰਜਾਬੀ ਫਿਲਮ ਅਰਦਾਸ ਸਰਬੱਤ ਦੇ ਭਲੇ ਦੀ ਟੀਮ ਵੱਲੋਂ ਮਾਹਿਲਪੁਰ ਦੇ ਏ ਜੀ ਸਟਾਰ ਸਿਨੇਮੇ ਵਿੱਚ ਫਿਲਮ ਦਿਖਾਈ ਗਈ। ਇਹ ਪੰਜਾਬੀ ਫਿਲਮ ਸਾਡੇ ਸਾਰਿਆਂ ਦੀ ਕਹਾਣੀ ਹੈ। ਉਹ ਚਾਹੇ ਨੌਜਵਾਨ ਹੋਵੇ ਬੱਚਾ ਹੋਵੇ ਜਾਂ ਬਜ਼ੁਰਗ ਹੋਵੇ । ਫਿਲਮ ਸਾਡੀ ਜ਼ਿੰਦਗੀ ਦੇ ਕਈ ਪਹਿਲੂਆਂ ਨੂੰ ਛੂੰਹਦੀ ਹੈ ।ਪਿਉ ਧੀ ਦਾ ਪਿਆਰ, ਪੁੱਤ ਪਿਉ ਦਾ ਪਿਆਰ, ਆਪਣੇ ਪਰਵਾਰ ਨੂੰ ਸਮਾਂ ਦੇਣ ਬਾਰੇ, ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨ ਬਾਰੇ, ਪੈਸੇ ਦੇ ਹੰਕਾਰ ਤੋਂ ਬਚਣ ਬਾਰੇ, ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਬਾਰੇ, ਧੀ ਪੁੱਤ ਨੂੰ ਇੱਕ ਸਮਾਨ ਦੇਖਣ ਬਾਰੇ, ਇਸਤਰੀ ਦੀ ਇੱਜ਼ਤ ਕਰਨ ਬਾਰੇ, ਦਸਤਾਰ ਬਾਰੇ, ਸ਼ਰਾਬ ਪੀ ਕੇ ਗੱਡੀ ਚਲਾਉਣ ਤੇ ਨੁਕਸਾਨ ਬਾਰੇ, ਆਪਣੀ ਧੀ ਦੀ ਵਿਦੇਸ਼ ਭੇਜਣ ਦੇ ਚੱਕਰ 'ਚ ਬਲੀ ਨਾ ਦੇਣ ਬਾਰੇ ਅਤੇ ਹਮੇਸ਼ਾ ਸਰਬੱਤ ਦੇ ਭਲੇ ਦੀ ਅਰਦਾਸ ਬਾਰੇ ਬਾਖੂਬੀ ਦਿਖਾਇਆ ਗਿਆ। ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਬੀਬੀ ਹਰਦੀਪ ਕੌਰ, ਡਾ.ਤਰਸੇਮ ਸਿੰਘ, ਸੰਦੀਪ ਕੌਰ, ਬਲਜੀਤ ਕੌਰ, ਲਵਪ੍ਰੀਤ ਕੌਰ, ਸਿਮਰਨ ਕੌਰ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਸੰਸਥਾ ਮੈਂਬਰ ਲੰਬੜਦਾਰ ਪਰਮਜੀਤ ਸਿੰਘ ਜਲਵੇਹੜਾ, ਬਲਜੀਤ ਸਿੰਘ ਬਿੱਲਾ ਅਜਨੋਹਾ, ਗੁਰਪਾਲ ਸਿੰਘ ਨਡਾਲੋਂ, ਵਰਿੰਦਰ ਸਿੰਘ ਬਿੰਦਰ ਪੰਜੋੜਾ ਆਦਿ ਹਾਜ਼ਰ ਸਨ।

# ਮੁਲਾਜ਼ਮ 2 ਅਕਤੂਬਰ ਨੂੰ ਕਰਨਗੇ ਅੰਬਾਲਾ ਕੂਚ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੀ ਵਰਚੁਅਲ ਮੀਟਿੰਗ ਸਾਂਝਾ ਫਰੰਟ ਦੇ ਕਨਵੀਨਰ ਸਵਿੰਦਰਪਾਲ ਸਿੰਘ ਮੋਲੋਵਾਲੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੇ ਫੈਸਲੇ ਪ੍ਰੈਸ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਦੇ ਆਗੂਆਂ ਸਤੀਸ਼ ਰਾਣਾ, ਜਰਮਨਜੀਤ ਸਿੰਘ, ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਗਗਨਦੀਪ ਸਿੰਘ ਭੁੱਲਰ, ਸੁਖਦੇਵ ਸਿੰਘ ਸੈਣੀ, ਬਾਜ ਸਿੰਘ ਖਹਿਰਾ, ਕਰਮ ਸਿੰਘ ਧਨੋਆ, ਸੁਰਿੰਦਰ ਰਾਮ ਕੁੱਸਾ , ਸੁਰਿੰਦਰ ਕੁਮਾਰ ਪੁਆਰੀ, ਬੀ.ਐਸ.ਸੈਣੀ, ਜਸਵੀਰ ਤਲਵਾੜਾ, ਰਾਧੇ ਸ਼ਾਮ, ਪ੍ਰੇਮ ਚਾਵਲਾ, ਬੋਬਿੰਦਰ ਸਿੰਘ, ਦਿਗਵਿਜੇ ਪਾਲ ਸ਼ਰਮਾ ਅਤੇ ਕਰਮਜੀਤ ਸਿੰਘ ਬੀਹਲਾ ਨੇ ਆਖਿਆ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਸਾਂਝਾ ਫਰੰਟ ਨਾਲ ਬਾਰ ਬਾਰ ਮੀਟਿੰਗਾਂ ਮੁਲਤਵੀ ਕਰਨ ਅਤੇ ਹਰਿਆਣਾ ਦੇ ਲੋਕਾਂ ਨੂੰ ਵਿਧਾਨ ਸਭਾ ਚੋਣਾਂ ਸਮੇਂ ਚੋਣ ਪ੍ਰਚਾਰ ਦੌਰਾਨ ਝੂਠੇ ਸਬਜਵਾਗ ਦਿਖਾਉਣ ਦੇ ਖਿਲਾਫ 2 ਅਕਤੂਬਰ ਨੂੰ ਅੰਬਾਲਾ ਵਿਖੇ ਬਾਜ਼ਾਰਾਂ ਅੰਦਰ ਝੰਡਾ ਮਾਰਚ ਕੀਤਾ ਜਾਵੇਗਾ। ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਉਕਤ ਆਗੂਆਂ ਵੱਲੋਂ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 02 ਅਕਤੂਬਰ ਨੂੰ ਵੱਡੀ ਗਿਣਤੀ ਵਿੱਚ ਅੰਬਾਲਾ ਪਹੁੰਚਣ ਦੀ ਅਪੀਲ ਕੀਤੀ।

# ਪੰਜ ਦਿਨਾ ਪੀ ਐੱਨ ਬੀ ਮੈਟਲਾਈਫ ਟੂਰਨਾਮੈਂਟ ਸੰਪੰਨ

**ਜਲੰਧਰ (ਇਕਬਾਲ ਸਿੰਘ ਉੱਭੀ)** ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਵਿਖੇ ਪੀ ਐਨ ਬੀ ਮੈਟਲਾਈਫ ਪੰਜਾਬ ਓਪਨ ਬੈਡਮਿੰਟਨ ਚੈਂਪੀਅਨਸ਼ਿਪ ਸ਼ਾਨਦਾਰ ਤਰੀਕੇ ਨਾਲ ਸਮਾਪਤ ਹੋਈ, ਜਿਸ ਵਿੱਚ ਪੰਜਾਬ ਅਤੇ ਹੋਰ ਰਾਜਾਂ ਦੇ 750 ਤੋਂ ਵੱਧ ਖਿਡਾਰੀਆਂ ਨੇ 10 ਈਵੈਂਟਾਂ ਵਿੱਚ ਹਿੱਸਾ ਲਿਆ।ਇਸ ਈਵੈਂਟ ਵਿੱਚ ਲੜਕੇ ਅਤੇ ਲੜਕੀਆਂ ਦੋਵਾਂ ਲਈ ਅੰਡਰ 9 ਤੋਂ ਅੰਡਰ 17 ਤੱਕ ਦੀਆਂ ਸ਼੍ਰੇਣੀਆਂ ਸਨ।

ਇਹ ਚੈਂਪੀਅਨਸ਼ਿਪ 30 ਲੱਖ ਰੁਪਏ ਦੇ ਕੁੱਲ ਇਨਾਮੀ ਪੂਲ ਦੇ ਨਾਲ ਦੇਸ਼ ਭਰ ਵਿੱਚ ਆਯੋਜਿਤ 10 ਵਿੱਚੋਂ ਇੱਕ ਹੈ।ਰਿਤਿਨ ਖੰਨਾ ਨੇ ਆਸ ਪ੍ਰਗਟਾਈ ਕਿ ਚੋਟੀ ਦੇ ਖਿਡਾਰੀ ਅੰਤਰਰਾਸ਼ਟਰੀ ਪੱਧਰ 'ਤੇ ਸੂਬੇ ਅਤੇ ਦੇਸ਼ ਦੀ ਨੁਮਾਇੰਦਗੀ ਕਰਨਗੇ।ਇਸ ਸਮਾਰੋਹ ਵਿੱਚ ਗਜੇਂਦਰ ਕੁਮਾਰ ਨੇਗੀ, ਦੀਪਕ ਕੁਮਾਰ ਬਾਂਕਾ, ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਮਨਵਿੰਦਰ ਸਿੰਘ ਅਤੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਰਿਤਿਨ ਖੰਨਾ ਸਮੇਤ ਪਤਵੰਤੇ ਸੱਜਣ ਸ਼ਾਮਲ ਹੋਏ ਅਤੇ ਜੇਤੂਆਂ ਨੂੰ ਇਨਾਮ ਵੰਡੇ।ਇਸ ਮੌਕੇ ਮਨਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੱਚਿਆਂ ਦੀ ਮਿਹਨਤ ਸਦਕਾ ਹੀ ਉਨ੍ਹਾਂ ਨੇ ਇਹ ਮੈਡਲ ਜਿੱਤੇ ਹਨ।

## ਰੋਟਰੀ ਕਲੱਬ ਵੱਲੋਂ ਅਧਿਆਪਕਾਂ ਦਾ ਸਨਮਾਨ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਰੋਟਰੀ ਕਲੱਬ ਨਵਾਂਸ਼ਹਿਰ ਟੀਚਰ ਡੇ ਮਨਾਇਆ ਗਿਆ, ਜਿਸ ਵਿੱਚ ਪ੍ਰਧਾਨ ਰੋਹਿਤ ਜੈਨ, ਸਿੰਮੀ ਜੈਨ, ਸਾਬਕਾ ਪ੍ਰਧਾਨ ਐਡਵੋਕੇਟ ਧੀਰਜ ਸਹਿਜਪਾਲ ਏ ਪਲੱਸ ਰਾਜਨ ਅਰੋੜਾ, ਰੀਆ ਅਰੋੜਾ ਸੈਕਟਰੀ, ਸਿਲਵੀਆ ਸੰਧੂ ਸੈਕਟਰੀ, ਡਾ. ਦਪਿੰਦਰ ਸੰਧੂ, ਡਾ. ਪੁਰੀ, ਡਾ. ਪਵਨ, ਬੀ ਜੇ ਪੀ ਹਲਕਾ ਇੰਚਾਰਜ ਐਡਵੋਕੇਟ ਵਿਸ਼ਾਲ ਸ਼ਰਮਾ, ਪੂਨਮ ਮਾਲਿਕ ਮੱਖਣ ਚੌਹਾਨ, ਮੈਨੇਜਮੈਂਟ ਕਮੇਟੀ ਨੇ ਰਿਤੂ ਸਰੀਨ, ਗੌਰਮਿੰਟ ਹਾਈ ਸਕੂਲ ਅਲਾਚੌਰ ਕਲਪਨਾ ਵੀਕਾ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ, ਪੂਜਾ ਸ਼ਰਮਾਂ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ, ਜਗਦੀਸ਼ ਰਾਏ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ, ਗੁਰਪ੍ਰੀਤ ਕੌਰ, ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ, ਬੰਦਨਾ ਮਰਵਾਹੀ, ਡਾ. ਆਸਾਨੰਦ ਆਰੀਆ ਮਾਡਲ ਸਕੂਲ, ਰੀਟਾ ਰਾਣੀ ਜੇ ਐਸ ਐਫ ਐਚ ਖਾਲਸਾ ਹਾਈ ਸਕੂਲ ਨਵਾਂਸ਼ਹਿਰ, ਜਤਿੰਦਰ ਕੁਮਾਰ, ਰੁਪਿੰਦਰ ਕੌਰ, ਕੰਪਿਊਟਰ ਰਾਹੋਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਰੋਟਰੀ ਕਲੱਬ ਪ੍ਰਧਾਨ ਰੋਹਿਤ ਜੈਨ ਏ ਪਲੱਸ ਰਾਜਨ ਅਰੋੜਾ ਨੇ ਕਿਹਾ ਕਿ ਅਧਿਆਪਕ ਤੋਂ ਬਿਨਾਂ ਵਿਦਿਆਰਥੀ ਦੀ ਜ਼ਿੰਦਗੀ ਵਿੱਚ ਹਨੇਰਾ ਹੈ।ਇਸ ਲਈ ਸਾਨੂੰ ਅਗਿਆਨਤਾ ਛੱਡ ਕੇ ਗਿਆਨ ਦੇ ਸੂਰਜ ਨੂੰ ਅਪਣਾਉਣਾ ਚਾਹੀਦਾ ਹੈ।

## ਐੱਸ ਡੀ ਕਾਲਜ 'ਚ ਸਵੱਛਤਾ ਹੀ ਸੇਵਾ ਸੰਬੰਧੀ ਐੱਨ ਐੱਸ ਐੱਸ ਕੈਂਪ



**ਸੁਲਤਾਨਪੁਰ ਲੋਧੀ (ਹਨੀ)** ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਦੇ ਐਨ ਐਸ ਐਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿੱਚ ਇਕ ਰੋਜ਼ਾ ਐਨ ਐਸ ਐਸ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਮੁੱਖ ਮਨੋਰਥ ਸਵੱਛ ਭਾਰਤ ਅਭਿਆਨ ਦਾ ਮੰਤਵ ਵਿਦਿਆਰਥਣਾਂ ਤੱਕ ਪਹੁੰਚਾਉਣਾ ਸੀ। ਸਵੱਛ ਭਾਰਤ ਅਭਿਆਨ ਦੇ ਤਹਿਤ ਸਫਾਈ ਦੀ ਮਹੱਤਤਾ ਦਰਸਾਉਂਦਾ ਇਹ ਕੈਂਪ ਬਹੁਤ ਕਾਮਯਾਬ ਰਿਹਾ। ਵਿਦਿਆਰਥਣਾਂ ਵੱਲੋਂ ਕਾਲਜ ਦੀ ਚਾਰ ਦੀਵਾਰੀ, ਕਮਰੇ, ਵਰਾਂਡੇ, ਲੈਬ ਅਤੇ ਆਫਿਸ ਆਦਿ ਸਥਾਨਾਂ ਦੀ ਸਫਾਈ ਕੀਤੀ ਗਈ।ਪ੍ਰਿੰਸੀਪਲ ਡਾ. ਸ਼ੁਕਲਾ ਨੇ ਵਿਦਿਆਰਥਣਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕੋਈ ਵੀ ਚੀਜ਼ ਖਾ ਕੇ ਉਸਦਾ ਲਿਫਾਫਾ ਕੂੜੇਦਾਨ ਵਿੱਚ ਸੁੱਟਣਾ ਹੈ ਅਤੇ ਕਾਲਜ ਦੀ ਸਾਫ ਸਫਾਈ ਦਾ ਹਮੇਸ਼ਾ ਧਿਆਨ ਰੱਖਣਾ ਹੈ।ਉਨ੍ਹਾਂ ਕਿਹਾ ਕਿ ਘਰਾਂ ਤੇ ਆਪਣੇ ਆਲੇ ਦੁਆਲੇ ਨੂੰ ਵੀ ਹਮੇਸ਼ਾ ਸਾਫ ਰੱਖਣਾ ਹੈ।ਇਸ ਦੌਰਾਨ ਵਿਦਿਆਰਥਣਾਂ ਵੱਲੋਂ ਵੀ ਕਾਲਜ ਕੈਂਪਸ, ਘਰਾਂ ਅਤੇ ਆਲੇ ਦੁਆਲੇ ਸਾਫ ਸਫਾਈ ਰੱਖਣ ਪ੍ਰਣ ਲਿਆ ਗਿਆ। ਸਵੱਛ ਭਾਰਤ ਅਭਿਆਨ ਦੇ ਤਹਿਤ ਆਪਣੇ ਘਰ, ਕਾਲਜ, ਇਲਾਕੇ ਤੇ ਸਮੁੱਚੇ ਦੇਸ਼ ਨੂੰ ਸਾਫ ਰੱਖਣ ਦਾ ਪ੍ਰਣ ਕਰਦੇ ਹੋਏ, ਇਹ ਕੈਂਪ ਵਿਦਿਆਰਥਣਾਂ ਅੰਦਰ ਸਫਾਈ ਦੀ ਮਹੱਤਤਾ ਦੀ ਭਾਵਨਾ ਪੈਦਾ ਕਰਨ ਵਿੱਚ ਕਾਮਯਾਬ ਰਿਹਾ।

# ਪੰਜਾਬੀ ਸ਼ਾਇਰ 'ਆਜ਼ਾਦ' ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ

**ਫਗਵਾੜਾ (ਡਾ. ਰਮਨ)** 99ਵਿਆਂ ਨੂੰ ਢੁੱਕੇ ਕ੍ਰਾਂਤੀਕਾਰੀ ਬਜ਼ੁਰਗ ਪੰਜਾਬੀ ਸ਼ਾਇਰ ਪ੍ਰੀਤਮ ਸਿੰਘ ਆਜ਼ਾਦ ਨੂੰ ਉਹਨਾ ਦੀ ਲੋਕ ਪੱਖੀ ਸ਼ਾਇਰੀ ਅਤੇ ਨਵੇਂ ਸਮਾਜ ਦੀ ਸਿਰਜਣਾ ਲਈ ਕੀਤੇ ਗਏ ਨਿਰੰਤਰ ਅਤੇ ਅਣਥੱਕ ਉਪਰਾਲਿਆਂ ਲਈ ਜੀਵਨ ਭਰ ਦੀਆਂ ਪ੍ਰਾਪਤੀਆਂ ਦਾ ਸਨਮਾਨ ਦਿੱਤਾ ਗਿਆ। ਇਹ ਸਨਮਾਨ ਅੱਜ ਉਹਨਾ ਦੇ ਗ੍ਰਹਿ ਕਪੂਰਥਲਾ ਵਿਖੇ ਪੰਜਾਬੀ ਵਿਰਸਾ ਟਰਸੱਟ (ਰਜਿ:) ਫਗਵਾੜਾ ਜਿਸ ਦੀ ਅਗਵਾਈ ਲੇਖਕ ਅਤੇ ਸੀਨੀਅਰ ਪੱਤਰਕਾਰ ਪ੍ਰੋ: ਜਸਵੰਤ ਸਿੰਘ ਗੰਡਮ ਕਰਦੇ ਹਨ, ਵਲੋਂ ਪ੍ਰਦਾਨ ਕੀਤਾ ਗਿਆ। ਟਰੱਸਟ ਦੇ ਜਨਰਲ ਸਕੱਤਰ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ ਇਸ ਸਨਮਾਨ ਵਿੱਚ ਇੱਕ ਮੋਮੈਂਟੋ, ਲੋਈ, ਸਨਮਾਨ ਪੱਤਰ ਅਤੇ 5000 ਰੁਪਏ ਦੀ ਨਕਦ ਰਾਸ਼ੀ ਸ਼ਾਮਲ ਹੈ। ਸਨਮਾਨ ਪੱਤਰ ਵਿੱਚ 'ਆਜ਼ਾਦ' ਨੂੰ 'ਲੋਕ ਸ਼ਾਇਰ' ਅਤੇ 'ਫਾਈਟਰ ਰਾਈਟਰ' ਕਹਿ ਕੇ ਸਲਾਹਿਆ ਗਿਆ। ਪ੍ਰੀਤਮ ਸਿੰਘ ਆਜ਼ਾਦ ਦੇ ਕਾਵਿ-ਸੰਗ੍ਰਹਿ "ਸੂਰਮਿਆਂ ਦੀ ਗਾਥਾ" ਦੂਜਾ ਐਡੀਸ਼ਨ ਪਿੱਛੇ ਜਿਹੇ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਸਨਮੁੱਖ ਹੋਇਆ ਹੈ। 104 ਸਫ਼ਿਆਂ ਦੇ ਇਸ ਕਾਵਿ-ਸੰਗ੍ਰਹਿ ਵਿੱਚ 39 ਕਵਿਤਾਵਾਂ ਹਨ। ਪੰਜਾਬੀ ਵਿਰਸਾ ਟਰੱਸਟ ਦੇ ਲੇਖਕਾਂ ਦੇ ਗਰੁੱਪ ਨਾਲ ਆਪਣੀ ਲਿਖਣ ਅਤੇ ਸੰਘਰਸ਼ ਕਰਨ ਦੀ ਲੰਮੀ ਯਾਤਰਾ ਨੂੰ ਸਾਂਝਾ ਕਰਦਿਆਂ ਪ੍ਰੀਤਮ ਸਿੰਘ ਆਜ਼ਾਦ ਨੇ ਕਿਹਾ ਕਿ ਲੇਖਕ ਨੂੰ ਲੋਕਾਂ ਲਈ ਲਿਖਣਾ ਚਾਹੀਦਾ ਹੈ, ਹਾਕਮਾਂ ਦੇ ਹੱਕ ਵਿੱਚ ਨਹੀਂ। ਉਹੀ ਲੇਖਣੀ ਸਦੀਵੀ ਹੁੰਦੀ ਹੈ, ਜੋ ਲੋਕਾਂ ਲਈ ਲਿਖੀ ਜਾਵੇ ਨਾ ਕਿ ਲੁਟੇਰਿਆਂ ਲਈ। ਉਹਨਾ ਦੱਸਿਆ ਕਿ ਉਹਨਾ ਦੇ ਕਾਵਿ ਸੰਗ੍ਰਹਿ ਵਿੱਚ ਸ਼ਾਮਲ "ਵੀਅਤਨਾਮ ਦੀ ਵਾਰ" ਪ੍ਰਸਿੱਧ ਪੰਜਾਬੀ ਲਿਖਾਰੀ ਅਤੇ ਆਲੋਚਕ ਪ੍ਰਿੰ: ਸੰਤ ਸਿੰਘ ਸੇਖੋਂ ਵਲੋਂ ਬਹੁਤ ਸਲਾਹੀ ਗਈ ਸੀ। ਸਰਕਾਰੀ ਅਧਿਆਪਕ ਵਜੋਂ ਪੰਜਾਬ ਦੀ ਅਧਿਆਪਕ ਯੂਨੀਅਨ ਅਤੇ ਖੱਬੇ ਪੱਖੀ ਲਹਿਰ ਨਾਲ ਲਗਾਤਾਰ ਜੁੜੇ ਰਹੇ ਪ੍ਰੀਤਮ ਸਿੰਘ ਆਜ਼ਾਦ ਨੂੰ ਅਨੇਕਾਂ ਵਾਰ ਜੇਲ੍ਹ ਵੀ ਜਾਣਾ ਪਿਆ। ਉਹਨਾ ਨੇ ਦਾਅਵਾ ਕੀਤਾ ਕਿ ਲੋਕਾਂ ਲਈ ਅਤੇ ਜਾਬਰਾਂ ਵਿਰੁੱਧ ਲਿਖ ਕੇ ਉਹਨਾ ਨੂੰ ਨਸ਼ਾ ਮਿਲਦਾ ਹੈ। ਉਹਨਾ ਦੱਸਿਆ ਕਿ ਸੀਮਤ ਸਾਧਨ ਹੋਣ ਕਾਰਨ ਆਪਣੀ ਗੱਲ ਸਧਾਰਨ ਅਤੇ ਲਿਤਾੜੀ ਜਾਂਦੀ ਲੋਕਾਈ ਕੋਲ ਪਹੁੰਚਾਉਣ ਲਈ ਉਹਨਾ ਨੇ ਪੋਸਟਰਾਂ ਉਪਰ ਆਪਣੀਆਂ ਕਵਿਤਾਵਾਂ ਛਪਵਾ ਕੇ ਸੈਂਕੜੇ ਪੋਸਟਰ ਜਨਤਕ ਸਮਾਗਮਾਂ 'ਚ ਆਪ ਲੋਕਾਂ ਨੂੰ ਮੁਫ਼ਤ ਵੰਡੇ ਅਤੇ ਇਸ ਕਾਰਜ ਵਿੱਚ ਉਹਨਾ ਦੇ ਸਾਥੀਆਂ ਤੇ ਪ੍ਰਸੰਸਕਾਂ ਨੇ ਉਹਨਾ ਦਾ ਪੂਰਾ ਸਾਥ ਦਿੱਤਾ। ਇਸ ਮੌਕੇ ਪੰਜਾਬੀ ਵਿਰਸਾ ਟਰੱਸਟ ਦੇ ਪ੍ਰਧਾਨ ਪ੍ਰੋ: ਜਸਵੰਤ ਸਿੰਘ ਗੰਡਮ, ਕਾਲਮਨਵੀਸ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਪੰਜਾਬੀ ਲੇਖਕ ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ ਅਤੇ ਕਾਮਰੇਡ ਜੈਪਾਲ ਸਿੰਘ ਹਾਜ਼ਰ ਸਨ। ਇਸ ਮੌਕੇ ਉਹਨਾ ਦੇ ਸਪੁੱਤਰ ਰਾਜਪਾਲ ਸਿੰਘ ਅਤੇ ਨੂੰਹ ਬਿਮਲਜੀਤ ਕੌਰ ਵੀ ਮੌਜੂਦ ਸਨ।

# ਅੰਦੋਲਨਕਾਰੀ ਕੰਪਿਊਟਰ ਅਧਿਆਪਕਾਂ ਦੇ ਹੱਕ 'ਚ ਜੀ ਟੀ ਯੂ ਨੇ ਸਿੱਖਿਆ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਇਕਾਈ ਵਲੋਂ ਅੰਦੋਲਨਕਾਰੀ ਕੰਪਿਊਟਰ ਅਧਿਆਪਕਾਂ ਦੇ ਹੱਕ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸ. ਸ.) ਲਲਿਤਾ ਅਰੋੜਾ ਅਤੇ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸ.) ਸੁੱਖਵਿੰਦਰ ਸਿੰਘ ਰਾਹੀਂ ਮੰਗ-ਪੱਤਰ ਸਿੱਖਿਆ ਮੰਤਰੀ ਪੰਜਾਬ ਨੂੰ ਭੇਜਿਆ ਗਿਆ। ਇਸ ਮੌਕੇ ਵਫ਼ਦ ਦੀ ਅਗਵਾਈ ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਕੰਪਿਊਟਰ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਵਿੰਦਰ ਸਿੰਘ ਨੇ ਕੀਤੀ। ਭੇਜੇ ਗਏ ਮੰਗ-ਪੱਤਰ ਵਿੱਚ ਦਰਜ ਮੰਗਾਂ ਸੰਬੰਧੀ ਵੇਰਵਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਸਾਂਝਾ ਕੀਤਾ।

ਇਸ ਮੌਕੇ ਮੰਗ ਕੀਤੀ ਗਈ ਕਿ ਅੰਦੋਲਨਕਾਰੀ ਕੰਪਿਊਟਰ ਅਧਿਆਪਕਾਂ ਨੂੰ ਪੂਰੇ ਸਕੇਲਾਂ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ ਤੇ ਕੰਪਿਊਟਰ ਅਧਿਆਪਕਾਂ ਤੇ ਛੇਵਾਂ ਪੇ-ਕਮਿਸ਼ਨ ਲਾਗੂ ਕੀਤਾ ਜਾਵੇ, 2364 ਤੇ 5994 ਦੀ ਭਰਤੀ ਨੂੰ ਤਰੁੰਤ ਸਕੂਲਾਂ ਵਿੱਚ ਭੇਜਿਆ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, 6635 ਤੇ ਹੋਰ ਹੋਰ ਵੱਖ ਵੱਖ ਕੈਟਾਗਰੀਆਂ ਨੂੰ ਵਿਸ਼ੇਸ਼ ਮੌਕਾ ਦਿੱਤਾ ਜਾਵੇ ਤੇ ਅਧਿਆਪਕਾਂ ਦੀਆ ਰਹਿੰਦੀਆਂ ਬਦਲੀਆਂ ਦਾ ਅਗਲਾ ਗੇੜ ਸ਼ੁਰੂ ਕੀਤਾ ਜਾਵੇ ਤੇ ਪਹਿਲੇ ਰਾਊਂਡ ਵਿੱਚ ਮਿਸਮੈਚ ਕਾਰਨ ਬਦਲੀ ਤੋਂ ਵਾਂਝੇ ਰਹਿ ਗਏ ਅਧਿਆਪਕਾਂ ਨੂੰ ਵਿਸ਼ੇਸ਼ ਮੌਕਾ ਦਿੱਤਾ ਜਾਵੇ ਤੇ ਬਦਲੀਆਂ ਵਿੱਚ ਪਾਰਦਰਸ਼ਤਾ ਰੱਖੀ ਜਾਵੇ, ਪ੍ਰਾਇਮਰੀ ਤੋਂ ਮਾਸਟਰ ਕੇਡਰ ਸਮੇਤ ਹਰ ਕੇਡਰ ਦੀਆ ਪ੍ਰਮੋਸ਼ਨਾਂ ਕੀਤੀਆ ਜਾਣ, ਕੇਂਦਰੀ ਸਕੇਲ ਰੱਦ ਕਰਕੇ ਪੰਜਾਬ ਦੇ ਸਾਕੇਲ ਲਾਗੂ ਕੀਤੇ ਜਾਣ। ਉਨ੍ਹਾ ਕਿਹਾ ਕਿ ਐਨ ਐਸ ਕਿਊ ਐੱਫ਼ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਦੇ ਅਧੀਨ ਲਿਆ ਕਿ ਰੈਗੂਲਰ ਕੀਤਾ ਜਾਵੇ ਅਤੇ ਰੈਗੂਲਰ ਹੋਣ ਤੱਕ ਹਰਿਆਣਾ ਪੈਟਰਨ 'ਤੇ ਉਨ੍ਹਾਂ ਦੀਆ ਤਨਖ਼ਾਹਾਂ ਵਿਚ ਵਾਧਾ ਕੀਤਾ ਜਾਵੇ। ਇਸ ਮੌਕੇ ਕੰਪਿਊਟਰ ਅਧਿਆਪਕ ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਜਗਜੀਤ ਸਿੰਘ, ਨਰਿੰਦਰ ਪਾਲ ਸਿੰਘ, ਹਰਪ੍ਰੀਤ ਸਿੰਘ, ਰਾਜਨ ਕਾਲੀਆ, ਬਲਾਕ ਪ੍ਰਧਾਨ ਰਣਦੀਪ ਕੁਮਾਰ, ਰਾਜਵੀਰ ਸਿੰਘ, ਸਰਬਜੀਤ ਸਿੰਘ, ਲੈਕਚਰਾਰ ਉਪਿੰਦਰ ਸਿੰਘ, ਵਿਕਾਸ ਸ਼ਰਮਾ, ਹਰਿੰਦਰ ਸਿੰਘ, ਪ੍ਰਭਜੋਤ ਸਿੰਘ, ਅਤੇ ਸੁਨੀਲ ਗਾਂਧੀ ਹਾਜ਼ਰ ਸਨ।

# ਵਿਕਟੋਰੀਆ ਸਕੂਲ 'ਚ ਦੋ ਰੋਜ਼ਾ ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲੇ ਸੰਪੰਨ



**ਅੱਡਾ ਸਰਾਂ (ਕਾਜਲ )**-ਵਿਕਟੋਰੀਆ ਇੰਟਰਨੈਸ਼ਨਲ ਸਕੂਲ ਵਿਖੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ 'ਖੇਡਾਂ ਵਤਨ ਪੰਜਾਬ ਦੀਆਂ' ਦੇ ਜ਼ਿਲ੍ਹਾ ਪੱਧਰੀ ਸ਼ੂਟਿੰਗ ਮੁਕਾਬਲੇ ਅੱਜ ਸਫਲਤਾਪੂਰਵਕ ਸੰਪੰਨ ਹੋ ਗਏ। ਐੱਸ. ਡੀ. ਐੱਮ. ਪ੍ਰੀਤ ਇੰਦਰ ਸਿੰਘ ਬੈਂਸ ਅਤੇ ਜ਼ਿਲ੍ਹਾ ਖੇਡ ਅਫਸਰ ਗੁਰਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕਰਵਾਏ ਗਏ 10 ਮੀਟਰ ਰਾਈਫਲ ਅਤੇ ਪਿਸਟਲ ਸ਼ੂਟਿੰਗ ਮੁਕਾਬਲਿਆਂ ਵਿਚ ਜ਼ਿਲ੍ਹੇ ਭਰ ਤੋਂ 50 ਦੇ ਕਰੀਬ ਪ੍ਰਤੀਯੋਗੀਆਂ ਨੇ ਟਾਰਗੇਟ 'ਤੇ ਨਿਸ਼ਾਨੇ ਲਾਏ ।ਮੁਕਾਬਲਿਆਂ ਦੇ ਨਤੀਜੇ : 10 ਮੀਟਰ ਆਈ .ਐੱਸ. ਐੱਸ. ਐੱਫ. ਰਾਈਫਲ ਨਿਸ਼ਾਨੇ ਦੇ ਮੁਕਾਬਲੇ ਵਿਚ ਅੰਡਰ 17 ਵਰਗ ਵਿਚ ਵਾਰੀਅਰਜ਼ ਕਲੱਬ ਦਾ ਅਖਿਲ ਜੇਤੂ ਰਿਹਾ ।ਲੜਕੀਆਂ ਦੇ ਵਰਗ ਵਿਚ ਆਕਸ਼ੀ ਪਹਿਲੇ ਅਤੇ ਮਨਪ੍ਰੀਤ ਕੌਰ ਦਸੂਹਾ ਦੂਜੇ ਸਥਾਨ 'ਤੇ ਰਹੀ। ਅੰਡਰ 21 ਸਾਲ ਵਰਗ ਵਿਚ ਵਾਰੀਅਰਜ਼ ਕਲੱਬ ਦਾ ਸੌਰਵ ਠਾਕੁਰ ਪਹਿਲੇ ਅਤੇ ਸਿਲਵਰ ਓਕ ਸਕੂਲ ਟਾਂਡਾ ਦਾ ਕੇਸ਼ਵ ਪਾਸੀ ਦੂਜੇ ਸਥਾਨ 'ਤੇ ਰਿਹਾ ।ਲੜਕੀਆਂ ਦੇ ਵਰਗ ਵਿਚ ਮਨਜੋਤ ਕੌਰ ਪਹਿਲੇ, ਸ਼ਿਖਾ ਦੂਜੇ ਅਤੇ ਸਿਲਵਰ ਓਕ ਸਕੂਲ ਦੀ ਅਰਸ਼ਨੂਰ ਹੁੰਦਲ ਤੀਜੇ ਸਥਾਨ 'ਤੇ ਰਹੀ ।21 ਤੋਂ 30 ਸਾਲ ਵਰਗ ਵਿਚ ਨਿਸ਼ਾਨ ਸਿੰਘ ਪਹਿਲੇ, ਰਮਨ ਮਹਾਜਨ ਦੂਜੇ ਅਤੇ ਕੁਲਵਿੰਦਰ ਸਿੰਘ ਤੀਜੇ ਸਥਾਨ 'ਤੇ ਰਿਹਾ ।ਮਹਿਲਾ ਵਰਗ ਵਿਚ ਗੀਤਾ ਰਾਣੀ ਪਹਿਲੇ ਸਥਾਨ 'ਤੇ ਰਹੀ। 31 ਤੋਂ 40 ਸਾਲ ਵਰਗ ਵਿਚ ਨਿਸ਼ਾਨ ਸਿੰਘ ਜੇਤੂ ਰਿਹਾ। ਐਨ ਆਰ ਰਾਈਫਲ ਅੰਡਰ 14 ਵਰਗ ਵਿਚ ਪਹਿਲ ਹਰਚੰਦ ਪਹਿਲੇ, ਅਮਿਤ ਕੁਮਾਰ ਦੂਜੇ ਅਤੇ ਹਰਕੀਰਤ ਤੀਜੇ ਸਥਾਨ 'ਤੇ ਰਿਹਾ ।ਲੜਕੀਆਂ ਦੇ ਵਰਗ ਵਿਚ ਨਾਜ਼ ਪਹਿਲੇ, ਪਰਿਨਿਧਿ ਠਾਕੁਰ ਦੂਜੇ ਅਤੇ ਏਕਨੂਰ ਕੌਰ ਤੀਜੇ ਸਥਾਨ 'ਤੇ ਰਹੀ। ਅੰਡਰ 17 ਸਾਲ ਵਰਗ ਵਿਚ ਦੁਸ਼ਿਅੰਤ ਪਹਿਲੇ, ਪਾਰਸਦੀਪ ਦੂਜੇ ਅਤੇ ਵਿਰਨ ਪ੍ਰਤਾਪ ਸਿੰਘ ਤੀਜੇ ਸਥਾਨ 'ਤੇ ਰਿਹਾ। ਲੜਕੀਆਂ ਦੇ ਵਰਗ ਵਿਚ ਸੀਰਤ ਧਾਲੀਵਾਲ ਪਹਿਲੇ, ਤਰਨਪ੍ਰੀਤ ਕੌਰ ਦੂਜੇ ਅਤੇ ਸੁਖਮਨਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਅੰਡਰ 21 ਸਾਲ ਵਰਗ ਵਿਚ ਪ੍ਰਣਵ ਪਹਿਲੇ, ਸੁਮੀਤ ਕੁਮਾਰ ਦੂਜੇ ਅਤੇ ਰਿਸ਼ੀ ਸਲਾਰੀਆ ਤੀਜੇ ਸਥਾਨ 'ਤੇ ਰਿਹਾ । ਮਹਿਲਾ ਵਰਗ ਵਿਚ ਰੁਚਿਕਾ ਪਹਿਲੇ ਸਥਾਨ 'ਤੇ ਰਹੀ। ਪਿਸਟਲ ਨਿਸ਼ਾਨਾ ਮੁਕਾਬਲੇ ਵਿਚ ਅੰਡਰ 17 ਸਾਲ ਵਰਗ ਵਿਚ ਏ.ਐੱਸ.ਐੱਸ.ਦਸੂਹਾ ਦਾ ਦਿਸ਼ਾਂਤ ਠਾਕੁਰ ਪਹਿਲੇ ਅਤੇ ਕਰਮਵੀਰ ਸਿੰਘ ਦੂਜੇ ਸਥਾਨ 'ਤੇ ਰਿਹਾ। ਅੰਡਰ 21 ਸਾਲ ਵਿਚ ਮਨਿੰਦਰ ਸਿੰਘ ਪਹਿਲੇ ਅਤੇ ਹਰਵੀਰ ਸਿੰਘ ਢਿੱਲੋਂ ਦੂਜੇ ਸਥਾਨ।ਆਈ.ਐੱਸ.ਐੱਸ.ਐੱਫ. ਪਿਸਟਲ 31 ਤੋਂ 40 ਸਾਲ ਵਰਗ ਵਿਚ ਅਮਨਦੀਪ ਸਿੰਘ ਪਹਿਲੇ, ਸੌਰਵ ਕੁਮਾਰ ਦੂਜੇ ਅਤੇ ਸਚਿਨ ਤੀਜੇ ਸਥਾਨ 'ਤੇ ।41 ਤੋਂ 55 ਸਾਲ ਉਮਰ ਵਰਗ ਵਿਚ ਸਿਲਵਰ ਓਕ ਦਾ ਸੰਜੀਵ ਸ਼ਰਮਾ ਜੇਤੂ ਰਿਹਾ। ਜੇਤੂਆਂ ਨੂੰ ਪ੍ਰਿੰਸੀਪਲ ਪਟਿਆਲ ਨੇ ਡਾਇਰੈਕਟਰ ਪ੍ਰੋ.ਜੀ ਐੱਸ ਮੁਲਤਾਨੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਨਮਾਨਿਤ ਕੀਤਾ । ਇਸ ਮੌਕੇ ਕੋਆਰਡੀਨੇਟਰ ਮਨਦੀਪ ਸਿੰਘ, ਦਵਿੰਦਰ ਕੌਰ, ਗੁਰਪ੍ਰੀਤ ਸਿੰਘ, ਵਿਨੀਤਾ ਬਲੌਰੀਆ, ਸੁਜਾਤਾ ਛਾਬੜਾ ਅਤੇ ਸ਼ਿਵਾਨੀ ਮੌਜੂਦ ਸਨ ।

# ਐਮਰਜੈਂਸੀ ਸੇਵਾਵਾਂ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਸਿਵਲ ਸੁਸਾਇਟੀ ਤਲਵਾੜਾ ਵੱਲੋਂ ਪ੍ਰਦਰਸ਼ਨ

**ਤਲਵਾੜਾ, ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**-ਇੱਥੇ ਬੀ ਬੀ ਐਮ ਬੀ ਹਸਪਤਾਲ 'ਚ ਐਮਰਜੰਸੀ ਸੇਵਾਵਾਂ ਬੰਦ ਕਰਨ ਦੇ ਵਿਰੋਧ ਵਿਚ ਸਿਵਲ ਸੁਸਾਇਟੀ ਤਲਵਾੜਾ ਵੱਲੋਂ ਰੋਸ ਮੁਜ਼ਾਹਰਾ ਕੀਤਾ ਗਿਆ। ਸਥਾਨਕ ਸਬਜ਼ੀ ਮੰਡੀ ਚੌਕ ਵਿਖੇ ਸੰਬੋਧਨ ਕਰਦਿਆਂ ਬੋਧ ਰਾਜ ਸ਼ਹਿਰੀ ਪ੍ਰਧਾਨ ਕਾਂਗਰਸ ਪਾਰਟੀ, ਦੀਪਕ ਅਰੋੜਾ, ਮੁਨੀਸ਼ ਚੱਡਾ, ਅੰਕਿਤ ਰਾਣਾ, ਵਿਨੋਦ ਮਿੱਠੂ ਆਦਿ ਨੇ ਕਿਹਾ ਕਿ ਬੀ ਬੀ ਐਮ ਬੀ ਪ੍ਰਸ਼ਾਸਨ, ਕੇਂਦਰ ਅਤੇ ਰਾਜ ਸਰਕਾਰ ਦੀ ਜੰਮ ਕੇ ਆਲੋਚਨਾ ਕੀਤੀ। ਬੁਲਾਰਿਆਂ ਨੇ ਬਿਹਤਰ ਸਿਹਤ ਸੁਵਿਧਾਵਾਂ ਅਤੇ ਮਿਆਰੀ ਸਿੱਖਿਆ ਦੇਣ ਦੇ ਦਾਅਵੇ ਅਤੇ ਵਾਅਦੇ ਨਾਲ ਸੱਤਾ 'ਚ ਆਈ ਆਮ ਆਦਮੀ ਪਾਰਟੀ ਅਤੇ ਕੇਂਦਰ 'ਚ ਭਾਜਪਾ ਸਰਕਾਰ ਦੇ ਸ਼ਾਸਨ ਵਿਚ ਕੰਢੀ ਖ਼ੇਤਰ ਦੀਆਂ ਸਿਹਤ ਸਹੂਲਤਾਂ ਦੀ ਹਾਲਤ ਬਦ ਤੋਂ ਬਦਤਰ ਹੋਣ ਦੇ ਦੋਸ਼ ਲਗਾਏ। ਰਾਹੁਲ ਸ਼ਰਮਾ, ਅੰਕਿਤ ਕੇਸਰੀ, ਕੁਲਦੀਪ ਚਾਚਾ, ਅਮਨਦੀਪ ਹੈਪੀ, ਏਟਕ ਤੋਂ ਅਸ਼ੋਕ ਕੁਮਾਰ ਆਦਿ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ 100 ਬਿਸਤਰਿਆਂ ਵਾਲਾ ਬੀ ਬੀ ਐਮ ਬੀ ਹਸਪਤਾਲ ਖੰਡਰ ਬਣ ਰਿਹਾ ਹੈ, ਡਾਕਟਰਾਂ ਦੀਆਂ 15 ਮਨਜ਼ੂਰਸ਼ੁਦਾ ਅਸਾਮੀਆਂ ਦੀ ਜਗ੍ਹਾ 'ਤੇ 5 ਡਾਕਟਰ ਕੰਮ ਕਰ ਰਹੇ ਹਨ, ਜਿਨ੍ਹਾਂ ਵਿਚੋਂ ਦੋ ਛੁੱਟੀ 'ਤੇ ਹਨ। ਹਸਪਤਾਲ 'ਚ ਐਮਰਜੰਸੀ ਸੇਵਾਵਾਂ ਬੰਦ ਹੋਣ ਕਾਰਨ ਤਲਵਾੜਾ ਖ਼ੇਤਰ ਦੇ ਲੋਕ ਰਾਤ ਵਕਤ ਬੇਸਹਾਰਾ ਹੋ ਗਏ ਹਨ। ਬੁਲਾਰਿਆਂ ਨੇ ਹਸਪਤਾਲ ਦੀ ਬੰਦ ਕੀਤੀ ਐਮਰਜੰਸੀ ਸੇਵਾ ਤੁਰੰਤ ਬਹਾਲ ਅਤੇ ਡਾਕਟਰੀ ਅਮਲੇ ਸਮੇਤ ਹੋਰ ਸਟਾਫ਼ ਦੀ ਘਾਟ ਤੁਰੰਤ ਪੂਰੀ ਕਰਨ ਦੀ ਮੰਗ ਕੀਤੀ।

# ਮੂਨਕ ਖੁਰਦ 'ਚ ਸਲਾਨਾ ਗੁਰਮਤਿ ਸਮਾਗਮ ਆਰੰਭ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ, ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤ ਦਿਵਸ 450 ਸਾਲਾ ਸ਼ਤਾਬਦੀ ਪੁਰਬ ਨੂੰ ਸਮਰਪਤ ਤੇ ਸੱਚਖੰਡ ਵਾਸੀ ਸੰਤ ਬਾਬਾ ਭਗਤ ਸਿੰਘ ਜੀ ਦੀ ਯਾਦ ਨੂੰ ਸਮਰਪਤ ਸਲਾਨਾ ਸੰਤ ਸਮਾਗਮ ਦੀ ਆਰੰਭਤਾ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਹੋ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮੁੱਖ ਪ੍ਰਬੰਧਕ ਸੰਤ ਬਾਬਾ ਸਰੂਪ ਸਿੰਘ ਚੰਡੀਗੜ੍ਹ ਵਾਲੇ ਤੇ ਪ੍ਰਬੰਧਕ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਮਨੀ ਚੰਡੀਗੜ੍ਹ ਵਾਲਿਆਂ ਦੀ ਦੇਖ-ਰੇਖ ਹੇਠ ਦੇਸ਼ ਵਿਦੇਸ਼, ਇਲਾਕੇ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਆਸ਼ਰਮ ਸੰਤ ਬਾਬਾ ਭਗਤ ਸਿੰਘ ਵਿਖੇ ਆਰੰਭ ਹੋਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਤੇ 15 ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਗਏ। ਇਸ ਮੌਕੇ ਸੰਤ ਬਾਬਾ ਸਰੂਪ ਸਿੰਘ ਚੰਡੀਗੜ੍ਹ ਵਾਲਿਆਂ ਨੇ ਸਮੂਹ ਸੰਗਤ ਨੂੰ ਗੁਰਮਤਿ ਵਿਚਾਰਾਂ ਨਾਲ ਨਿਹਾਲ ਕੀਤਾ। ਇਸ ਮੌਕੇ ਸਾਬਕਾ ਸਰਪੰਚ ਹਰਬੰਸ ਸਿੰਘ ਮੂਨਕਾਂ, ਦਵਿੰਦਰ ਸਿੰਘ ਲਾਡੀ, ਭਾਈ ਸੁਰਿੰਦਰ ਸਿੰਘ ਖਾਲਸਾ, ਸਰਬਜੀਤ ਸਿੰਘ ਮੋਮੀ , ਸ਼ਿੰਗਾਰਾ ਸਿੰਘ ਹੋਰਨਾਂ ਪ੍ਰਬੰਧਕਾਂ ਨੇ ਦੱਸਿਆ ਕਿ ਅੱਜ ਤੋਂ ਆਰੰਭ ਹੋ ਰਹੇ ਸਮਾਗਮ ਦੀ ਸੰਪੂਰਨਤਾਈ 29 ਸਤੰਬਰ ਨੂੰ ਹੋਵੇਗੀ ਜਿਸ ਦੌਰਾਨ ਰੋਜ਼ਾਨਾ ਹੀ ਸ਼ਾਮ 7 ਤੋਂ 9 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ। ਪ੍ਰਬੰਧਕਾਂ ਨੇ ਹੋਰ ਦੱਸਿਆ ਕਿ ਸਮੁੱਚੇ ਸਮਾਗਮ ਵਿੱਚ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ ਮੌਜੂਦਾ ਮੁਖੀ ਦਲ ਬਾਬਾ ਬਿਧੀ ਚੰਦ ਜੀ, ਸੰਤ ਬਾਬਾ ਦਲਜੀਤ ਸਿੰਘ ਮੌਜੂਦਾ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ, ਸੰਤ ਬਾਬਾ ਤੇਜਾ ਸਿੰਘ ਡੇਰਾ ਗੁਰੂਸਰ ਖੁੱਡਾ ਵਾਲੇ, ਕਥਾਵਾਚਕ ਗਿਆਨੀ ਸੁਖਦੇਵ ਸਿੰਘ ਪਾਉਂਟਾ ਸਾਹਿਬ ਵਾਲੇ, ਭਾਈ ਗੁਰਦੇਵ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਸੰਤ ਬਾਬਾ ਮਹਿੰਦਰ ਸਿੰਘ ਝੜੀ ਸਾਹਿਬ ਵਾਲੇ, ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲੇ ਸੰਤ ਬਾਬਾ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਨਗੇ। ਉਹਨਾਂ ਹੋਰ ਦੱਸਿਆ ਕਿ ਸਮਾਗਮ ਦੌਰਾਨ ਅੰਮ੍ਰਿਤ ਸੰਚਾਰ ਮੁਫਤ ਮੈਡੀਕਲ ਚੈਕਅਪ ਕੈਂਪ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਵੀ ਕਰਵਾਏ ਜਾਣਗੇ। ਸਮਾਗਮ ਦੀ ਆਰੰਭਤਾ ਸਮੇਂ ਭਾਈ ਗੁਰਪ੍ਰੀਤ ਸਿੰਘ ਮਨੀ, ਨੰਦ ਸਿੰਘ, ਵਰਿੰਦਰ ਸਿੰਘ , ਮਨਜੀਤ ਸਿੰਘ, ਪ੍ਰਭ ਜੋਤ ਸਿੰਘ, ਭਾਈ ਕਮਲਜੀਤ ਸਿੰਘ ਖਾਲਸਾ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਬਾਬਾ ਚਰਨਜੀਤ ਸਿੰਘ ਲੱਕੀ, ਸਾਬਕਾ ਸਰਪੰਚ ਹਰਬੰਸ ਸਿੰਘ ਮੂਨਕਾਂ, ਸਾਬਕਾ ਸਰਪੰਚ ਸ਼ਾਮ ਸਿੰਘ ਮੂਨਕਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਖੁੱਡਾ ਤੋਂ ਹੇਮਕੁੰਟ ਸਾਹਿਬ ਦੇ ਦਰਸ਼ਨ ਦੀਦਾਰੇ ਵਾਸਤੇ ਸਲਾਨਾ ਯਾਤਰਾ ਰਵਾਨਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਬਲੇ ਤਪ ਅਸਥਾਨ ਗੁਰਦੁਆਰਾ ਸ੍ਰੀ ਹੇਮਕੁੰਟ ਜੀ ਦੇ ਦਰਸ਼ਨ ਦੀਦਾਰੇ ਕਰਨ ਵਾਸਤੇ ਖੁੱਡਾ ਤੋਂ ਸਲਾਨਾ ਯਾਤਰਾ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਖੁੱਡਾ ਤੋਂ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿੱਚ ਰਵਾਨਾ ਹੋਈ। ਸ੍ਰੀ ਹੇਮਕੁੰਟ ਸਾਹਿਬ ਯਾਤਰਾ ਜਥਾ ਵੱਲੋਂ ਮੁੱਖ ਸੇਵਾਦਾਰ ਭਾਈ ਜਸਪਾਲ ਸਿੰਘ ਜੱਸੀ ਦੀ ਅਗਵਾਈ ਵਿੱਚ ਰਵਾਨਾ ਹੋਈ ਵਾਲੀ ਯਾਤਰਾ ਨੂੰ ਡੇਰਾ ਗੁਰੂਸਰ ਖੁਡਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਤੇਜਾ ਸਿੰਘ ਕੌਮੀ ਪ੍ਰਧਾਨ ਨਿਰਮਲ ਮਹਾਂ ਮੰਡਲ ਗੁਰਦੁਆਰਾ ਸ੍ਰੀ ਸਿੰਘ ਸਭਾ ਖੁੱਡਾ ਤੋਂ ਅਰਦਾਸ ਬੇਨਤੀ ਕਰਨ ਉਪਰੰਤ ਸਵੇਰੇ 7 ਵਜੇ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਖੁੱਡਾ ਵਿਖੇ ਹੋਏ ਸਮਾਗਮ ਦੌਰਾਨ ਯਾਤਰਾ ਦੀ ਸਫਲਤਾ ਵਾਸਤੇ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਤੇ ਯਾਤਰਾ ਯਾਤਰਾ ਦੀ ਸਫਲਤਾ ਵਾਸਤੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਗਈ।

ਇਸ ਮੌਕੇ ਸੰਤ ਬਾਬਾ ਤੇਜਾ ਸਿੰਘ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਯਾਤਰਾ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਦੇ ਦਰਸ਼ਨ ਕੀਤੇ ਅਤੇ ਉਨਾਂ ਨੂੰ ਯਾਤਰਾ ਵਾਸਤੇ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮੁੱਖ ਸੇਵਾਦਾਰ ਭਾਈ ਜਸਪਾਲ ਸਿੰਘ ਜੱਸੀ ਖੁੱਡਾ ਨੇ ਦੱਸਿਆ ਕਿ ਇਹ ਯਾਤਰਾ ਵੱਖ-ਵੱਖ ਧਾਰਮਿਕ ਸਥਾਨਾਂ ਤੋਂ ਹੁੰਦੇ ਹੋਏ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਉਪਰ 29 ਸਤੰਬਰ ਨੂੰ ਵਾਪਸ ਪਰਤੇਗੀ। ਇਸ ਮੌਕੇ ਭਾਈ ਜਸਪਾਲ ਸਿੰਘ ਨੇ ਸੰਤ ਬਾਬਾ ਤੇਜਾ ਸਿੰਘ , ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਤੇ ਯਾਤਰਾ ਵਿੱਚ ਸਹਿਯੋਗ ਕਰਨ ਵਾਲੀਆਂ ਇਲਾਕੇ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਸੁਖਜੀਤ ਸਿੰਘ ਖੁੱਡਾ, ਚੌਧਰੀ ਰਾਜਵਿੰਦਰ ਸਿੰਘ ਰਾਜਾ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਆਮ ਆਦਮੀ ਪਾਰਟੀ, ਪ੍ਰਿਤਪਾਲ ਸਿੰਘ ਰੂਬੀ, ਜਸਪਾਲ ਸਿੰਘ ਕੋਟਲੀ, ਦਿਲਦਾਰ ਸਿੰਘ ਨੀਟਾ, ਮਨਵੀਰ ਸਿੰਘ, ਜਗਜੀਤ ਸਿੰਘ ਨਿਹੰਗ, ਮਨਵੀਰ ਸਹੋਤਾ, ਨੰਬਰਦਾਰ ਉਪਿੰਦਰ ਸਿੰਘ ਤੋਂ ਇਲਾਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ ਵੱਲੋਂ ਸੂਬਾਈ ਕਨਵੈਨਸ਼ਨ



**ਜਲੰਧਰ :** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਵਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਤਿੰਨ ਨਵੇਂ ਫੌਜਦਾਰੀ ਕਾਨੂੰਨਾਂ, ਚਾਰ ਕਿਰਤ ਕੋਡਜ਼, ਉਸਾਰੀ ਕਿਰਤੀਆਂ ਦੀਆਂ ਮੁਸ਼ਕਿਲਾਂ, ਠੇਕਾ ਮੁਲਾਜ਼ਮਾਂ ਅਤੇ ਸਕੀਮ ਵਰਕਰਾਂ ਦੀਆਂ ਉਭਰਵੀਆਂ ਮੰਗਾਂ ਸਬੰਧੀ ਸੂਬਾ ਪੱਧਰੀ ਕਨਵੈਨਸ਼ਨ ਕਰਕੇ ਮਜ਼ਦੂਰ ਵਰਗ ਨੂੰ ਤਿੱਖੇ ਸੰਘਰਸ਼ਾਂ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਵਕੀਲ ਦਲਜੀਤ ਸਿੰਘ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਸਤੀਵਾਦੀ ਕਾਨੂੰਨ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਨਾਂ ਹੇਠ ਦੇਸ਼ ਨੂੰ ਪੁਲਸ ਰਾਜ ਵਿਚ ਬਦਲਣ ਲਈ ਲਿਆਂਦੇ ਨਵੇਂ ਫ਼ੌਜਦਾਰੀ ਕਾਨੂੰਨ ਨੂੰ ਨਵੇਂ ਨਾਵਾਂ ਹੇਠ ਲਿਆਂਦਾ ਗਿਆ ਹੈ । ਹੱਕਾਂ ਦੇ ਪਹਿਰੇਦਾਰਾਂ ਦੀ ਜ਼ੁਬਾਨਬੰਦੀ ਕਰਕੇ ਅਤੇ ਕਾਲੇ ਕਾਨੂੰਨਾਂ ਥੋਪ ਕੇ ਨਾਗਰਿਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁੱਟਣ ਦੇ ਫਾਸ਼ੀਵਾਦੀ ਹਮਲੇ ਪਿੱਛੇ ਦੇਸ਼ ਦੇ ਕੀਮਤੀ ਮਾਲ-ਖ਼ਜ਼ਾਨਿਆਂ ਨੂੰ ਮੁਲਕ ਦੇ ਇਜਾਰੇਦਾਰ ਸਰਮਾਏਦਾਰਾਂ ਅਤੇ ਸਾਮਰਾਜੀਆਂ ਦੇ ਹਵਾਲੇ ਕਰ ਦੇਣ ਦੀ ਡੂੰਘੀ ਸਾਜ਼ਿਸ਼ ਨਜ਼ਰ ਆਉਂਦੀ ਹੈ। ਇਸ ਮੌਕੇ ਇਫਟੂ ਪੰਜਾਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਅਤੇ ਸੂਬਾ ਸਕੱਤਰ ਰਾਜ ਸਿੰਘ ਮਲੋਟ ਨੇ ਕਿਹਾ ਕਿ ਮੋਦੀ ਸਰਕਾਰ ਇਹ ਕਿਰਤ ਕੋਡਜ਼ ਦੇਸੀ ਬਦੇਸ਼ੀ ਕਾਰਪੋਰੇਟਾਂ ਦੇ ਹਿੱਤ ਸਾਧਣ ਲਈ ਅਤੇ ਭਾਰਤੀ ਮਜ਼ਦੂਰਾਂ ਦੀ ਮਿਹਨਤ ਸ਼ਕਤੀ ਲੁਟਾਉਣ ਲਈ ਲਿਆਂਦੇ ਗਏ ਹਨ। ਉਹਨਾਂ ਕਿਹਾ ਕਿ ਠੇਕਾ ਮੁਲਾਜ਼ਮਾਂ ਅਤੇ ਸਕੀਮ ਵਰਕਰਾਂ ਦੀ ਵੱਡੇ ਪੱਧਰ 'ਤੇ ਲੁੱਟ ਕੀਤੀ ਜਾ ਰਹੀ ਹੈ।ਜੋ ਵੀ ਦਿਹਾੜੀ ਜਾਂ ਮਿਹਨਤਾਨਾ ਉਹਨਾਂ ਨੂੰ ਮਿਲਦਾ ਹੈ ਉਸ ਨਾਲ ਅੱਜ ਦੇ ਮਹਿੰਗਾਈ ਦੇ ਯੁੱਗ ਵਿੱਚ ਗੁਜ਼ਾਰਾ ਕਰਨਾ ਅਤਿ ਕਠਿਨ ਹੈ।ਪੰਜਾਬ ਸਰਕਾਰ ਦਾ ਕਿਰਤ ਵਿਭਾਗ ਉਸਾਰੀ ਕਾਮਿਆਂ ਦੀਆਂ ਭਲਾਈ ਸਕੀਮਾਂ ਲਾਗੂ ਨਹੀਂ ਕਰ ਰਿਹਾ ਜਿਸ ਕਾਰਨ ਉਸਾਰੀ ਕਾਮੇ ਔਖਿਆਈਆਂ ਵਿਚੋਂ ਲੰਘ ਰਹੇ ਹਨ। ਕਨਵੈਨਸ਼ਨ ਨੂੰ ਅਵਤਾਰ ਸਿੰਘ ਤਾਰੀ, ਜੁਗਿੰਦਰ ਪਾਲ ਗੁਰਦਾਸਪੁਰ, ਜਸਬੀਰ ਦੀਪ ਆਗੂਆਂ ਨੇ ਵੀ ਸੰਬੋਧਨ ਕੀਤਾ।ਅੱਜ ਦੀ ਕਨਵੈਨਸ਼ਨ ਵਿੱਚ ਤਿੰਨ ਫੌਜਦਾਰੀ ਕਾਨੂੰਨ ਰੱਦ ਕਰਨ, ਚਾਰ ਕਿਰਤ ਕੋਡ ਵਾਪਸ ਲੈਣ, ਬਿਲਡਿੰਗ ਐਂਡ ਅਦਰਜ਼ ਕੰਸਟਰਕਸ਼ਨ ਵਰਕਰਾਂ ਦੀਆਂ ਭਲਾਈ ਸਕੀਮਾਂ ਲਾਗੂ ਕਰਨ, ਠੇਕਾ ਮੁਲਾਜ਼ਮ ਅਤੇ ਸਕੀਮ ਵਰਕਰਾਂ ਨੂੰ ਪੱਕੇ ਕਰਨ, ਕੰਮ ਵਾਲੇ ਸਥਾਨਾਂ ਉੱਤੇ ਕਿਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ, ਬੁੱਧੀਜੀਵੀ ਮਲਵਿੰਦਰ ਸਿੰਘ ਮਾਲੀ ਵਿਰੁੱਧ ਦਰਜ ਕੇਸ ਰੱਦ ਕਰਕੇ ਉਹਨਾਂ ਨੂੰ ਰਿਹਾਅ ਕਰਨ,ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿਚ ਕੀਤਾ ਵਾਧਾ ਅਤੇ ਬੱਸ ਕਿਰਾਏ ਵਿੱਚ ਕੀਤਾ ਵਾਧਾ ਵਾਪਸ ਲੈਣ, ਜਲੰਧਰ ਅਤੇ ਬਠਿੰਡਾ ਵਿਖੇ ਉਦਯੋਗਿਕ ਘਟਨਾਵਾਂ ਵਿੱਚ ਮਾਰੇ ਗਏ ਮਜ਼ਦੂਰਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦੇਣ, ਐਨ ਆਈ ਏ ਵਲੋਂ ਮਾਰੇ ਗਏ ਛਾਪਿਆਂ ਦੀ ਨਿੰਦਾ ਅਤੇ ਦੇਸ਼ ਦੀਆਂ ਜੇਹਲਾਂ ਵਿੱਚ ਗੈਰ ਕਾਨੂੰਨੀ ਢੰਗ ਨਾਲ ਬੰਦ ਕੀਤੇ ਬੁੱਧੀਜੀਵੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ।

## ਅੱਗ ਲੱਗਣ ਕਾਰਨ ਘਰ ਦਾ ਸਾਰਾ ਸਮਾਨ ਸੜ ਕੇ ਸੁਆਹ



**ਰਾਹੋਂ (ਕੁਲਵਿੰਦਰ ਸਿੰਘ)**-ਮੁਹੱਲਾ ਘਾਟੀ ਤੇਲੀਆਂ ਵਿਖੇ ਸਵੇਰੇ 9:30 ਵਜੇ ਅੱਗ ਲੱਗਣ ਕਾਰਨ ਘਰ ਦਾ ਪੂਰਾ ਸਮਾਨ ਸੜ ਕੇ ਸੁਆਹ ਹੋਣ ਦੀ ਸੂਚਨਾ ਮਿਲੀ ਹੈ। ਘਰ ਦੇ ਮਾਲਕ ਨਰਿੰਦਰ ਪਾਲ ਪੁੱਤਰ ਗੁਰਦਿਆਲ ਸਿੰਘ ਨੇ ਦੱਸਿਆ ਕਿ ਉਹ ਸਵੇਰੇ 9 ਵਜੇ ਖੇਤਾਂ ਵਿੱਚ ਪਸ਼ੂਆਂ ਦਾ ਚਾਰਾ ਲੈਣ ਲਈ ਗਿਆ ਹੋਇਆ ਸੀ ਤੇ ਘਰ ਦੇ ਬਾਕੀ ਮੈਂਬਰ ਸਵੇਰੇ 5 ਵਜੇ ਡੇਰਾ ਬਿਆਸ ਗਏ ਹੋਏ ਸਨ। ਸਾਰੇ ਘਰ ਨੂੰ ਤਾਲੇ ਲੱਗੇ ਹੋਏ ਸਨ। ਬਾਅਦ ਵਿੱਚ ਅੱਗ ਨੇ ਵਧਦੇ-ਵਧਦੇ ਵਿਸ਼ਾਲ ਰੂਪ ਲੈ ਲਿਆ। ਗੁਆਂਢੀਆਂ ਨੇ ਅੱਗ ਦੀਆਂ ਲਪਟਾਂ ਤੇ ਧੂੰਆਂ ਦੇਖ ਕੇ ਪਹਿਲਾਂ ਫਾਇਰ ਬ੍ਰਿਗੇਡ ਨੂੰ ਫੋਨ ਕੀਤਾ, ਫਿਰ ਸਾਰਿਆਂ ਨੇ ਇਕੱਠੇ ਹੋ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਫਾਇਰ ਬ੍ਰਿਗੇਡ ਤੰਗ ਗਲੀਆਂ ਹੋਣ ਕਾਰਨ ਘਰ ਤੱਕ ਨਾ ਪਹੁੰਚ ਸਕੀ ਜਿਸ ਕਾਰਨ ਘਰ ਵਿੱਚ ਪਿਆ ਸਮਾਨ ਜਿਵੇਂ ਅਲਮਾਰੀਆਂ, ਟੀ.ਵੀ., ਪੱਖੇ, ਕੂਲਰ, ਫਰਿਜ, ਕਣਕ, ਪੇਟੀਆਂ, ਘਰ ਦਾ ਖਾਣ-ਪੀਣ ਵਾਲਾ ਸਮਾਨ, ਬਿਸਤਰੇ, ਪਹਿਨਣ ਵਾਲੇ ਕੱਪੜੇ ਕੋਈ ਵੀ ਚੀਜ਼ ਨਹੀਂ ਬਚੀ। ਉਨ੍ਹਾ ਦਾ ਕਹਿਣਾ ਹੈ ਕਿ ਜਿੰਨੇ ਵੀ ਘਰ ਵਿੱਚ ਪੈਸੇ ਸਨ, ਉਹ ਵੀ ਸੜ ਕੇ ਸਵਾਹ ਹੋ ਗਏ। ਉਥੇ ਗਹਿਣਿਆਂ ਆਦਿ ਦਾ ਵੀ ਹਾਲੇ ਕੁਝ ਪਤਾ ਨਹੀਂ ਲੱਗ ਰਿਹਾ। ਇਥੇ ਇਕੱਤਰ ਸਮਾਜ ਸੇਵੀਆਂ ਨੇ ਘਰ ਦੇ ਹਾਲਾਤ ਦੇਖ ਕੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਨਰਿੰਦਰ ਪਾਲ ਦੀ ਮਾਲੀ ਮਦਦ ਦੀ ਮੰਗ ਕੀਤੀ ਹੈ। ਅੱਗ ਲੱਗਣ ਦਾ ਕਾਰਨ ਪਤਾ ਨਹੀਂ ਲੱਗ ਸਕਿਆ।

## 29 ਦੇ ਘਿਰਾਓ 'ਚ ਅਧਿਆਪਕ ਵੱਡੀ ਗਿਣਤੀ 'ਚ ਹਿੱਸਾ ਲੈਣਗੇ : ਜੀ ਟੀ ਯੂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** -ਪਿਛਲੇ ਲਗਭਗ ਦੋ ਸਾਲ ਪਹਿਲਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਦਿਵਾਲੀ ਦਾ ਤੋਹਫਾ ਦੇ ਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਇੱਕ ਅਧੂਰਾ ਨੋਟੀਫਿਕੇਸ਼ਨ ਕੀਤਾ ਗਿਆ ਸੀ ਜੋ ਕਿ ਲੰਬਾ ਸਮਾਂ ਬੀਤ ਜਾਣ ਦੇ ਬਾਅਦ ਵੀ ਕਿਸੇ ਵੀ ਮੁਲਾਜ਼ਮ 'ਤੇ ਲਾਗੂ ਨਹੀਂ ਹੋ ਸਕਿਆ ਜਿਸ ਦੇ ਵਿਰੋਧ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ 29 ਸਤੰਬਰ ਨੂੰ ਹੁਸ਼ਿਆਰਪੁਰ ਦੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਘਰ ਦਾ ਘਿਰਾਓ ਕੀਤਾ ਜਾ ਰਿਹਾ ਹੈ ਜਿਸ ਵਿੱਚ ਹੁਸ਼ਿਆਰਪੁਰ ਦੇ ਅਧਿਆਪਕ ਵੱਡੀ ਗਿਣਤੀ ਵਿੱਚ ਹਿੱਸਾ ਲੈਣਗ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਹ ਪਾਇਆ ਜਾ ਰਿਹਾ। ਇਸ ਮੌਕੇ ਬੋਲਦਿਆਂ ਸੀਨੀਅਰ ਮੀਤ ਪ੍ਰਧਾਨ ਪ੍ਰਿਤਪਾਲ ਸਿੰਘ ਚੱਟਾਲਾ ਅਤੇ ਕਨਵੀਨਰ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਸੰਜੀਵ ਧੂਤ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਲਗਭਗ 2 ਲੱਖ ਤੋਂ ਵੱਧ ਮੁਲਾਜ਼ਮ ਜੋ ਕਿ ਪੰਜਾਬ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਲੜਾਈ ਛੇੜ ਰਹੇ ਹਨ ਅਤੇ 29 ਤਰੀਕ ਨੂੰ ਭਾਰੀ ਗਿਣਤੀ ਵਿੱਚ ਕੈਬਨਟ ਮੰਤਰੀ ਦੇ ਘਰ ਮੂਹਰੇ ਇਕੱਠੇ ਹੋ ਕੇ ਘਿਰਾਓ ਕਰਨਗੇ ਅਤੇ ਪੰਜਾਬ ਦੇ ਲੋਕਾਂ ਨੂੰ ਜਾ ਸਰਕਾਰ ਮੁਲਾਜ਼ਮ ਮਾਰੂ ਨੀਤੀਆਂ ਤੋਂ ਜਾਣੂ ਕਰਵਾਉਣਗੇ। ਇਸ ਮੌਕੇ ਪ੍ਰਿੰਸ ਗੜ੍ਹਦੀਵਾਲ, ਸਚਿਨ ਕੁਮਾਰ, ਸਰਬਜੀਤ ਸਿੰਘ ਅਤੇ ਹੋਰ ਹਾਜ਼ਰ ਸਨ।

# ਐੱਮ ਪੀ ਤੇ ਵਿਧਾਇਕ ਘਰ ਬਣਾਉਣ ਦੀਆਂ ਗਰਾਂਟਾਂ 'ਚ ਕਰ ਰਹੇ ਹਨ ਕਾਣੀ ਵੰਡ : ਐਡਵੋਕੇਟ ਰਣਜੀਤ ਕੁਮਾਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਮੁਹੱਲਾ ਕਮਾਲਪੁਰ ਹੁਸ਼ਿਆਰਪੁਰ ਵਿਖੇ ਬਸਪਾ ਸੀਨੀਅਰ ਆਗੂ ਦਿਨੇਸ਼ ਕੁਮਾਰ ਪੱਪੂ ਦੀ ਅਗਵਾਈ ਹੇਠ ਇਕ ਭਰਵੀਂ ਮੀਟਿੰਗ ਹੋਈ ਜਿਸ ਵਿੱਚ ਜ਼ਿਲ੍ਹੇ ਦੇ ਬਸਪਾ ਵਰਕਰਾਂ ਤੇ ਆਗੂਆਂ ਵਲੋਂ ਏਕਤਾ ਦਾ ਪ੍ਰਗਟਾਵਾ ਕਰਦਿਆਂ ਅਗਲੀ ਰਣਨੀਤੀ 'ਤੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਐਡਵੋਕੇਟ ਰਣਜੀਤ ਕੁਮਾਰ (ਇੰਚਾਰਜ ਲੋਕ ਸਭਾ ਹੁਸ਼ਿਆਰਪੁਰ), ਮਨਿੰਦਰ ਸਿੰਘ ਸ਼ੇਰਪੁਰੀ ਸਕੱਤਰ ਬਸਪਾ ਪੰਜਾਬ, ਐਡਵੋਕੇਟ ਪਲਵਿੰਦਰ ਮਾਨਾ ਬਸਪਾ ਆਗੂ, ਡਾ. ਰਤਨ ਚੰਦ ਜ਼ਿਲ੍ਹਾ ਸੈਕਟਰੀ ਬਸਪਾ, ਇੰਜੀਨੀਅਰ ਮਹਿੰਦਰ ਸਿੰਘ ਸੰਧਰਾਂ ਬਸਪਾ ਆਗੂ, ਸੁਖਦੇਵ ਸਿੰਘ ਬਿੱਟਾ ਸਾਬਕਾ ਸੂਬਾ ਕਮੇਟੀ ਮੈਂਬਰ, ਵਰਿੰਦਰ ਬੱਧਣ ਸ਼ਹਿਰੀ ਪ੍ਰਧਾਨ, ਬੀਬੀ ਮਹਿੰਦਰ ਕੌਰ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਅਤੇ ਸੈਂਕੜੇ ਵਰਕਰ ਹਾਜ਼ਰ ਸਨ। ਐਡਵੋਕੇਟ ਰਣਜੀਤ ਕੁਮਾਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪ ਸਰਕਾਰ ਦੇ ਐਮ ਪੀ ਅਤੇ ਵਿਧਾਇਕ ਘਰ ਬਣਾਉਣ ਦੀ ਗਰਾਂਟਾਂ ਆਪਣੇ ਚਹੇਤਿਆਂ ਨੂੰ ਦੇ ਰਹੇ ਹਨ ਅਤੇ ਗਰੀਬ ਲੋਕਾਂ ਨਾਲ ਧੱਕਾ ਕਰ ਰਹੇ ਹਨ। ਸਿਹਤ ਸੇਵਾਵਾਂ ਸਬੰਧੀ ਸਰਕਾਰ ਦੀਆਂ ਨੀਤੀਆਂ ਦੀ ਅਲੋਚਨਾ ਕਰਦਿਆਂ ਐਡਵੋਕੇਟ ਰਣਜੀਤ ਕੁਮਾਰ ਨੇ ਕਿਹਾ ਸਿਵਲ ਹਸਪਤਾਲ ਵਿੱਚ ਵੀ ਡਾਕਟਰ ਜੋ ਦਵਾਈਆਂ ਲਿਖ ਕੇ ਮਰੀਜ਼ਾਂ ਨੂੰ ਦਿੰਦੇ ਹਨ ਉਹ ਹਸਪਤਾਲ ਵਿੱਚੋਂ ਨਹੀਂ ਬਲਕਿ ਬਾਹਰੋਂ ਦੁਕਾਨਾਂ ਤੋਂ ਮਿਲਦੀਆਂ ਹਨ ਜੋ ਕਿ ਬਹੁਤ ਮਹਿੰਗੀਆਂ ਹੋਣ ਕਰਕੇ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਐਡਵੋਕੇਟ ਨੇ ਕਿਹਾ ਕਿ ਗਰੀਬ ਵਿਦਿਆਰਥੀਆਂ ਲਈ ਚੰਗੀ ਤੇ ਸਸਤੀ ਪੜ੍ਹਾਈ, ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਿਚ ਝਾੜੂ ਸਰਕਾਰ ਫੇਲ੍ਹ ਸਾਬਿਤ ਹੋਈ ਹੈ।ਮਹਿੰਗਾਈ, ਬੇਰੁਜ਼ਗਾਰੀ ਅਤੇ ਨਸ਼ਿਆਂ ਨੇ ਪੰਜਾਬ ਅਤੇ ਪੰਜਾਬ ਦੀ ਜਵਾਨੀ ਬਰਬਾਦ ਕਰਕੇ ਰੱਖ ਦਿੱਤੀ ਹੈ।ਐਡਵੋਕੇਟ ਪਲਵਿੰਦਰ ਮਾਨਾ ਨੇ ਕਿਹਾ ਕਿ ਪਿਛਲੇ 18 ਮਹੀਨਿਆਂ ਤੋਂ ਪੰਜਾਬ ਸਰਕਾਰ 2 ਰੁਪਏ ਕਿਲੋ ਵਾਲੀ ਕਣਕ ਨਹੀਂ ਦੇ ਰਹੀ ਜਿਸ ਦੇ ਸੰਬੰਧ ਵਿੱਚ 25 ਸਤੰਬਰ ਨੂੰ ਬਸਪਾ ਵਰਕਰਾਂ ਵੱਲੋਂ ਡੀ ਸੀ ਦਫ਼ਤਰ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ। ਇਸ ਮੌਕੇ ਦਰਸ਼ਨ ਲੱਧੜ ਜ਼ਿਲ੍ਹਾ ਸੈਕਟਰੀ ਬਸਪਾ, ਲਹਿੰਬਰ ਰਾਮ ਝੱਮਟ, ਵਿਜੈ ਮੱਲ ਬੱਸੀ ਖਵਾਜੂ, ਵਿਜੈ ਖਾਨਪੁਰੀ, ਹਰਭਜਨ ਭੱਟੀ, ਬੀਬੀ ਕਰਿਸ਼ਣਾ ਦੇਵੀ, ਰੇਨੂ ਲੱਧੜ, ਹਰਮੇਸ਼ ਸਿੰਘ, ਸੰਤੋਸ਼ ਰੱਲ, ਦੀਪੂ ਬੁਲਾਂਬਾੜੀ, ਪ੍ਰਿੰਸ ਬਜਵਾੜਾ, ਰਮੇਸ਼ ਕਿੱਟੀ, ਗੁਰਦੇਵ ਬਿੱਟੂ, ਗੁਰਮੁੱਖ ਪੰਡੋਰੀ, ਰਕੇਸ਼ ਸ਼ੇਖੂਪੁਰ, ਉਂਕਾਰ ਨਲੋਈਆਂ ਅਤੇ ਹੋਰ ਵੀ ਸਾਥੀ ਹਾਜ਼ਰ ਸਨ।

# ਸੰਤ ਬਾਬਾ ਭਾਗ ਸਿੰਘ 'ਵਰਸਿਟੀ 'ਚ ਖੂਨਦਾਨ ਕੈਂਪ ਲਗਾਇਆ



**ਆਦਮਪੁਰ (ਪਰਮਜੀਤ ਸਿੰਘ)**-ਸੰਤ ਬਾਬਾ ਭਾਗ ਸਿੰਘ ਯੂਨੀਵਿਰਸਿਟੀ ਖਿਆਲਾ ਵਿਖੇ ਸਤਿਕਾਰਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ), ਸੰਤ ਬਾਬਾ ਜਨਕ ਸਿੰਘ, ਮਾਣਯੋਗ ਚਾਂਸਲਰ ਸੰਤ ਬਾਬਾ ਮਨਮੋਹਨ ਸਿੰਘ ਦੇ ਆਸ਼ੀਰਵਾਦ ਨਾਲ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ 20 ਸਤੰਬਰ ਨੂੰ ਖੂਨਦਾਨ ਕੈਂਪ ਲਗਾਇਆ ਗਿਆ। ਇਹ ਕੈਂਪ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੀ ਨਿੱਘੀ ਯਾਦ ਵਿਚ ਉਲੀਕਿਆ ਗਿਆ।ਇਹ ਕੈਂਪ ਲਾਈਫ ਸਾਇੰਸਿਜ਼, ਅਲਾਈਡ ਹੈਲਥ ਸਾਇੰਸਿਜ਼ ਵਿਭਾਗ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਸਾਇੰਸਿਜ਼, ਤੇ ਸ਼੍ਰੀਮਨ ਸੁਪਰ ਸਪੈਸ਼ਲਿਟੀ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਲਗਾਇਆ ਗਿਆ।ਕੈਂਪ ਦਾ ਉਦਘਾਟਨ ਬਾਬਾ ਜਨਕ ਸਿੰਘ ਨੇ ਕੀਤਾ ।ਉਨ੍ਹਾਂ ਨਾਲ ਡਾ. ਧਰਮਜੀਤ ਸਿੰਘ ਪਰਮਾਰ (ਵਾਈਸ ਚਾਂਸਲਰ ), ਹਰਦਮਨ ਸਿੰਘ ਮਿਨਹਾਸ (ਸਕੱਤਰ) ਡਾ. ਵਿਜੇ ਧੀਰ (ਡੀਨ ਅਕਾਦਮਿਕ) ਅਤੇ ਹੋਰ ਮੈਂਬਰ ਸਹਿਬਾਨ ਹਾਜ਼ਰ ਸਨ।ਇਸ ਮੌਕੇ ਡਾ. ਸ਼ਵੇਤਾ ਸਿੰਘ, ਡੀਨ ਯੂ ਆਈ ਐਸ, ਡਾ. ਨਿਸ਼ਾ ਸ਼ਰਮਾ, ਡਿਪਟੀ ਡੀਨ ਯੂ ਆਈ ਐਸ ਅਤੇ ਲਾਈਫ ਸਾਇੰਸਜ਼ ਅਤੇ ਅਲਾਈਡ ਹੈਲਥ ਸਾਇੰਸਿਜ਼ ਵਿਭਾਗ ਦੇ ਫੈਕਲਟੀ ਮੈਂਬਰਾਂ ਸਮੇਤ ਹੋਰ ਪਤਵੰਤੇ ਹਾਜ਼ਰ ਸਨ।ਕੈਂਪ ਦੀ ਸ਼ੁਰੂਆਤ ਪਵਿੱਤਰ ਅਰਦਾਸ ਨਾਲ ਕੀਤੀ ਗਈ। । ਇਸ ਕੈਂਪ ਵਿੱਚ 70 ਦੇ ਕਰੀਬ ਵਲੰਟੀਅਰਾਂ ਨੇ ਉਤਸ਼ਾਹ ਨਾਲ ਖੂਨਦਾਨ ਕੀਤਾ ਜਿਨ੍ਹਾਂ ਵਿੱਚੋਂ 12 ਪਹਿਲੀ ਵਾਰ ਖੂਨਦਾਨ ਕਰਨ ਵਾਲੇ ਵਲੰਟੀਅਰ ਸਨ। ਵਲੰਟੀਅਰਾਂ ਵਿੱਚੋਂ ਬਹੁਤ ਸਾਰੇ ਯੂਨੀਵਰਸਿਟੀ ਦੇ ਵਿਦਿਆਰਥੀ ਸਨ। ਕੈਂਪ ਵਿੱਚ ਆਸ-ਪਾਸ ਦੇ ਪਿੰਡਾਂ ਦੇ ਨੌਜਵਾਨਾਂ ਨੇ ਵੀ ਖੂਨਦਾਨੀ ਵਜੋਂ ਸ਼ਮੂਲੀਅਤ ਕੀਤੀ। ਸਾਰੇ ਵਲੰਟੀਅਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਦੀ ਸਮਾਪਤੀ 'ਤੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਨੇ ਖੂਨਦਾਨ ਦੀ ਲੋੜ ਅਤੇ ਮਹੱਤਤਾ 'ਤੇ ਚਾਨਣਾ ਪਾਇਆ।

## ਡੂੰਘੇ ਬੋਰਵੈੱਲ ਦਾ ਸੰਸਦ ਮੈਂਬਰ ਡਾ. ਚੱਬੇਵਾਲ ਨੇ ਕੀਤਾ ਉਦਘਾਟਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਪਿੰਡ ਭਟਰਾਣਾ ਵਿੱਚ 70 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਡੂੰਘੇ ਬੋਰਵੈੱਲ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਡਾ.ਇਸ਼ਾਂਕ ਚੱਬੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਪ੍ਰੋਜੈਕਟ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਪਾਣੀ ਦੀ ਸਮੱਸਿਆ ਨੂੰ ਦੂਰ ਕਰਨਾ ਅਤੇ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣਾ ਹੈ। ਇਸ ਮੌਕੇ ਡਾ. ਚੱਬੇਵਾਲ ਨੇ ਕਿਹਾ ਕਿ ਮੈਂ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਨਿਭਾਉਣ ਲਈ ਵਚਨਬੱਧ ਹਾਂ । ਪਾਣੀ ਦੀ ਸਮੱਸਿਆ ਪਿਛਲੇ ਲੰਮੇ ਸਮੇਂ ਤੋਂ ਇੱਥੋਂ ਦੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਸੀ, ਜਿਸ ਨੂੰ ਇਸ ਪ੍ਰਾਜੈਕਟ ਰਾਹੀਂ ਹੱਲ ਕਰਨ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਸਮੂਹ ਨਗਰ ਨਿਵਾਸੀਆਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾ ਕੇ ਆਪਣਾ ਫਰਜ਼ ਨਿਭਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਤਰਜੀਹ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨਾ ਹੈ, ਤਾਂ ਜੋ ਪੇਂਡੂ ਖੇਤਰਾਂ ਵਿੱਚ ਵੀ ਸਹੂਲਤਾਂ ਦਾ ਵਿਸਥਾਰ ਕੀਤਾ ਜਾ ਸਕੇ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀ, ਕਿਸਾਨ ਅਤੇ ਹੋਰ ਪਤਵੰਤੇ ਹਾਜ਼ਰ ਸਨ।ਇਸ ਪ੍ਰੋਜੈਕਟ ਨੂੰ ਲੈ ਕੇ ਪਿੰਡ ਵਾਸੀਆਂ ਨੇ ਸੰਸਦ ਮੈਂਬਰ ਦੇ ਯੋਗਦਾਨ ਲਈ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਬਲਬੀਰ ਕੁਮਾਰ, ਬਲਵੀਰ ਸਿੰਘ ਬਲਾਕ ਪ੍ਰਧਾਨ, ਦਵਿੰਦਰ ਸਿੰਘ, ਅਵਤਾਰ ਸਿੰਘ, ਗੁਰਦੇਵ ਸਿੰਘ, ਜਸਵਿੰਦਰ ਸਿੰਘ, ਸੁਖਜੀਵਨ ਸਿੰਘ, ਦਲਬੀਰ ਸਿੰਘ, ਓਮਕਾਰ ਸਿੰਘ ਆਦਿ ਹਾਜ਼ਰ ਸਨ।

# ਬਿਨਾਂ ਪ੍ਰਮਿਟਾ ਤੇ ਜਾਲ੍ਹੀ ਪ੍ਰਮਿਟਾ 'ਤੇ ਚਲਦੀਆਂ ਬੱਸਾਂ ਦੇ ਮਾਲਕਾਂ ਵਿਰੁੱਧ ਕਾਰਵਾਈ ਹੋਵੇ : ਚੰਦਰ ਸ਼ੇਖਰ

**ਖਰੜ (ਹਰਨਾਮ ਸਿੰਘ ਡੱਲਾ)**- ਸੀਟੂ ਦੇ ਸੂਬਾਈ ਜਨਰਲ ਸਕੱਤਰ ਅਤੇ ਆਲ ਇੰਡੀਆ ਰੋਡ ਟਰਾਂਸਪੋਰਟ ਵਰਕਰਜ਼ ਫੈਡਰੇਸ਼ਨ ਦੇ ਕੁੱਲ ਹਿੰਦ ਮੀਤ ਪ੍ਰਧਾਨ ਸਾਥੀ ਚੰਦਰ ਸ਼ੇਖਰ ਨੇ ਅੱਜ ਪੰਜਾਬ ਸਰਕਾਰ ਵੱਲੋਂ 300 ਜਾਅਲੀ ਪ੍ਰਮਿਟਾਂ ਉੱਤੇ ਬੱਸਾਂ ਚਲਾਉਣ ਵਾਲੇ ਟਰਾਂਸਪੋਰਟਰਾਂ ਦੇ ਪ੍ਰਮਿਟ ਕੈਂਸਲ ਕਰਨ ਦੇ ਬਿਆਨ ਬਾਰੇ ਸ਼ੰਕਾ ਜ਼ਾਹਰ ਕੀਤੀ ਹੈ।ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ 300 ਜਾਅਲੀ ਪ੍ਰਮਿਟਾਂ ਵਾਲੇ ਬੱਸਾਂ ਦੇ ਮਾਲਕਾਂ ਦੇ ਨਾਂ ਜਾਰੀ ਨਹੀਂ ਕਰ ਰਹੀ ਕਿ ਉਨ੍ਹਾਂ ਵੱਲੋਂ ਕਿੰਨਾ ਟੈਕਸ ਚੋਰੀ ਕੀਤਾ ਗਿਆ ਹੈ। ਪੰਜਾਬ ਸਰਕਾਰ ਟੈਕਸਾਂ ਉਗਰਾਹੀ ਦੀ ਗਰੰਟੀ ਕਰੇ ਅਤੇ ਸਾਰੇ ਟਰਾਂਸਪੋਰਟਰਾਂ ਵਲੋਂ ਚੋਰੀ ਟੈਕਸਾਂ ਦੀ ਪਾਰਦਰਸ਼ੀ ਜਾਂਚ ਕਰਵਾ ਕੇ ਟੈਕਸ ਚੋਰਾਂ ਵਿਰੁੱਧ ਫੌਜਦਾਰੀ ਮੁਕੱਦਮੇ ਦਰਜ ਕਰਕੇ ਸਖ਼ਤ ਕਾਰਵਾਈ ਅਰੰਭ ਕਰੇ । ਸਾਥੀ ਚੰਦਰ ਸ਼ੇਖਰ ਅਤੇ ਪਨਬੱਸ ਅਤੇ ਪੀ. ਆਰ. ਟੀ. ਸੀ. ਕੰਟਰੈਕਟਰ ਵਰਕਰਜ ਯੂਨੀਅਨ ਦੇ ਸੂਬਾਈ ਪ੍ਰਧਾਨ ਸਾਥੀ ਰੇਸ਼ਮ ਸਿੰਘ ਗਿੱਲ, ਜਨਰਲ ਸਕੱਤਰ ਸਾਥੀ ਸ਼ਮਸ਼ੇਰ ਸਿੰਘ ਢਿੱਲੋਂ ਨੇ ਸਾਂਝੇ ਬਿਆਨ ਰਾਹੀਂ ਮੰਗ ਕੀਤੀ ਕਿ ਪੰਜਾਬ ਦੀਆਂ ਸੜਕਾਂ ਉਤੇ ਚਲਦੀਆਂ ਬੱਸਾਂ ਵਿੱਚੋਂ 300 ਬੱਸਾਂ ਅਚਾਨਕ ਬੰਦ ਕਰ ਦਿੱਤੀਆਂ ਹਨ। ਜਿਸ ਕਰਕੇ ਸਵਾਰੀਆਂ ਲਈ ਖੱਜਲ ਖੁਆਰੀ ਹੋਰ ਵਧ ਜਾਵੇਗੀ। ਜਦੋਂ ਕਿ ਲੋਕਾਂ ਦੀ ਮੁਸ਼ਕਲ ਦਾ ਹੱਲ ਸਿਰਫ਼ ਸਰਕਾਰੀ ਫਲੀਟ ਦਾ ਵਾਧਾ ਕਰਕੇ ਜਾਂ ਠੀਕ ਲੋਕਾਂ ਨੂੰ ਨਵੇਂ ਪ੍ਰਮਿਟ ਜਾਰੀ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਇਹ ਜ਼ੋਰਦਾਰ ਮੰਗ ਵੀ ਕੀਤੀ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਉਪਰੋਕਤ ਯੂਨੀਅਨ ਦੇ ਆਗੂਆਂ ਤੋਂ ਮਜ਼ਦੂਰਾਂ ਦੇ ਭਖਦੇ ਮਸਲੇ ਹੱਲ ਕਰਨ ਲਈ ਮੰਗੇ ਸਮੇਂ ਨੂੰ ਇੱਕ ਮਹੀਨਾ ਗੁਜ਼ਰ ਚੁੱਕਿਆ ਹੈ।ਇਸ ਲਈ ਮੁੱਖ ਮੰਤਰੀ ਵਰਕਰਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ। ਉਪਰੋਕਤ ਆਗੂਆਂ ਨੇ ਇਹ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕੀਤੀ ਕਿ ਜਦੋਂ ਤੱਕ ਨਵੀਆਂ ਬੱਸਾਂ ਦਾ ਫਲੀਟ ਸੜਕਾਂ ਉੱਤੇ ਨਹੀਂ ਆ ਜਾਂਦਾ ਤਦ ਤੱਕ ਲੋਕਾਂ ਨੂੰ ਦਰਪੇਸ਼ ਸਮਸਿਆਵਾਂ ਦੇ ਹੱਲ ਲਈ ਵਰਕਸ਼ਾਪਾਂ ਵਿੱਚ ਖੜ੍ਹੀਆਂ ਬੱਸਾਂ ਨੂੰ ਲੋਕਾਂ ਦੀ ਸੇਵਾ ਲਈ ਸੜਕਾਂ ਤੇ ਲਿਆਂਦਾ ਜਾਵੇ ਤਾਂ ਕਿ ਸਰਕਾਰੀ ਬੱਸਾਂ ਦੀ ਘਾਟ ਕਾਰਨ ਲੋਕ ਪ੍ਰੇਸ਼ਾਨ ਨਾ ਹੋਣ।

# ਤਲਵਾੜਾ ਤੋਂ ਪਾਉਂਟਾ ਸਾਹਿਬ ਸਰਕਾਰੀ ਬੱਸ ਸਰਵਿਸ ਸ਼ੁਰੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਨੇ ਤਲਵਾੜਾ ਤੋਂ ਸ੍ਰੀ ਪਾਉਂਟਾ ਸਾਹਿਬ ਵਾਇਆ ਹੁਸ਼ਿਆਰਪੁਰ ਸਿੱਧੀ ਬੱਸ ਸੇਵਾ ਸ਼ੁਰੂ ਕੀਤੀ ਹੈ। ਜਿਸ ਦੀ ਅੱਜ ਵਿਧਾਇਕ ਐਡਵੋਕੇਟ ਕਰਮਬੀਰ ਘੁੰਮਣ ਨੇ ਤਲਵਾੜਾ ਬੱਸ ਸਟੈਂਡ ਤੋਂ ਵਿਧੀਵਤ ਸ਼ੁਰੂਆਤ ਕੀਤੀ। ਇਸ ਮੌਕੇ ਬੋਲਦਿਆਂ ਵਿਧਾਇਕ ਘੁੰਮਣ ਨੇ ਦੱਸਿਆ ਕਿ ਲੋਕਾਂ ਦੀ ਮੰਗ 'ਤੇ ਪੰਜਾਬ ਸਰਕਾਰ ਨੇ ਹੁਸ਼ਿਆਰਪੁਰ ਡੀਪੂ ਦੀ ਬੱਸ ਸਰਵਿਸ ਸ਼ੁਰੂ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਹ ਬੱਸ ਰੋਜ਼ਾਨਾ ਸਵੇਰੇ 7.30 ਵਜੇ ਤਲਵਾੜਾ ਤੋਂ ਚੱਲੇਗੀ। ਵਾਇਆ ਹੁਸ਼ਿਆਰਪੁਰ ਬੱਸ ਸ੍ਰੀ ਪਾਉਂਟਾ ਸਾਹਿਬ ਪਹੁੰਚੇਗੀ। ਘੁੰਮਣ ਨੇ ਕਿਹਾ ਕਿ ਦਸੂਹਾ ਅਤੇ ਵਿਸ਼ੇਸ਼ ਤੌਰ ਤੇ ਕੰਢੀ ਖੇਤਰ ਦਾ ਬਹੁ ਪੱਖੀ ਵਿਕਾਸ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਨਵੀਂ ਬੱਸ ਸੇਵਾ ਦੀ ਸ਼ੁਰੂਆਤ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਧੰਨਵਾਦ ਕੀਤਾ ਉਥੇ ਹੀ ਤਲਵਾੜਾ ਵਾਸੀਆਂ ਨੂੰ ਵਧਾਈ ਦਿੱਤੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬਲਾਕ ਤਲਵਾੜਾ ਪ੍ਰਧਾਨ ਸ਼ਿਵਮ ਤਲੂਜਾ, ਦਫਤਰ ਇੰਚਾਰਜ ਗੁਰਬਚਨ ਡਡਵਾਲ, ਮੁਨੀਸ਼ ਪੁਰੀ, ਸ਼ੇਖਰ ਸਿੱਧੂ, ਕਿਸ਼ੋਰੀ ਲਾਲ ਸ਼ਰਮਾ ਆਦਿ ਆਪ ਵਰਕਰ ਹਾਜ਼ਰ ਸਨ।

# ਬਛੌੜੀ ਵਿਖੇ ਲਗਾਏ ਕੈਂਪ ਦੌਰਾਨ ਸੈਂਕੜੇ ਲੋਕਾਂ ਨੇ ਕੀਤਾ ਲਾਭ ਪ੍ਰਾਪਤ : ਲੱਕੀ



**ਬਲਾਚੌਰ (ਜਸਵਿੰਦਰ ਬੈਂਸ)** - ਕੇਂਦਰ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇਸ਼ ਦੇ ਆਮ ਲੋਕਾਂ ਲਈ ਕੰਮ ਕਰਨ ਲਈ ਹਰ ਸਮੇਂ ਤਿਆਰ ਹੈ ਅਤੇ ਮੋਦੀ ਸਰਕਾਰ ਦੀਆਂ ਸੈਂਕੜੇ ਲੋਕ ਭਲਾਈ ਸਕੀਮਾਂ ਦੁਆਰਾ ਅੱਜ ਦੇਸ਼ ਦੇ ਕਰੋੜਾਂ ਲੋਕ ਲਾਭ ਲੈ ਰਹੇ ਹਨ। ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਕੇਂਦਰ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਜਾਣਬੁੱਝ ਕੇ ਲੋਕਾਂ ਤੋਂ ਦੂਰ ਰੱਖਿਆ ਜਾ ਰਿਹਾ ਹੈ ਅਤੇ ਉਨਾਂ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਨਾ ਪਹੁੰਚਾ ਕੇ ਪੰਜਾਬ ਸਰਕਾਰ ਲੋਕਾਂ ਦੇ ਨਾਲ ਨਾਇਨਸਾਫੀ ਕਰ ਰਹੀ ਹੈ।ਪ੍ਰੰਤੂ ਭਾਰਤੀ ਜਨਤਾ ਪਾਰਟੀ ਦਾ ਇੱਕ ਇੱਕ ਵਰਕਰ ਕੇਂਦਰ ਦੀਆਂ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਦਿਨ ਰਾਤ ਇੱਕ ਕਰ ਰਿਹਾ ਹੈ। ਇਹ ਪ੍ਰਗਟਾਵਾ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਭਾਜਪਾ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਨੇ ਵਿਧਾਨ ਸਭਾ ਹਲਕਾ ਬਲਾਚੌਰ ਦੇ ਪਿੰਡ ਬਛੌੜੀ ਵਿਖੇ ਲਗਾਏ ਗਏ ਲੋਕ ਭਲਾਈ ਸਕੀਮਾਂ ਸਬੰਧੀ ਕੈਂਪ ਦੌਰਾਨ ਕੀਤਾ। ਪ੍ਰਧਾਨ ਲੱਕੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਜਿਲ੍ਹੇ ਦੇ ਵੱਖ ਵੱਖ ਪਿੰਡਾਂ ਵਿਚ ਜਾ ਕੇ ਅਜਿਹੇ ਲੋਕ ਭਲਾਈ ਸਕੀਮਾਂ ਦੇ ਕੈਂਪ ਲਗਾਏ ਜਾਣਗੇ। ਇਸ ਕੈਂਪ ਵਿਚ ਵਿਸ਼ੇਸ਼ ਟੀਮ ਦੁਆਰਾ ਲੋਕਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ, ਆਯੁਸ਼ਮਾਨ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ, ਪੈਨਸ਼ਨ ਯੋਜਨਾ ਆਦਿ ਦੇ ਫਾਰਮ ਭਰੇ ਗਏ ਅਤੇ ਮੌਕੇ ਤੇ ਹੀ ਲੋਕਾਂ ਨੂੰ ਕਾਰਡ ਬਣਾ ਕੇ ਦਿੱਤੇ ਗਏ ।ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਇਸ ਕੈਂਪ ਦੇ ਵਿਚ ਸਹਿਯੋਗ ਦੇਣ ਦੇ ਲਈ ਸਮੂਹ ਪਿੰਡ ਬਛੌੜੀ ਵਾਸੀਆਂ ਦਾ ਆਪਣੇ ਵਲੋਂ ਅਤੇ ਭਾਰਤੀ ਜਨਤਾ ਪਾਰਟੀ ਵਲੋਂ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਭਾਰਤੀ ਜਨਤਾ ਪਾਰਟੀ ਮੰਡਲ ਸਾਹਿਬਾ ਦੇ ਪ੍ਰਧਾਨ ਰਾਜ ਕੁਮਾਰ ਸੜੋਆ, ਜ਼ਿਲ੍ਹਾ ਜਨਰਲ ਸਕੱਤਰ ਐਡਵੋਕੇਟ ਦਿਨੇਸ਼ ਭਾਰਦਵਾਜ, ਜ਼ਿਲ੍ਹਾ ਜਨਰਲ ਸਕੱਤਰ ਅਮਨ ਕੌਸ਼ਲ ਐਡਵੋਕੇਟ, ਸੀਨੀਅਰ ਭਾਜਪਾ ਆਗੂ ਸੰਦੀਪ ਭਾਟੀਆ ਸੋਨੂੰ, ਭਾਰਤੀ ਜਨਤਾ ਪਾਰਟੀ ਯੁਵਾ ਮੋਰਚਾ ਜ਼ਿਲ੍ਹਾ ਪ੍ਰਧਾਨ ਪੰਕਜ ਕੁਮਾਰ, ਭਾਜਪਾ ਮੰਡਲ ਰੱਤੇਵਾਲ ਦੇ ਪ੍ਰਧਾਨ ਸੁਖਦੇਵ ਕੁਮਾਰ ਬੰਟੀ, ਭਾਜਪਾ ਆਫਿਸ ਇੰਚਾਰਜ ਨਰਿੰਦਰ ਨਾਥ ਸੂਦਨ, ਗੁਰਨਾਮ ਸਿੰਘ ਕਸਾਣਾ, ਸੁਮਿਤ ਕੁਮਾਰ, ਬਲਜਿੰਦਰ ਸਿੰਘ, ਅਸ਼ਵਨੀ ਕੁਮਾਰ, ਰਵੀ ਕੁਮਾਰ ਆਦਿ ਭਾਜਪਾ ਆਗੂਆਂ ਤੋਂ ਇਲਾਵਾ ਓਂਕਾਰ ਸਿੰਘ ਬਛੌੜੀ, ਰਸ਼ਵਿੰਦਰ ਸਿੰਘ ਬੱਲ, ਤਾਰਾ ਸਿੰਘ ਬੱਲ,ਪਰਮਿੰਦਰ ਸਿੰਘ ਢਾਹ, ਨਰਿੰਦਰ ਸਿੰਘ ਜੱਸੀ ਪਨੇਸਰ, ਸਮੂਹ ਇਲਾਕਾ ਵਾਸੀ ਅਤੇ ਪਤਵੰਤੇ ਹਾਜ਼ਰ ਸਨ।

## ਸ਼ਹੀਦ ਭਗਤ ਸਿੰਘ ਦੀ 117ਵੀਂ ਜਨਮ ਸ਼ਤਾਬਦੀ ਨੂੰ ਸਮਰਪਤ ਸਮਰ ਕੈਂਪ



**ਰਾਹੋਂ (ਕੁਲਵਿੰਦਰ ਸਿੰਘ)**-ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੀ 117ਵੀਂ ਜਨਮ ਸ਼ਤਾਬਦੀ ਨੂੰ ਸਮਰਪਤ ਰਾਹੋਂ ਦੇ ਦੁਸਹਿਰਾ ਮੈਦਾਨ ਵਿੱਚ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਰਾਹੋਂ ਦੇ ਅਹੁਦੇਦਾਰਾਂ ਵੱਲੋਂ ਖਿਡਾਰੀਆਂ ਵਾਸਤੇ ਸਮਰ ਕੈਂਪ ਲਾਇਆ ਜਾ ਰਿਹਾ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕੋਚ ਮਾਸਟਰ ਕਰਨੈਲ ਸਿੰਘ ਅਤੇ ਨਰਿੰਦਰ ਸਿੰਘ ਚਾਹਲ ਨੇ ਦੱਸਿਆ ਸਮਰ ਕੈਪ ਵਿੱਚ 11 ਸਾਲ, 14 ਸਾਲ, 17 ਸਾਲ ਉਮਰ ਦੇ ਬੱਚੇ ਲੜਕੇ/ਲੜਕੀਆਂ ਨੂੰ ਕਬੱਡੀ ਅਤੇ ਅਥਲੈਟਿਕ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਨ੍ਹਾਂ ਗੇਮਾਂ ਰਾਹੀਂ ਇਹ ਸੁਨੇਹਾ ਦਿੱਤਾ ਜਾਂਦਾ ਹੈ ਕਿ ਜਿਹੜੇ ਬੱਚੇ ਨਸ਼ਿਆਂ ਦੀ ਲਪੇਟ ਵਿੱਚ ਆ ਕੇ ਆਪਣਾ ਸਭ ਕੁਝ ਖਤਮ ਕਰ ਚੁੱਕੇ ਹਨ ਉਨ੍ਹਾਂ ਨੂੰ ਆਪਾਂ ਸਾਰੇ ਰਲ ਕੇ ਸਹੀ ਰਸਤੇ 'ਤੇ ਲੈ ਕੇ ਆਈਏ। ਉਨ੍ਹਾਂ ਦਾ ਮੁੱਖ ਉਦੇਸ਼ ਬੱਚਿਆਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਬਚਾਉਣਾ ਹੈ। 28 ਸਤੰਬਰ ਨੂੰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਰਾਹੋਂ ਦੇ ਦੁਸਹਿਰਾ ਮੈਦਾਨ ਵਿੱਚ ਬੱਚਿਆਂ ਦੇ ਕਬੱਡੀ ਅਤੇ ਅਥਲੈਟਿਕ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਦੇ ਅਹੁਦੇਦਾਰ ਨਰਿੰਦਰ ਸਿੰਘ ਚਾਹਲ, ਕੋਚ ਮਾਸਟਰ ਕਰਨੈਲ ਸਿੰਘ, ਕੈਪਟਨ ਕਸ਼ਮੀਰ ਸਿੰਘ, ਕੇਵਲ ਸਿੰਘ ਮਾਹਲ, ਬਲਵਿੰਦਰ ਸਿੰਘ, ਪ੍ਰਿੰਸੀਪਲ ਜਗੀਰ ਸਿੰਘ, ਕੋਚ ਬਲਜੀਤ ਸਿੰਘ ਤਤਲਾ, ਹਰਦੀਪ ਸਿੰਘ ਹੈਪੀ, ਬਲਵੀਰ ਸਿੰਘ ਸੁੱਖੀ, ਮੋਹਣ ਲਾਲ, ਕੋਚ ਕਸ਼ਮੀਰ ਸਿੰਘ ਪੱਪੂ, ਮੀਨਾ ਰਾਣੀ, ਸੁਖਦੇਵ ਸਿੰਘ, ਸੁੱਖਾ ਹਾਜ਼ਰ ਸਨ।

# ਪੀ ਡਬਲਯੂ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਹੁਸ਼ਿਆਰਪੁਰ ਦੀ ਚੋਣ



**ਹੁਸ਼ਿਆਰਪੁਰ (ਬਲਵੀਰ ਸੈਣੀ)**- ਪੀ.ਡਬਲਯੂ.ਡੀ.ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੇ ਸੰਵਿਧਾਨ ਤਹਿਤ ਸੂਬਾ ਅਜਲਾਸ 17 ਨਵੰਬਰ ਨੂੰ ਜਲੰਧਰ ਵਿਖੇ ਹੋ ਰਿਹਾ ਅਤੇ ਇਸ ਸੂਬਾ ਅਜਲਾਸ ਤੋਂ ਪਹਿਲਾਂ ਪੰਜਾਬ ਭਰ ਵਿੱਚ ਜੱਥੇਬੰਦਕ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਇਸਦੇ ਤਹਿਤ ਹੀ ਬ੍ਰਾਂਚ ਹੁਸ਼ਿਆਰਪੁਰ ਦੀ ਜੱਥੇਬਦਕ ਚੋਣ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਜੱਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਜਾਜਾ ਅਤੇ ਵਿੱਤ ਸਕੱਤਰ ਰਜੀਵ ਸ਼ਰਮਾ ਦੀ ਦੇਖ-ਰੇਖ ਹੇਠ ਹੋਈ। ਇਸ ਚੋਣ ਵਿੱਚ ਜੱਥੇਬੰਦੀ ਦੇ ਸਾਬਕਾ ਸੂਬਾ ਜਨਰਲ ਸਕੱਤਰ ਅਤੇ ਕੌਮੀ ਫੈਨਸ਼ਨਰ ਆਗੂ ਸਾਥੀ ਮਨਜੀਤ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਚੋਣ ਅਜਲਾਸ ਦੇ ਆਰੰਭ ਵਿੱਚ ਮਹਾਨ ਸੂਬਾ ਆਗੂ ਸਾਥੀ ਵੇਦ ਪ੍ਰਕਾਸ਼ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਬ੍ਰਾਂਚ ਸਕੱਤਰ ਵਲੋਂ ਪਿਛਲੇ ਸਮੇਂ ਦੀ ਕਾਰਵਾਈ ਰਿਪੋਰਟ ਪੇਸ਼ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਸਰਕਾਰ ਦੀਆਂ ਮੁਲਾਜ਼ਮ ਮਾਰੀ ਨੀਤੀਆਂ ਸਬੰਧੀ ਵਿਚਾਰ ਚਰਚਾ ਕੀਤੀ। ਆਗੂਆਂ ਨੇ ਮੰਗ ਕੀਤੀ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਮਹਿਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਮਹਿਕਮਿਆਂ ਨੂੰ ਨਿੱਜੀ ਹੱਥਾਂ ਵਿੱਚ ਸੌਂਪਣਾ ਬੰਦ ਕੀਤਾ ਜਾਵੇ। ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਜਾਜਾ ਨੇ ਕਿਹਾ ਕਿ ਸਮੂਹ ਮੁਲਾਜ਼ਮਾਂ ਨੂੰ ਇੱਕ-ਮੁੱਠ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ ਤਾਂ ਜੋ ਸੂਬਾ ਸਰਕਾਰ ਦੀਆਂ ਨੀਤੀਆਂ ਨੂੰ ਮੋੜਾ ਦਿੱਤਾ ਸਕੇ। ਉਹਨਾਂ ਵਲੋਂ ਬ੍ਰਾਂਚ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ ਜਿਸ ਅਨੁਸਾਰ ਸਾਥੀ ਅਸ਼ੋਕ ਕੁਮਾਰ ਨੂੰ ਚੇਅਰਮੈਨ, ਬਲਵੰਤ ਸਿੰਘ ਨੂੰ ਪ੍ਰਧਾਨ, ਪੂਰਨ ਸਿੰਘ ਅਤੇ ਦਵਿੰਦਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਕਰਮਜੀਤ ਸਿੰਘ, ਕੁਲਦੀਪ ਸਿੰਘ, ਮਨਜੀਤ ਰਾਏ ਅਤੇ ਦੇਸ ਰਾਜ ਨੂੰ ਮੀਤ ਪ੍ਰਧਾਨ, ਰਕੇਸ਼ ਕੁਮਾਰ ਨੂੰ ਜਨਰਲ ਸਕੱਤਰ, ਵਰਿੰਦਰ ਕੁਮਾਰ ਨੂੰ ਸਹਾਇਕ ਸਕੱਤਰ, ਹਰੀ ਸ਼ੰਕਰ ਨੂੰ ਵਿੱਤ ਸਕੱਤਰ, ਨਿਰਮਲ ਰਾਮ ਨੂੰ ਸਹਾਇਕ ਵਿੱਤ ਸਕੱਤਰ, ਤਰਸੇਮ ਲਾਲ ਅਤੇ ਸੰਦੀਪ ਕੁਮਾਰ ਨੂੰ ਪ੍ਰੈਸ ਸਕੱਤਰ, ਅਮਰਜੀਤ ਸਿੰਘ, ਰਜਿੰਦਰ ਸਿੰਘ ਅਤੇ ਕੁਲਦੀਪ ਸਿੰਘ ਨੂੰ ਪ੍ਰਚਾਰ ਸਕੱਤਰ ਅਤੇ ਜਸਵੀਰ ਸਿੰਘ ਨੂੰ ਮੁੱਖ ਸਲਾਹਕਾਰ ਚੁਣਿਆ ਗਿਆ। ਇਸ ਮੌਕੇ ਬ੍ਰਾਂਚ ਮਹਿਲਪੁਰ ਦੇ ਪ੍ਰਧਾਨ ਟੇਕ ਚੰਦ, ਬ੍ਰਾਂਚ ਤਲਵਾੜਾ ਦੇ ਸਕੱਤਰ ਸ਼ਾਮ ਲਾਲ, ਪੈਨਸ਼ਨਰ ਆਗੂ ਪ੍ਰਦੁਮਣ ਸਿੰਘ ਖਰਾਲ ਵੀ ਹਾਜ਼ਰ ਸਨ।

# ਚਮਕੌਰ ਸਾਹਿਬ ਦੇ ਕਈ ਪਿੰਡਾਂ 'ਚ ਪੀਣ ਵਾਲੇ ਪਾਣੀ ਦੇ ਸੈਂਪਲ ਫੇਲ੍ਹ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਸ੍ਰੀ ਚਮਕੌਰ ਸਾਹਿਬ ਹਲਕੇ ਦੇ ਕਈ ਪਿੰਡਾਂ ਦੇ ਘਰਾਂ ਸਕੂਲਾਂ ਅਤੇ ਮਠਿਆਈ ਦੀ ਦੁਕਾਨ ਦੇ ਪਾਣੀ ਦੇ ਸੈਂਪਲਾਂ ਦੀ ਨਿਰੀਖਣ ਰਿਪੋਰਟ ਫੇਲ੍ਹ ਆਉਣ ਕਾਰਨ ਇਨ੍ਹਾਂ ਸਕੂਲਾਂ ਅਤੇ ਘਰਾਂ ਤੋਂ ਪਾਣੀ ਪੀਣ ਵਾਲੇ ਵਿਦਿਆਰਥੀਆਂ ਅਤੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਬਿਮਾਰੀਆਂ ਫੈਲਣ ਦਾ ਡਰ ਸਤਾ ਰਿਹਾ ਹੈ। ਜਦੋਂ ਕਿ ਪੰਜਾਬ ਦੇ ਸਿਹਤ ਵਿਭਾਗ ਵਲੋਂ ਸੰਬੰਧਿਤ ਸਕੂਲ ਮਾਲਕਾਂ ਅਤੇ ਹੋਰਨਾਂ ਨੂੰ ਇਸ ਸਬੰਧੀ ਸੁਰੱਖਿਅਤ ਕਦਮ ਚੁੱਕਣ ਲਈ ਕਿਹਾ ਗਿਆ ਹੈ। ਇਸ ਸੰਬੰਧੀ ਚਮਕੌਰ ਸਾਹਿਬ ਸਰਕਾਰੀ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ ਗੋਵਿੰਦ ਟੰਡਨ ਵੱਲੋਂ ਜਿਲ੍ਹੇ ਦੇ ਸਿਵਲ ਸਰਜਨ ਅਤੇ ਐਸਡੀਐਮ ਚਮਕੌਰ ਸਾਹਿਬ ਨੂੰ 16 ਸਤੰਬਰ ਨੂੰ ਭੇਜੇ ਪੱਤਰ ਵਿਚ ਕਿਹਾ ਕਿ ਸ਼ਹਿਰ ਦੇ ਨਾਲ ਲੱਗਦੇ ਇਕ ਸਕੂਲ ਪਿੰਡ ਅਮਰਾਲੀ ਪਿੰਡ ਸਲੇਮਪੁਰ ਅਤੇ ਸ਼ਹਿਰ ਵਿਚ ਕਈ ਦੁਕਾਨਾਂ ਸਮੇਤ ਪਿੰਡ ਬਰਸਾਲਪੁਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਦੁਕਾਨਾਂ ਘਰ ਵਿਚ ਵਰਤੇ ਜਾਂਦੇ ਪੀਣ ਵਾਲੇ ਪਾਣੀ ਦੇ ਸੈਂਪਲ ਸਿਹਤ ਕਰਮਚਾਰੀਆਂ ਵਲੋਂ 30 ਅਗਸਤ ਨੂੰ ਲਏ ਗਏ ਸਨ, ਜਿਹੜੇ ਕਿ ਸਟੇਟ ਪਬਲਿਕ ਹੈਲਥ ਲੈਬੋਟਰੀ ਪੰਜਾਬ ਖਰੜ ਤੋਂ ਟੈਸਟ ਕਰਵਾਏ ਗਏ ਹਨ ਅਤੇ ਜਿਨ੍ਹਾਂ ਦੀ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਸਕੂਲ, ਦੁਕਾਨਾਂ ਅਤੇ ਘਰ ਵਿਚ ਵਰਤਿਆ ਜਾਂਦਾ ਪੀਣ ਵਾਲਾ ਪਾਣੀ ਪੀਣ ਦੇ ਅਯੋਗ ਪਾਇਆ ਗਿਆ ਹੈ। ਸਿਹਤ ਅਧਿਕਾਰੀ ਡਾ ਗੋਬਿੰਦ ਟੰਡਨ ਵਲੋਂ ਉਪਰੋਕਤ ਸਕੂਲਾਂ, ਘਰਾਂ ਅਤੇ ਦੁਕਾਨਾਂ ਦੇ ਪ੍ਰਬੰਧਕਾਂ ਤੇ ਮਾਲਕਾਂ ਨੂੰ ਹਿਦਾਇਤ ਕੀਤੀ ਗਈ ਹੈ ਕਿ ਪਾਣੀ ਦੀਆਂ ਟੈਂਕੀਆਂ ਦੀ ਤੁਰੰਤ ਸਫਾਈ ਕਰਵਾਈ ਜਾਵੇ ਅਤੇ ਪੀਣ ਵਾਲੇ ਪਾਣੀ ਨੂੰ ਕਲੋਰੀਨੇਸ਼ਨ ਕਰਕੇ ਜਾਂ ਉਬਾਲ ਕੇ ਪੀਤਾ ਜਾਵੇ ਤਾਂ ਜੋ ਇਸ ਅਯੋਗ ਪਾਣੀ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਦੂਜੇ ਪਾਸੇ ਇੱਥੇ ਜਲ ਸਪਲਾਈ ਵਿਭਾਗ ਦੇ ਦਫਤਰ ਵਿਚ ਲੱਗਿਆ ਟਿਊਬਵੈਲ ਪਿੱਛਲੇ ਚਾਰ ਮਹੀਨਿਆਂ ਤੋਂ ਖੜ੍ਹਾ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ, ਕਿਉਂਕਿ ਇਹ ਟਿਊਬਵੈਲ 15 ਸਾਲ ਪਹਿਲਾਂ ਉਕਤ ਸਥਾਨ ਸਰਕਾਰ ਵਲੋਂ ਲਗਾ ਕੇ ਪਾਣੀ ਲਈ ਟੈਂਕੀ ਉਸਾਰੀ ਸੀ ਪਰ ਹੁਣ ਚਾਰ ਮਹੀਨਿਆਂ ਤੋਂ ਟਿਊਬਵੈਲ ਫੇਲ੍ਹ ਹੋਣ ਕਾਰਨ ਸ਼ਹਿਰ ਨੂੰ ਪਾਣੀ ਦੀ ਸਪਲਾਈ ਇਸ ਤੋਂ ਬੰਦ ਹੋ ਚੁੱਕੀ ਹੈ ਪਰ ਪਾਣੀ ਦੀ ਸਪਲਾਈ ਹੋਰ ਦੋ ਟਿਊਬਵੈਲਾਂ ਤੋਂ ਦਿੱਤੀ ਜਾ ਰਹੀ ਹੈ ਪ੍ਰੰਤੂ ਸ਼ਹਿਰ ਵਿਚ ਇਨ੍ਹਾਂ ਤੋਂ ਇਲਾਵਾ ਦੋ ਹੋਰ ਨਵੇਂ ਟਿਊਬਵੈਲ ਲਗਾਏ ਗਏ ਸਨ ਪਰ ਉਨ੍ਹਾਂ ਨੂੰ ਅਜੇ ਤੱਕ ਚਲਾਇਆ ਹੀ ਨਹੀਂ ਗਿਆ। ਜਦੋਂ ਇਸ ਸੰਬੰਧੀ ਜਲ ਸਪਲਾਈ ਵਿਭਾਗ ਦੇ ਐਸਡੀਓ ਸੰਦੀਪ ਸ਼ਰਮਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਖਰਾਬ ਟਿਊਬਵੈਲ ਸੰਬੰਧੀ ਅਤੇ ਨਵੇਂ ਟਿਊਬਵੈਲਾਂ ਨੂੰ ਚਲਾਉਣ ਲਈ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਸਰਕਾਰ ਨੂੰ ਲਿਖਤੀ ਦੱਸਿਆ ਗਿਆ ਹੈ ਪਰ ਅਜੇ ਤੱਕ ਕੁਝ ਵੀ ਨਹੀਂ ਕੀਤਾ ਗਿਆ।

## ਗਊ ਤਸਕਰੀ ਦੇ ਜ਼ਿੰਮੇਵਾਰ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕੀਤਾ ਜਾਵੇ : ਜ਼ਿਲ੍ਹਾ ਪ੍ਰਧਾਨ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਕਿਸਾਨ ਜਥੇਬੰਦੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਨੇ ਦਸੂਹਾ ਇਲਾਕੇ ਵਿਚ ਗਊ ਤਸਕਰੀ ਦੇ ਮਾਮਲੇ ਲਈ ਜ਼ਿੰਮੇਵਾਰ ਦੋਸ਼ੀਆਂ ਦੀ ਜਲਦ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਉੱਥੇ ਪੁਲਸ ਪ੍ਰਸ਼ਾਸਨ ਵੱਲੋਂ ਢਿੱਲੀ ਕਾਰਵਾਈ ਪ੍ਰਤੀ ਰੋਸ ਵੀ ਜਤਾਇਆ ਹੈ। ਜ਼ਿਲ੍ਹਾ ਪ੍ਰਧਾਨ ਭੁੱਲਾ ਨੇ ਆਖਿਆ ਕਿ 18 ਸਤੰਬਰ ਨੂੰ ਥਾਣਾ ਦਸੂਹਾ ਵਿਚ ਦਰਜ ਮਾਮਲੇ ਦੇ ਸੰਬੰਧ ਵਿਚ ਅਜੇ ਤੱਕ ਕੋਈ ਗ੍ਰਿਫਤਾਰੀ ਨਾ ਹੋਣ ਕਾਰਨ ਗਊ ਸੇਵਕਾਂ ਵਿਚ ਭਾਰੀ ਰੋਸ ਹੈ।ਉਨ੍ਹਾਂ ਦੱਸਿਆ ਕਿ ਰਾਜੀਵ ਦੀਕਸ਼ਤ ਗਊਸ਼ਾਲਾ ਦਸੂਹਾ ਦੇ ਮੁੱਖ ਸੇਵਾਦਾਰ ਬਾਬੂ ਅਰੁਣ ਕੁਮਾਰ ਦੀ ਅਗਵਾਈ ਵਿਚ ਗਊ ਸੇਵਕਾਂ ਨੇ ਹਾਈਵੇ ਤੇ ਗਊ ਤਸਕਰੀ ਕਰਦੇ ਹੋਏ ਜੰਮੂ ਕਸ਼ਮੀਰ ਲਿਜਾਈਆਂ ਜਾ ਰਹੀਆਂ ਗਊਆਂ ਨਾਲ ਭਰੇ ਟਰੱਕ ਵਿੱਚੋਂ ਗਊ ਵੰਸ਼ ਨੂੰ ਬਚਾਇਆ। ਇਸ ਦੌਰਾਨ ਇਸ ਲਈ ਜ਼ਿੰਮੇਵਾਰ ਦੋਸ਼ੀ ਇਕ ਗੱਡੀ ਵਿਚ ਸਵਾਰ ਹੋ ਕੇ ਫਰਾਰ ਹੋ ਗਏ ।ਪੁਲਸ ਨੇ ਮਾਮਲਾ ਤਾਂ ਦਰਜ ਕੀਤਾ ਹੈ ਪਰੰਤੂ ਦੋਸ਼ੀਆਂ ਨੂੰ ਕਾਬੂ ਨਹੀਂ ਕੀਤਾ । ਭੁੱਲਾ ਨੇ ਆਖਿਆ ਕਿ ਗਊ ਤਸਕਰੀ ਦੇ ਸਾਰੇ ਦੋਸ਼ੀਆਂ ਕਾਬੂ ਕਰਕੇ ਇਸ ਮਹਾਪਾਪ ਲਈ ਬਣੇ ਨੈਟਵਰਕ ਦਾ ਪਰਦਾਫਾਸ਼ ਕੀਤਾ ਜਾਵੇ ।ਉਨ੍ਹਾਂ ਆਖਿਆ ਜੇਕਰ ਪੁਲਸ ਨੇ ਜਲਦ ਦੋਸ਼ੀਆਂ ਨੂੰ ਨਾ ਫੜਿਆ ਤਾਂ ਜਥੇਬੰਦੀ ਸੰਘਰਸ਼ ਲਈ ਮਜਬੂਰ ਹੋਵੇਗੀ ।

### ਮਾਮਲਾ ਆੜ੍ਹਤੀਆਂ ਵੱਲੋਂ ਕਿਸਾਨਾਂ ਨਾਲ ਧੋਖਾਧੜੀ ਦਾ

# ਭਾਕਿਯੂ ਡਕੌਂਦਾ ਨੇ ਲਾਇਆ ਮੌੜ ਥਾਣੇ ਸਾਹਮਣੇ ਧਰਨਾ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਪਿਛਲੇ ਕਈ ਦਿਨਾਂ ਤੋਂ ਮੌੜ ਮੰਡੀ ਚੌਕ 'ਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਬੁਰਜ ਗਿੱਲ) ਵੱਲੋਂ ਮੌੜ ਦੇ ਆਸ-ਪਾਸ ਦੇ ਕਈ ਪਿੰਡਾਂ ਦੇ ਕਿਸਾਨਾਂ ਨਾਲ ਜੱਸਾ, ਸੰਜੀਵ ਕੁਮਾਰ ਤੇ ਉਸ ਦੇ ਤਿੰਨ ਹੋਰ ਸਾਥੀਆਂ ਨੇ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਭੋਲੇ ਭਲੇ ਕਿਸਾਨਾਂ ਨਾਲ 15-16 ਕਰੋੜ ਦੀ ਠੱਗੀ ਮਾਰ ਕੇ ਰਫੂਚਕਰ ਹੋਏ ਦੋਸ਼ੀਆਂ 'ਤੇ ਪਰਚਾ ਦਰਜਾ ਕਰਵਾ ਕੇ ਪੀੜਤ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਲਈ ਕਈ ਦਿਨਾਂ ਤੋਂ ਪੱਕਾ ਧਰਨਾ ਦਿੱਤਾ ਹੋਇਆ ਹੈ। ਪ੍ਰਸ਼ਾਸਨ ਨੇ ਭਾਵੇਂ ਦੋ ਦੋਸ਼ੀਆਂ 'ਤੇ ਐੱਫ ਆਈ ਆਰ ਕੱਟ ਦਿੱਤੀ ਹੈ, ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਕੀਤੀ। ਇਸ ਸੰਬੰਧੀ ਅੱਜ ਵੱਡਾ ਇਕੱਠ ਕਰਕੇ ਦੋ ਘੰਟੇ ਤੱਕ ਮਜਬੂਰੀ ਵੱਸ ਰੋਡ ਜਾਮ ਕਰਨਾ ਪਿਆ ਤਾਂ ਕਿ ਸੁੱਤੇ ਪਏ ਪ੍ਰਸ਼ਾਸਨ ਦੀਆਂ ਅੱਖਾਂ ਖੁੱਲ੍ਹ ਸਕਣ, ਉਸ ਤੋਂ ਬਾਅਦ ਮੁਜ਼ਾਹਰਾ ਸ਼ਹਿਰ ਵੱਲ ਲਿਜਾ ਕੇ ਪੁਲਸ ਥਾਣੇ ਦੇ ਸਾਹਮਣੇ ਸਿਵਲ ਪ੍ਰਸ਼ਾਸਨ ਦੀ ਅਰਥੀ ਸਾੜੀ ਗਈ।

ਬਲਦੇਵ ਸਿੰਘ ਭਾਈਰੂਪਾ ਜ਼ਿਲ੍ਹਾ ਪ੍ਰਧਾਨ ਬਠਿੰਡਾ ਨੇ ਕਿਹਾ ਕਿ ਸਾਡਾ ਸਬਰ ਨਾ ਪਰਖਿਆ ਜਾਵੇ, ਕਿਸਾਨਾਂ ਦੀ ਹਾਲਤ ਪਹਿਲਾਂ ਹੀ ਬਹੁਤ ਖਸਤਾ ਹੈ, ਇਨ੍ਹਾਂ ਪੰਜਾਂ ਦੋਸ਼ੀਆਂ 'ਤੇ ਪਰਚਾ ਦਰਜ ਕਰਕੇ ਇਨ੍ਹਾਂ ਨੂੰ ਜੇਲ੍ਹ ਵਿੱਚ ਡੱਕਿਆ ਜਾਵੇ ਅਤੇ ਇਨ੍ਹਾਂ ਦੀਆਂ ਪ੍ਰੋਪਰਟੀਆਂ ਨੂੰ ਜਬਤ ਕਰਕੇ ਕਿਸਾਨਾਂ ਦਾ ਇੱਕ ਇੱਕ ਪੈਸਾ ਵਾਪਸ ਕੀਤਾ ਜਾਵੇ। ਇਸ ਮੌਕੇ ਮਹਿੰਦਰ ਸਿੰਘ ਭੈਣੀ ਬਾਘਾ ਜ਼ਿਲ੍ਹਾ ਪ੍ਰਧਾਨ ਮਾਨਸਾ ਨੇ ਕਿਹਾ ਕਿ ਜੇ ਅਜੇ ਵੀ ਪੁਲਸ ਤੇ ਸਿਵਲ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਨਾ ਸਰਕੀ ਤਾਂ ਆਉਣ ਵਾਲੀ 28 ਤਰੀਕ ਨੂੰ ਵੱਡਾ ਇਕੱਠ ਕਰਕੇ ਅੱਗੇ ਵਧਣ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜਮਹਿੰਦਰ ਸਿੰਘ ਕੋਟ ਭਾਰਾ ਜ਼ਿਲ੍ਹਾ ਜਰਨਲ ਸਕੱਤਰ ਬਠਿੰਡਾ, ਸਤਪਾਲ ਸਿੰਘ ਵਰ੍ਹੇ ਜਰਨਲ ਸਕੱਤਰ ਜ਼ਿਲ੍ਹਾ ਮਾਨਸਾ, ਮਨਜੀਤ ਸਿੰਘ ਉੱਲਕ ਪ੍ਰੈੱਸ ਸਕੱਤਰ ਜ਼ਿਲ੍ਹਾ ਮਾਨਸਾ, ਅਵਤਾਰ ਸਿੰਘ ਕੁੱਬੇ ਜ਼ਿਲ੍ਹਾ ਖਜ਼ਾਨਚੀ, ਹਰਦੇਵ ਸਿੰਘ ਰਾਠੀ ਬੁਰਜ ਬਲਾਕ ਪ੍ਰਧਾਨ ਮਾਨਸਾ, ਸੁਖਵਿੰਦਰ ਸਿੰਘ ਸੱਦਾ ਸਿੰਘ ਵਾਲਾ ਜਨਰਲ ਸਕੱਤਰ ਬਲਾਕ ਮਾਨਸਾ, ਬੂਟਾ ਸਿੰਘ ਤੁੰਗਵਾਲੀ ਬਲਾਕ ਪ੍ਰਧਾਨ ਨਥਾਣਾ, ਜਗਸੀਰ ਸਿੰਘ ਕੋਟ ਭਾਰਾ, ਜਸਪਾਲ ਸਿੰਘ ਕੁੱਬੇ ਬਲਾਕ ਆਗੂ, ਹਰਦੀਪ ਸਿੰਘ ਕਮਾਲੂ ਪਿੰਡ ਇਕਾਈ ਪ੍ਰਧਾਨ, ਗੁਰਲਾਲ ਸਿੰਘ ਕਮਾਲੂ, ਚਰਨਜੀਤ ਸਿੰਘ ਕਮਾਲੂ ਤੇ ਵੱਡੀ ਗਿਣਤੀ 'ਚ ਕਿਸਾਨ ਮੌਜੂਦ ਸਨ।

## 7 ਪੇਟੀਆਂ ਨਜਾਇਜ਼ ਸ਼ਰਾਬ ਤੇ ਕਾਰ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 7 ਪੇਟੀਆਂ ਨਜਾਇਜ਼ ਸ਼ਰਾਬ (4 ਅੰਗਰੇਜ਼ੀ ਤੇ 3 ਦੇਸੀ) ਸਮੇਤ ਕਾਰ ਸਵਿਫਟ ਸਣੇ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਜਗਰੂਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਏਰੀਆ ਮੋਦੀ ਮਿੱਲ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਸਾਜਨ ਪੁੱਤਰ ਸਰਵਣ ਕੁਮਾਰ ਵਾਸੀ ਮੁਹੱਲਾ ਡੋਲਿਆਂ ਵਾਲਾ ਨੇੜੇ ਮੂਲੇ ਦੀ ਚੱਕੀ ਮੁਲਤਾਨੀ ਗੇਟ ਸਿਟੀ ਫਿਰੋਜ਼ਪੁਰ ਸ਼ਰਾਬ ਅੰਗਰੇਜ਼ੀ, ਦੇਸੀ ਸਸਤੇ ਭਾਅ ਲਿਆ ਕੇ ਆਪਣੇ ਏਰੀਆ ਵਿੱਚ ਮਹਿੰਗੇ ਭਾਅ 'ਤੇ ਵੇਚਣ ਦਾ ਆਦੀ ਹੈ, ਜੋ ਅੱਜ ਸਵਿਫਟ ਕਾਰ ਨੰਬਰ ਪੀਬੀ 30 ਏਏ 2863 ਵਿੱਚ ਠੇਕਾ ਅੰਗਰੇਜ਼ੀ ਸ਼ਰਾਬ ਦੀਆਂ ਕਾਫੀ ਪੇਟੀਆਂ ਰੱਖ ਕੇ ਖਾਈ ਵੱਲੋਂ ਫਿਰੋਜ਼ਪੁਰ ਸ਼ਹਿਰ ਵੱਲ ਆ ਰਿਹਾ ਹੈ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀ ਸਾਜਨ ਨੂੰ 7 ਪੇਟੀਆਂ ਸ਼ਰਾਬ (4 ਅੰਗਰੇਜ਼ੀ ਤੇ 3 ਦੇਸੀ) ਸਮੇਤ ਕਾਰ ਸਵਿਫਟ ਦੇ ਕਾਬੂ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਔਰਤਾਂ ਨੇ ਨਸ਼ਿਆਂ ਖ਼ਿਲਾਫ਼ ਖੋਲ੍ਹਿਆ ਮੋਰਚਾ



**ਮਾਨਸਾ (ਆਤਮਾ ਸਿੰਘ ਪਮਾਰ)**-ਵਾਰਡ ਨੰਬਰ 17 ਸ਼ਹੀਦ ਭਾਈ ਜੀਵਨ ਸਿੰਘ ਜੀ ਧਰਮਸ਼ਾਲਾ ਮੁਹੱਲੇ ਦੀਆਂ ਔਰਤਾਂ ਨੇ ਪੁਲਸ ਪ੍ਰਸ਼ਾਸਨ ਦੀ ਨਾਲਾਇਕੀ ਕਾਰਣ ਨਸ਼ਿਆਂ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ।ਮੁਹੱਲੇ ਦੀਆਂ ਔਰਤਾਂ ਮਨਦੀਪ ਕੌਰ ਅਮਰਜੀਤ ਕੌਰ, ਸੀਤੋ ਕੌਰ, ਕਮਲ ਕੌਰ, ਕਿਰਨਦੀਪ ਕੌਰ, ਜਸਵੀਰ ਕੌਰ ਨੇ ਦੱਸਿਆ ਕਿ ਇਸ ਮਜ਼ਦੂਰ ਮੁਹੱਲੇ ਵਿੱਚ ਨਾਜਾਇਜ਼ ਸ਼ਰਾਬ, ਸਮੈਕ, ਚਿੱਟਾ ਤੇ ਨਸ਼ੀਲੀਆਂ ਗੋਲੀਆਂ ਕੁੱਝ ਵਿਅਕਤੀਆਂ ਵੱਲੋਂ ਸ਼ਰੇਆਮ ਵੇਚੀਆ ਜਾ ਰਹੀਆਂ ਸਨ।ਨਸ਼ੇੜੀ ਦਿਨ ਰਾਤ ਨਸ਼ਾ ਲੈਣ ਲਈ ਆਉਂਦੇ ਹਨ, ਜਿਸ ਕਰਨ ਔਰਤਾਂ ਨੂੰ ਘਰਾਂ ਵਿਚੋਂ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ ਸੀ।ਔਰਤਾਂ ਨੇ ਇੱਕਠੇ ਹੋ ਕੇ ਰੋਕਣਾ ਚਾਹਿਆ, ਪਰ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਦਾ ਕਹਿਣਾ ਸੀ ਕਿ ਅਸੀਂ ਪੁਲਸ ਨੂੰ ਮਹੀਨਾ ਦਿੰਦੇ ਹਾਂ ਸਾਨੂੰ ਕੋਈ ਨਹੀ ਰੋਕ ਸਕਦਾ।ਅਖੀਰ ਅੱਕ ਕੇ ਔਰਤਾਂ ਵੱਲੋਂ ਪਿਛਲੇ 15 ਦਿਨਾਂ ਤੋਂ ਡਾਂਗਾਂ ਨਾਲ ਲੈਸ ਹੋ ਕੇ ਮੁਹੱਲੇ 'ਚ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ ਹੈ।ਔਰਤਾਂ ਤੋਂ ਡਰਦੇ ਨਸ਼ੇੜੀਆਂ ਨੇ ਮੁਹੱਲੇ 'ਚ ਵੜਨਾ ਛੱਡ ਦਿੱਤਾ ਹੈ।ਅੱਜ ਮੁਹੱਲੇ ਵਿੱਚ ਨਸ਼ਿਆਂ ਖਿਲਾਫ ਰੈਲੀ ਕੀਤੀ ਗਈ, ਜਿਸ ਨੂੰ ਲਿਬਰੇਸ਼ਨ ਪਾਰਟੀ ਦੇ ਆਗੂ ਸੁਰਿੰਦਰਪਾਲ ਸ਼ਰਮਾ, ਪ੍ਰਗਤੀਸ਼ੀਲ ਇਸਤਰੀ ਸਭਾ ਦੇ ਆਗੂ ਬਲਵਿੰਦਰ ਕੌਰ ਖਾਰਾ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਮਖੱਣ ਸਿੰਘ ਮਾਨ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਆਗੂ ਨਿਰਮਲ ਸਿੰਘ ਝੰਡੂਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਨਸ਼ਿਆਂ ਦੇ ਕਾਰੋਬਾਰ ਕਰਨ ਵਾਲਿਆਂ ਖਿਲਾਫ ਠੋਸ ਕਦਮ ਨਾ ਚੁੱਕੇ ਤਾਂ ਐੱਸ ਐੱਸ ਪੀ ਮਾਨਸਾ ਤੇ ਭਗਵੰਤ ਮਾਨ ਸਰਕਾਰ ਦੀ ਅਰਥੀ ਸਿਟੀ ਥਾਣਾ -1 ਮਾਨਸਾ ਅੱਗੇ ਸਾੜੀ ਜਾਵੇਗੀ।

## 7 ਦੇ ਧਰਨੇ ਸੰਬੰਧੀ ਜਮਹੂਰੀ ਕਿਸਾਨ ਸਭਾ ਦੀ ਮੀਟਿੰਗ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਭਾਖੜਾ ਨਹਿਰ ਵਿੱਚੋਂ ਖੇਤੀ ਤੇ ਪੀਣ ਯੋਗ ਪਾਣੀ ਪੂਰੀ ਮਾਤਰਾ ਵਿੱਚ ਲੈਣ ਸਬੰਧੀ ਚੱਲ ਰਹੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਜਮਹੂਰੀ ਕਿਸਾਨ ਸਭਾ ਪੰਜਾਬ ਦੀ ਤਹਿਸੀਲ ਕਮੇਟੀ ਦੇ ਸੱਦੇ ਉੱਪਰ ਇੱਕ ਮੀਟਿੰਗ ਇਤਿਹਾਸਕ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਛੋਹ ਪ੍ਰਾਪਤ ਝੰਡਾ ਕਲਾਂ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਇੱਕ ਦਰਜਨ ਤੋਂ ਵੱਧ ਪਿੰਡਾਂ ਤੋਂ ਕਿਸਾਨਾਂ ਨੇ ਸ਼ਮੂਲੀਅਤ ਕੀਤੀ, ਜਿਸ 'ਚ 6 ਸਤੰਬਰ ਐਕਸੀਅਨ ਦਫ਼ਤਰ ਜਵਾਹਰਕੇ ਦਿੱਤੇ ਧਰਨੇ ਦੀ ਸਫਲਤਾ ਉਪਰ ਸੰਤੁਸ਼ਟੀ ਪ੍ਰਗਟ ਕੀਤੀ ਗਈ ਅਤੇ 7 ਅਕਤੂਬਰ ਨੂੰ ਸੰਘਰਸ਼ ਦੇ ਅਗਲੇ ਪੜਾਅ ਵਜੋਂ ਪੰਜਾਬ ਦੇ ਸਿੰਚਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਘਰ ਮੂਹਰੇ ਦਿੱਤੇ ਜਾ ਰਹੇ ਧਰਨੇ ਦੀ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਧਰਨੇ ਵਿੱਚ ਹਰ ਇੱਕ ਪਿੰਡ ਤੋਂ ਵੱਧ ਤੋਂ ਵੱਧ ਕਿਸਾਨਾਂ ਨੂੰ ਲਿਜਾਣ ਲਈ ਵਹੀਕਲਾਂ ਦਾ ਪ੍ਰਬੰਧ ਕਰਨ ਲਈ ਡਿਊਟੀਆਂ ਲਗਾਈਆਂ ਗਈਆਂ।ਜਮਹੂਰੀ ਕਿਸਾਨ ਸਭਾ ਦੇ ਤਹਿਸੀਲ ਪ੍ਰਧਾਨ ਮੰਗਤ ਰਾਮ ਕਰੰਡੀ ਨੇ ਦੱਸਿਆ ਕਿ ਇਸ ਧਰਨੇ ਵਿੱਚ ਸਰਦੂਲਗੜ੍ਹ ਇਲਾਕੇ ਵਿੱਚੋਂ ਸੈਂਕੜੇ ਕਿਸਾਨ ਸ਼ਾਮਲ ਹੋਣਗੇ।ਇਸ ਧਰਨੇ ਨੂੰ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ ਤੋਂ ਇਲਾਵਾ ਸਾਥੀ ਲਾਲ ਚੰਦ ਸਰਦੂਲਗੜ੍ਹ ਤੇ ਹੋਰ ਆਗੂ ਸੰਬੋਧਨ ਕਰਨਗੇ।

## ਸੰਤ ਮਹੇਸ਼ਮੁਨੀ ਦੀ ਬਰਸੀ ਧੂਮਧਾਮ ਨਾਲ ਮਨਾਈ



**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੀ ਗਊਸ਼ਾਲਾ ਵਿਖੇ ਸੰਤ ਮਹੇਸ਼ਮੁਨੀ ਜੀ ਬੋਰੇ ਵਾਲਿਆਂ ਦੀ 19ਵੀਂ ਬਰਸੀ ਬੜੀ ਧੂਮ ਧਾਮ ਤੇ ਸ਼ਰਧਾ ਪੂਰਵਕ ਮਨਾਈ ਗਈ।ਇਸ ਮੌਕੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਸਮੇਤ ਇਲਾਕੇ ਭਰ ਦੀਆਂ ਸੰਗਤਾਂ ਵੱਲੋਂ ਹਾਜ਼ਰੀ ਭਰੀ ਗਈ।ਬਰਸੀ ਨੂੰ ਲੈ ਕੇ ਸਥਾਨਕ ਗਊਸ਼ਾਲਾ ਵਿਖੇ 2 ਸਤੰਬਰ ਤੋਂ ਲਗਾਤਾਰ ਪਾਠ ਕਰਵਾਏ ਜਾ ਰਹੇ ਸਨ ਅਤੇ ਅੱਜ ਇਨ੍ਹਾਂ ਪਾਠਾਂ ਦੀ ਲੜੀ ਦੇ ਵੱਡੇ ਭੋਗ ਪਾਏ ਗਏ। ਇਸ ਮੌਕੇ ਪ੍ਰਬੰਧਾਂ ਦੀ ਘਾਟ ਵੀ ਰੜਕੀ।ਭਾਵੇਂ ਹੀ ਥਾਣਾ ਦਿਆਲਪੁਰਾ ਦੀ ਪੁਲਸ ਵੱਲੋਂ ਥਾਣਾ ਮੁਖੀ ਜਗਰੂਪ ਸਿੰਘ ਦੀ ਅਗਵਾਈ ਹੇਠ ਡਿਊਟੀ ਨਿਭਾਈ ਗਈ, ਪਰ ਫੇਰ ਵੀ ਕੁਝ ਔਰਤਾਂ ਦੇ ਪਰਸ ਚੋਰੀ ਹੋਣ ਦੀ ਸੂਹ ਪ੍ਰਾਪਤ ਹੋਈ ਹੈ।ਇੱਕ ਔਰਤ ਨਸੀਬ ਕੌਰ ਜਿਹੜੀ ਕਿ ਠੱਠੀ ਪਿੰਡ ਦੀ ਰਹਿਣ ਵਾਲੀ ਸੀ, ਨੇ ਦੱਸਿਆ ਕਿ ਉਸ ਦਾ ਪਰਸ ਚੋਰੀ ਹੋ ਗਿਆ ਹੈ, ਜਿਸ ਵਿੱਚ ਨਗਦੀ ਸਮੇਤ ਕੰਨਾਂ ਦੀਆਂ ਵਾਲੀਆਂ ਮੌਜੂਦ ਸਨ।ਇਸ ਮੌਕੇ ਗਊਸ਼ਾਲਾ ਕਮੇਟੀ ਦੇ ਆਗੂ ਤੇ ਸੇਵਾਦਾਰ ਹਾਜ਼ਰ ਸਨ।

## ਨੌਜਵਾਨ ਲੜਕੀ ਵੱਲੋਂ ਖੁਦਕੁਸ਼ੀ

**ਮਾਨਸਾ (ਰੀਤਵਾਲ)**-ਸਥਾਨਕ ਸ਼ਹਿਰ ਦੀ ਭੱਠਾ ਬਸਤੀ ਦੀ ਇੱਕ ਨੌਜਵਾਨ ਲੜਕੀ ਵੱਲੋਂ ਖੁਦਕੁਸ਼ੀ ਕਰਨ ਦਾ ਦੁੱਖਦਾਈ ਸਮਾਚਾਰ ਹੈ।

ਥਾਣਾ ਸਿਟੀ (2) ਦੀ ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕਾ ਜੰਨਤ (22) ਦੀ ਮਾਤਾ ਸੁਮਨ ਦੇ ਬਿਆਨਾਂ ਅਨੁਸਾਰ ਉਸ ਦੀ ਲੜਕੀ ਨੂੰ ਤਿੰਨਕੋਣੀ ਰੋਡ 'ਤੇ ਇੱਕ ਮੈਡੀਕਲ ਪ੍ਰੈਕਟਸ ਕਰਨ ਵਾਲਾ ਸ਼ਾਦੀਸ਼ੁਦਾ ਗੁਰਪ੍ਰੀਤ ਸਿੰਘ ਵਾਸੀ ਠੂਠਿਆਂਵਾਲੀ, ਜੋ ਸਮਝਾਉਣ ਦੇ ਬਾਵਜੂਦ ਤੰਗ ਪ੍ਰੇਸ਼ਾਨ ਕਰਨ ਦੇ ਨਾਲ ਨਾਲ ਪਿੱਛਾ ਕਰਦਾ ਰਹਿੰਦਾ ਸੀ, ਜਿਸ ਨੂੰ ਲੈ ਕੇ ਪੁਲਸ ਨੂੰ ਵੀ ਸ਼ਿਕਾਇਤ ਕੀਤੀ ਗਈ ਸੀ, ਜਿਸ ਤੋਂ ਪ੍ਰੇਸ਼ਾਨ ਹੋ ਕੇ ਸ਼ਨੀਵਾਰ ਦੀ ਸਵੇਰ ਮੇਰੀ ਬੇਟੀ ਨੇ ਆਪਣੇ ਘਰ 'ਚ ਖੁਦ ਨੂੰ ਗਲਫਾਹਾ ਲਗਾ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ।

ਪੁਲਸ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੀ ਮਾਤਾ ਸੁਮਨ ਦੇ ਬਿਆਨਾਂ 'ਤੇ ਗੁਰਪ੍ਰੀਤ ਸਿੰਘ ਵਾਸੀ ਠੂਠਿਆਂਵਾਲੀ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ।

## ਸੈਂਟਰ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ 'ਚ ਓਵਰਆਲ ਟਰਾਫੀ ਕਾਤਰੋਂ ਸਕੂਲ ਨੇ ਜਿੱਤੀ



**ਸ਼ੇਰਪੁਰ (ਸੁਖਦੇਵ ਧੂਰੀ)**-ਸਰਕਾਰੀ ਪ੍ਰਾਇਮਰੀ ਸਕੂਲ ਕਾਤਰੋਂ ਵਿਖੇ ਸੈਂਟਰ ਸ਼ੇਰਪੁਰ ਦੀਆਂ ਸੈਂਟਰ ਪੱਧਰੀ ਖੇਡਾਂ ਸੰਪੰਨ ਹੋ ਗਈਆਂ ਹਨ।ਇਨ੍ਹਾਂ ਖੇਡ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਲਈ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਪੁੰਨੂ ਕਾਤਰੋਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਤੇ ਜੇਤੂ ਬੱਚਿਆਂ ਨੂੰ ਮੈਡਲ ਪਾ ਕੇ ਹੌਸਲਾ ਅਫਜ਼ਾਈ ਕੀਤੀ।ਸੀ ਐੱਚ ਟੀ ਕਰਮਜੀਤ ਸਿੰਘ ਨੇ ਦੱਸਿਆ ਕਿ ਫੁੱਟਬਾਲ ਮੁੰਡੇ, ਕੁੜੀਆਂ ਤੇ ਸਰਕਲ ਕਬੱਡੀ ਵਿੱਚ ਕਾਤਰੋਂ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਕਾਲਾਬੂਲਾ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਰੱਸਾਕਸੀ ਦੇ ਮੁਕਾਬਲੇ ਵਿੱਚ ਸ਼ੇਰਪੁਰ-1 ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਕਾਤਰੋਂ ਸਕੂਲ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਨੈਸ਼ਨਲ ਕਬੱਡੀ ਕੁੜੀਆਂ ਵਿੱਚ ਕਾਤਰੋਂ ਨੇ ਪਹਿਲਾ ਤੇ ਅਲੀਪੁਰ ਖਾਲਸਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਯੋਗਾ ਮੁੰਡੇ, ਕੁੜੀਆਂ ਦੇ ਮੁਕਾਬਲਿਆਂ ਵਿੱਚ ਸ਼ੇਰਪੁਰ-1 ਨੇ ਪਹਿਲਾ ਤੇ ਸ਼ੇਰਪੁਰ-2 ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਬੈਡਮਿੰਟਨ ਵਿੱਚ ਸ਼ੇਰਪੁਰ-1 ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਕੁਸ਼ਤੀ 25 ਕਿੱਲੋ ਵਿੱਚ ਸ਼ੇਰਪੁਰ-1 ਨੇ ਪਹਿਲਾ ਤੇ ਕਾਤਰੋਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕੁਸ਼ਤੀ 28 ਕਿੱਲੋ ਵਿੱਚ ਸ਼ੇਰਪੁਰ ਨੇ ਪਹਿਲਾ ਤੇ ਕਾਤਰੋਂ ਨੇ ਦੂਸਰਾ ਸਥਾਨ, ਕੁਸ਼ਤੀ 30 ਕਿੱਲੋ ਵਿੱਚ ਕਾਤਰੋਂ ਨੇ ਪਹਿਲਾ ਤੇ ਰਾਮ ਨਗਰ ਛੰਨਾ ਨੇ ਦੂਸਰਾ ਸਥਾਨ, ਕੁਸ਼ਤੀ 32 ਕਿੱਲੋ ਵਿੱਚ ਸ਼ੇਰਪੁਰ-1 ਨੇ ਪਹਿਲਾ ਤੇ ਕਾਤਰੋਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 400 ਮੀਟਰ ਕੁੜੀਆਂ ਦੇ ਮੁਕਾਬਲੇ ਵਿੱਚ ਕਾਤਰੋਂ ਨੇ ਪਹਿਲਾ ਤੇ ਦੂਸਰਾ ਸਥਾਨ, 600 ਮੀਟਰ ਕੁੜੀਆਂ ਦੇ ਮੁਕਾਬਲਿਆਂ ਵਿੱਚ ਕਾਤਰੋਂ ਨੇ ਪਹਿਲਾ ਤੇ ਸ਼ੇਰਪੁਰ-1 ਨੇ ਦੂਸਰਾ ਸਥਾਨ, 400 ਮੀਟਰ ਮੁੰਡਿਆਂ ਦੇ ਮੁਕਾਬਲਿਆਂ ਵਿੱਚ ਕਾਲਾ ਬੂਲਾ ਨੇ ਪਹਿਲਾ ਤੇ ਅਲੀਪੁਰ ਖਾਲਸਾ ਨੇ ਦੂਸਰਾ ਸਥਾਨ, 600 ਮੀਟਰ ਮੁੰਡਿਆਂ ਦੇ ਮੁਕਾਬਲਿਆਂ ਵਿੱਚ ਕਾਤਰੋਂ ਨੇ ਪਹਿਲਾ ਤੇ ਦੂਸਰਾ ਸਥਾਨ, 400 ਮੀਟਰ ਮੁੰਡੇ ਰਿਲੇਅ 'ਚ ਕਾਤਰੋਂ ਨੇ ਪਹਿਲਾ ਤੇ ਕਾਲਾ ਬੂਲਾ ਨੇ ਦੂਸਰਾ ਸਥਾਨ, 400 ਮੀਟਰ ਰਿਲੇਅ ਕੁੜੀਆਂ ਦੇ ਮੁਕਾਬਲੇ ਵਿੱਚ ਕਾਤਰੋਂ ਨੇ ਪਹਿਲਾ ਤੇ ਸ਼ੇਰਪੁਰ-1 ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਲੰਗਰ ਦੀ ਸੇਵਾ ਕਰਨ ਵਾਲੇ ਸਾਰੇ ਸੇਵਾਦਾਰਾਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਵਿੰਦਰ ਸਿੰਘ ਮਿੱਠੀ, ਕੈਪਟਨ ਜਤਿੰਦਰ ਸਿੰਘ, ਕੁਲਵਿੰਦਰ ਸਿੰਘ ਹੈੱਡ ਟੀਚਰ, ਬਲਜਿੰਦਰਜੀਤ ਸਿੰਘ ਹੈੱਡ ਟੀਚਰ, ਜਸਵਿੰਦਰ ਸਿੰਘ ਕਾਤਰੋਂ, ਗੁਰਸੇਵਕ ਸਿੰਘ ਬਾਗੜੀ, ਸਿਮਰਦੀਪ ਸਿੰਮੀ, ਜਗਦੇਵ ਸਿੰਘ, ਕੁਲਪ੍ਰੀਤ ਸਿੰਘ ਰਾਮ ਨਗਰ ਛੰਨਾ, ਮੇਜਰ ਸਿੰਘ ਸ਼ੇਰਪੁਰ, ਜਸਪ੍ਰੀਤ ਕੌਰ, ਪਰਮਜੀਤ ਕੌਰ, ਅਮਨਦੀਪ ਕੌਰ, ਸਤਵੰਤ ਕੌਰ, ਸੁਖਵਿੰਦਰ ਕੌਰ, ਨੇਹਾ, ਗੁਰਪ੍ਰੀਤ ਕੌਰ ਹਾਜ਼ਰ ਸਨ।

## ਕਾਰ ਸਵਾਰ ਔਰਤਾਂ ਨੇ ਲਿਫਟ ਦੇ ਕੇ ਔਰਤ ਦਾ ਲੁੱਟਿਆ ਸੋਨੇ ਦਾ ਕੜਾ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸ਼ਹਿਰ ਵਿੱਚ ਦਿਨ-ਦਿਹਾੜੇ ਸਤਿਸੰਗੀ ਬਣ ਕੇ ਆਈਆਂ ਲੁਟੇਰਨ ਔਰਤਾਂ ਨੇ ਇੱਕ ਔਰਤ ਨੂੰ ਹੀ ਲੁੱਟ ਲਿਆ। ਜਾਣਕਾਰੀ ਮੁਤਾਬਿਕ ਮਾਛੀਵਾੜਾ ਸ਼ਹਿਰ ਨਿਵਾਸੀ ਸਵਰਨ ਕਾਂਤਾ ਆਪਣੇ ਪਰਿਵਾਰਕ ਮੈਂਬਰ ਨਾਲ ਬੱਸ ਸਟੈਂਡ ਨੇੜੇ ਸਤਿਸੰਗ 'ਤੇ ਜਾਣ ਲਈ ਬੱਸ ਦਾ ਇੰਤਜ਼ਾਰ ਕਰ ਰਹੀ ਸੀ ਕਿ ਇੱਕ ਸਵਿਫ਼ਟ ਕਾਰ ਉਨ੍ਹਾਂ ਕੋਲ ਆ ਕੇ ਰੁਕੀ। ਸਵਿਫ਼ਟ ਕਾਰ ਨੂੰ ਇੱਕ ਵਿਅਕਤੀ ਚਲਾ ਰਿਹਾ ਸੀ, ਜਿਸ ਪਿੱਛੇ 2 ਔਰਤਾਂ ਬੈਠੀਆਂ ਸਨ, ਉਨ੍ਹਾਂ ਨੇ ਸਵਰਨ ਕਾਂਤਾ ਨੂੰ ਕਿਹਾ ਕਿ ਉਹ ਵੀ ਸਤਿਸੰਗੀ ਹਨ ਅਤੇ ਸਤਿਸੰਗ 'ਤੇ ਜਾ ਰਹੀਆਂ ਹਨ, ਜੋ ਸਾਡੇ ਨਾਲ ਗੱਡੀ ਵਿੱਚ ਬੈਠ ਜਾਵੇ। ਸਵਰਨ ਕਾਂਤਾ ਤੇ ਉਸ ਨਾਲ ਖੜੀ ਇੱਕ ਹੋਰ ਔਰਤ ਦੋਵੇਂ ਹੀ ਗੱਡੀ ਵਿੱਚ ਬੈਠ ਗਈਆਂ ਅਤੇ ਕੁਝ ਹੀ ਕਦਮ ਦੂਰੀ 'ਤੇ ਗੱਡੀ ਗਈ ਸੀ ਕਿ ਉਨ੍ਹਾਂ 'ਚੋਂ ਇੱਕ ਔਰਤ ਨੇ ਸਵਰਨ ਕਾਂਤਾ ਦੇ ਹੱਥ ਵਿੱਚ ਪਾਇਆ ਸੋਨੇ ਦਾ ਕੜਾ ਉਤਾਰ ਲਿਆ ਅਤੇ ਫਿਰ ਧੱਕਾ ਮਾਰ ਕੇ ਦੋਵਾਂ ਨੂੰ ਗੱਡੀ 'ਚੋਂ ਬਾਹਰ ਕੱਢ ਦਿੱਤਾ। ਵਾਰਦਾਤ ਨੂੰ ਅੰਜ਼ਾਮ ਦੇਣ ਤੋਂ ਬਾਅਦ ਇਹ ਔਰਤਾਂ ਤੇ ਕਾਰ ਚਾਲਕ ਮੌਕੇ ਤੋਂ ਫ਼ਰਾਰ ਹੋ ਗਏ। ਸਵਰਨ ਕਾਂਤਾ ਨੇ ਦੱਸਿਆ ਕਿ ਉਸ ਦੇ ਹੱਥ ਵਿੱਚ ਪਾਇਆ ਸੋਨੇ ਦਾ ਕੜਾ ਕਰੀਬ 1 ਤੋਲੇ ਦਾ ਸੀ।

ਪਰਵਾਰ ਵੱਲੋਂ ਇਸ ਲੁੱਟ-ਖੋਹ ਸਬੰਧੀ ਮਾਛੀਵਾੜਾ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਸੀਸੀਟੀਵੀ ਕੈਮਰੇ ਵਿੱਚ ਜੋ ਸਵਿਫ਼ਟ ਕਾਰ ਦੇਖੀ ਗਈ, ਉਸ 'ਤੇ ਜੋ ਨੰਬਰ ਲੱਗਿਆ ਸੀ ਉਹ ਵੀ ਜਾਲ੍ਹੀ ਪਾਇਆ ਗਿਆ। ਦਿਨ-ਦਿਹਾੜੇ ਸਤਿਸੰਗੀ ਬਣ ਕੇ ਔਰਤਾਂ ਵੱਲੋਂ ਲੁੱਟ ਦੀ ਕੀਤੀ ਗਈ ਵਾਰਦਾਤ ਕਾਰਨ ਇਲਾਕੇ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।

## ਗੁਰੂ ਰਵਿਦਾਸ ਪ੍ਰਚਾਰ ਮਿਸ਼ਨ ਕਮੇਟੀ ਦੀ ਮੀਟਿੰਗ



**ਦਿੜ੍ਹਬਾ (ਜਸਵੀਰ ਲਾਡੀ)**-ਨੇੜਲੇ ਪਿੰਡ ਸੰਗਤੀਵਾਲਾ ਵਿਖੇ ਸ੍ਰੀ ਗੁਰੂ ਰਵਿਦਾਸ ਪ੍ਰਚਾਰ ਮਿਸ਼ਨ ਕਮੇਟੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਕੁਲਦੀਪ ਸਿੰਘ ਹਰਿਆਉ ਦੀ ਮੌਜੂਦਗੀ ਵਿੱਚ ਹੋਈ, ਜਿਸ ਵਿੱਚ ਵੱਖ ਵੱਖ ਪਿੰਡਾਂ ਦੇ ਕਮੇਟੀ ਮੈਂਬਰ ਸ਼ਾਮਲ ਹੋਏ।ਮੀਟਿੰਗ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਕਰਨ ਅਤੇ ਵੱਧ ਤੋਂ ਵੱਧ ਪ੍ਰਚਾਰ ਤੇ ਪ੍ਰਸਾਰ ਲਈ ਦੱਸਿਆ ਗਿਆ, ਤਾਂ ਜੋ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਘਰ ਘਰ ਵਿੱਚ ਪੁਹੰਚਾਇਆ ਜਾ ਸਕੇ।ਮੀਟਿੰਗ ਵਿੱਚ ਪਿੰਕਾ, ਅਮਰੀਕ ਸੰਗਤੀਵਾਲਾ, ਬਿੱਲੂ ਸਿੰਘ ਸੰਗਤੀਵਾਲਾ, ਮੇਵਾ ਕਨਕਵਾਲ, ਹੈਪੀ ਸੇਖੂਵਾਸ, ਗੁਰਦੀਪ, ਗੁਰਜਿੰਦਰ ਖੋਖਰ, ਭੋਲਾ ਸਿੰਘ ਧਰਮਗੜ੍ਹ, ਡਾਕਟਰ ਮਿੱਠੂ ਸਿੰਘ ਖੇਤਲਾ, ਸਤਨਾਮ, ਬਿੱਕਰ, ਸੰਦੀਪ ਲਹਿਰਾ, ਮੇਵਾ, ਜਗਤਾਰ, ਨਿਰਮਲ ਸਿੰਘ ਬੰਟੀ ਨੰਗਲਾ, ਸੁੱਖੀ, ਕਾਲਾ ਫ਼ਤਹਿਗੜ੍ਹ, ਜਗਸੀਰ ਸਿੰਘ ਕੈਂਪਰ ਪ੍ਰਚਾਰਕ, ਜਰਨੈਲ ਸਿੰਘ ਕੌਹਰੀਆਂ ਆਦਿ ਸ਼ਾਮਲ ਸਨ।

## ਢਿੱਲੋਂ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਵੱਲੋਂ ਵਿਸ਼ਾਲ ਖੂਨਦਾਨ ਕੈਂਪ

### ■ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ-2024 ਨੂੰ ਸਮਰਪਤ ਮੇਲਾ ਖ਼ੂਨਦਾਨੀਆ ਦੇ ਤਹਿਤ ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਵੱਲੋਂ ਕੈਨਰਾ ਬੈਂਕ ਦੇ ਸਹਿਯੋਗ ਨਾਲ ਕੀਤਾ ਗਿਆ, ਜਿਸ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਖੂਨਦਾਨ ਕੈਂਪ ਵਿੱਚ ਖੂਨਦਾਨੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਕਾਰਜ ਦੇ ਨਾਲ ਜੁੜੇ ਹੋਏ ਸਾਰੇ ਹੀ ਇਲਾਕਾ ਨਿਵਾਸੀ ਤੇ ਸਿਹਤ ਵਿਭਾਗ ਦੇ ਅਮਲੇ ਦਾ ਕੰਮ ਪ੍ਰਸੰਸਾਯੋਗ ਹੈ।

ਉਨ੍ਹਾਂ ਕਿਹਾ ਕਿ ਖੂਨਦਾਨ ਕਰਕੇ ਕਈ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਖੂਨਦਾਨ ਜਿੱਥੇ ਕਿਸੇ ਲੋੜਵੰਦ ਨੂੰ ਨਵੀਂ ਜ਼ਿੰਦਗੀ ਬਖਸ਼ਦਾ ਹੈ, ਉਥੇ ਹੀ ਖੂਨ ਦਾਨ ਕਰਨ ਵਾਲੇ ਮਨੁੱਖੀ ਸਰੀਰ ਨੂੰ ਕਈ ਲਾਭ ਪਹੁੰਚਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਵਧਾਈ ਦੀਆਂ ਪਾਤਰ ਹੁੰਦੀਆਂ ਹਨ, ਇਨ੍ਹਾਂ ਸਦਕਾ ਹੀ ਜ਼ਰੂਰਤਮੰਦ ਲੋਕਾਂ ਦੀ ਜ਼ਰੂਰਤ ਨੂੰ ਪੂਰਾ ਕੀਤਾ ਜਾ ਸਕਦਾ ਹੈ।ਸਪੀਰਕ ਸ੍ਰ. ਸੰਧਵਾਂ ਵੱਲੋਂ ਬਲੱਡ ਦਾਨੀਆਂ ਨੂੰ ਸਨਮਾਨਤ ਕੀਤਾ ਗਿਆ।

ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੋਸਾਇਟੀ ਦੇ ਅਹੁਦੇਦਾਰਾਂ ਵੱਲੋਂ ਦੱਸਿਆ ਗਿਆ ਕਿ ਇਹ ਕੈਂਪ ਸਵੇਰੇ 9.00 ਵਜੇ ਤੋਂ ਲੈ ਕੇ ਸ਼ਾਮ 5.00 ਵਜੇ ਤੱਕ ਲਗਾਇਆ ਗਿਆ ਹੈ।ਖੂਨਦਾਨ ਕੈਂਪ ਵਿੱਚ 80 ਯੂਨਿਟ ਬਲੱਡ ਇਕੱਤਰ ਕੀਤਾ ਗਿਆ।ਇਸ ਮੌਕੇ ਅਰਸ਼ ਸੱਚਰ, ਮੁੰਨਾ ਖਾਨ ਮੁਸਲਿਮ ਵੈੱਲਫੇਅਰ ਸੁਸਾਇਟੀ ਸ਼ਰਨਜੀਤ ਸਿੰਘ ਸਰਾਂ ਪੰਜਾਬ ਪ੍ਰਧਾਨ ਆਲ ਇੰਡੀਆ ਕਿਸਾਨ ਯੂਨੀਅਨ ਏਕਤਾ ਫਤਿਹ, ਜਸਵੀਰ ਸਿੰਘ ਸਰਪ੍ਰਸਤ, ਗੁਰਜੀਤ ਹੈਰੀ ਢਿੱਲੋਂ, ਸਮੇਤ ਵੱਡੀ ਗਿਣਤੀ ਵਿੱਚ ਅਹੁਦੇਦਾਰ ਹਾਜ਼ਰ ਸਨ।

## ਖੇਤੀਬਾੜੀ ਵਿਭਾਗ ਵੱਲੋਂ ਫੜੀ ਡੀ ਏ ਪੀ ਦੇ ਨਮੂਨੇ ਫੇਲ੍ਹ : ਡਾ. ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ 'ਚ ਖੇਤੀਬਾੜੀ ਵਿਭਾਗ ਵੱਲੋਂ ਫੜੀ ਨਕਲੀ ਡੀ.ਏ.ਪੀ. ਖਾਦ ਦੇ ਨਮੂਨੇ ਫੇਲ੍ਹ ਪਾਏ ਗਏ ਅਤੇ ਜਾਂਚ ਦੌਰਾਨ ਜ਼ੀਰੋ ਪ੍ਰਤੀਸ਼ਤ ਤੱਤ ਖਾਦ ਨਿਕਲੀ ਹੈ। ਡੀ.ਏ.ਪੀ. ਖਾਦ ਵਿਚ ਨਾਈਟਰੋਜਨ ਤੱਤ 18 ਪ੍ਰਤੀਸ਼ਤ ਤੇ ਫਾਸਫੋਰਸ ਤੱਤ 46 ਪ੍ਰਤੀਸ਼ਤ ਹੁੰਦਾ ਹੈ, ਪਰ ਇਸ ਕਥਿਤ ਡੀ.ਏ.ਪੀ. ਖਾਦ ਵਿਚ ਟੈਸਟ ਦੌਰਾਨ ਦੋਨੋਂ ਤੱਤ ਜ਼ੀਰੋ ਪ੍ਰਤੀਸ਼ਤ ਪਾਏ ਹਨ। ਇਸ ਮਾਮਲੇ ਵਿਚ ਗ੍ਰਿਫ਼ਤਾਰ ਮੁਲਜ਼ਮਾਂ ਨੇ ਪੁਲਸ ਰਿਮਾਂਡ ਦੌਰਾਨ ਅਹਿਮ ਖੁਲਾਸੇ ਕੀਤੇ ਹਨ। ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਦੀ ਨਾਮੀ ਕੰਪਨੀ ਦੇ ਬ੍ਰਾਂਡ ਵਾਲੇ ਥੈਲਿਆਂ 'ਚ ਜਬਤ ਕੀਤੀ ਗਈ ਨਕਲੀ ਡੀਏਪੀ ਖਾਦ ਦੇ ਨਮੂਨਾ ਬੁਰੀ ਤਰ੍ਹਾਂ ਫੇਲ੍ਹ ਪਾਇਆ ਗਿਆ ਹੈ। ਕਿਸੇ ਵੀ ਕਿਸਾਨ ਨਾਲ ਠੱਗੀ ਨਹੀ ਵੱਜਣ ਦਿੱਤੀ ਜਾਵੇਗੀ। ਕਿਸਾਨ ਖੇਤੀ ਸਮੱਗਰੀ ਪੱਕਾ ਬਿੱਲ ਲੈ ਕੇ ਹੀ ਭਰੋਸੇਮੰਦ ਡੀਲਰ ਕੋਲੋਂ ਖ਼ੀਦਣ। ਘਰੋਂ ਘਰੀ ਖੇਤੀ ਵਸਤਾਂ ਵੇਚਣ ਵਾਲਿਆਂ ਦੀ ਸੂਚਨਾ ਤਰੁੰਤ ਵਿਭਾਗ ਨੂੰ ਦੇਣ। ਥਾਣਾ ਬੱਧਨੀ ਕਲਾਂ ਮੁਖੀ ਇੰਸਪੈਕਟਰ ਗੁਰਮੇਲ ਸਿੰਘ ਨੇ ਮੁਲਜ਼ਮਾਂ ਵੱਲੋਂ ਪੁੱਛਗਿੱਛ ਵਿੱਚ ਕੀਤੇ ਗਏ ਖੁਲਾਸੇ ਦੀ ਪੁਸ਼ਟੀ ਕਰਦੇ ਆਖਿਆ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਚੱਲ ਰਹੀ ਹੈ। ਦੂਜੇ ਪਾਸੇ ਕਿਸਾਨ ਆਗੂ ਨਿਰਮਲ ਸਿੰਘ ਮਾਣੂੰਕੇ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਡੀ.ਏ.ਪੀ. ਖਾਦ ਦੀ ਘਾਟ ਤਰੰਤ ਪੂਰੀ ਕੀਤੀ ਜਾਵੇ ਤੇ ਜਾਲ੍ਹੀ ਡੀ.ਏ.ਪੀ. ਦੀ ਵਿਕਰੀ 'ਤੇ ਠੱਲ੍ਹ ਪਾਉਣ ਲਈ ਸਮੇਂ ਸਿਰ ਕਾਰਵਾਈ ਕਰਨ ਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਬਰਾੜ ਦੀ ਪ੍ਰਸ਼ੰਸਾ ਕਰਦੇ ਕਿਹਾ ਕਿ ਉਨ੍ਹਾਂ ਵੱਲੋਂ ਤੁਰੰਤ ਢੁੱਕਵੀਂ ਕਾਰਵਾਈ ਕਾਰਨ ਕਿਸਾਨ ਠੱਗੀ ਦਾ ਸ਼ਿਕਾਰ ਹੋਣ ਤੋਂ ਬਚ ਗਏ। ਖੇਤੀਬਾੜੀ ਵਿਭਾਗ ਵੱਲੋਂ ਖਾਦ ਦੇ ਸੈਂਪਲ ਭਰਨ ਉਪਰੰਤ ਤੁਰੰਤ ਟੈਸਟ ਕਰਾ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਿਸਾਨਾਂ ਦੇ ਸਾਹਮਣੇ ਲਿਆਂਦਾ ਹੈ।

## ਨਸ਼ਿਆਂ ਖਿਲਾਫ ਸਾਈਕਲ ਰੈਲੀ ਨੂੰ ਸਮਾਜ ਸੇਵੀ ਬੌਬੀ ਸਿੰਗਲਾ ਨੇ ਦਿੱਤੀ ਹਰੀ ਝੰਡੀ



**ਬਠਿੰਡਾ (ਰਾਜੀਵ ਗੋਇਲ)**-ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਹੜ੍ਹ ਤੋਂ ਬਚਾਉਣ ਦਾ ਹੋਕਾ ਦੇਣ ਦੇ ਮਕਸਦ ਨਾਲ ਕਸਬਾ ਭਗਤਾ ਭਾਈ ਕਾ ਦੇ ਨੌਜਵਾਨਾਂ ਵੱਲੋਂ ਭਾਈ ਭਗਤਾ ਦੇ ਨਾਮ 'ਤੇ ਇੱਕ ਸਾਈਕਲ ਰੈਲੀ ਕੀਤੀ ਗਈ, ਜਿਸ ਨੂੰ ਉੱਘੇ ਸਮਾਜਸੇਵੀ ਬਬਲੇਸ਼ ਕੁਮਾਰ ਬੌਬੀ ਸਿੰਗਲਾ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਦੂਰ-ਦੁਰਾਡੇ ਤੋਂ ਇਸ ਸਾਈਕਲ ਰੈਲੀ ਦਾ ਹਿੱਸਾ ਬਣਨ ਆਏ ਨੌਜਵਾਨ ਮੁੰਡੇ ਕੁੜੀਆਂ ਵਿੱਚ ਭਾਰੀ ਜੋਸ਼ ਦੇਖਣ ਨੂੰ ਮਿਲਿਆ।ਰੈਲੀ ਸੰਬੰਧੀ ਗੱਲਬਾਤ ਕਰਦੇ ਹੋਏ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਵਿੱਚ ਵਧ ਰਹੇ ਨਸ਼ਿਆਂ ਦੀ ਮਾਤਰਾ ਤੇ ਆਏ ਦਿਨ ਇਸ ਦਲਦਲ ਵਿੱਚ ਧਸ ਰਹੀ ਪੰਜਾਬ ਦੀ ਜਵਾਨੀ ਨੂੰ ਬਚਾਉਣ ਦੇ ਮਕਸਦ ਨਾਲ ਹੀ ਇਸ ਰੈਲੀ ਦਾ ਆਯੋਜਨ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ 12 ਕਿਲੋਮੀਟਰ ਦਾ ਪੈਂਡਾ ਕਰਨ ਵਾਲੀ ਰੈਲੀ ਭਗਤਾ ਤੋਂ ਸ਼ੁਰੂ ਹੋ ਕੇ ਕੋਠਾਗੁਰੂ, ਬੁਰਜ ਥਰੋੜ ਤੇ ਸਿਰੀਏਵਾਲਾ ਹੋ ਕੇ ਵਾਪਸ ਸਥਾਨਕ ਸ਼ਹਿਰ ਪਹੁੰਚੇਗੀ।ਇਸ ਮੌਕੇ ਰੈਲੀ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਲਈ ਸਵੇਰ ਦੇ ਖਾਣ-ਪੀਣ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ ਤੇ ਵਾਪਸ ਪਰਤਣ 'ਤੇ ਸਾਰੇ ਹੀ ਰੈਲੀ ਦੇ ਹਿੱਸੇਦਾਰਾਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।

## ਕਿਰਤੀ ਕਿਸਾਨ ਯੂਨੀਅਨ ਵੱਲੋਂ ਨਾਨਕ ਨਗਰ ਤੇ ਬੱਘੇਕੇ ਹਿਠਾੜ ਇਕਾਈ ਦੀ ਚੋਣ



**ਜਲਾਲਾਬਾਦ (ਜੀਤ ਕੁਮਾਰ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਜਲਾਲਾਬਾਦ ਹਲਕੇ ਦੇ ਅਧੀਨ ਪੈਂਦੇ ਸਰਹੱਦੀ ਖੇਤਰ ਦੇ ਪਿੰਡ ਨਾਨਕ ਨਗਰ ਤੇ ਬੱਘੇਕੇ ਹਿਠਾੜ ਦੀ ਸਾਂਝੀ 10 ਮੈਂਬਰੀ ਪਿੰਡ ਦੀ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਪਵਨ ਕੁਮਾਰ ਨੂੰ ਇਕਾਈ ਪ੍ਰਧਾਨ, ਮੀਤ ਪ੍ਰਧਾਨ ਪਰਮਜੀਤ ਸਿੰਘ, ਖਜ਼ਾਨਚੀ ਸੁਰਿੰਦਰ ਕੁਮਾਰ, ਪ੍ਰੈੱਸ ਸਕੱਤਰ ਗੁਰਸ਼ਰਨ ਸਿੰਘ ਤੇ ਮੈਂਬਰ ਤਿਲਕ ਰਾਜ, ਅਮਨਦੀਪ ਸਿੰਘ, ਮਹਿੰਦਰ ਸਿੰਘ, ਰੇਸ਼ਮ ਸਿੰਘ, ਜਰਨੈਲ ਸਿੰਘ ਨੂੰ ਚੁਣਿਆ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਜ਼ਿਲ੍ਹਾ ਸਕੱਤਰ ਮਨਦੀਪ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਸੂਬਾ ਤੇ ਕੇਂਦਰ ਸਰਕਾਰਾਂ ਲਗਾਤਾਰ ਕਾਰਪੋਰੇਟ ਦੇ ਪੱਖ ਤੇ ਲੋਕ ਵਿਰੋਧੀ ਫੈਸਲੇ ਕਰ ਰਹੀਆਂ ਹਨ। ਉਥੇ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਖਿਲਾਫ ਲੋਕ ਲਹਿਰਾਂ ਦਾ ਮਜ਼ਬੂਤ ਹੋਣਾ ਸਮੇਂ ਦੀ ਮੁੱਖ ਲੋੜ ਹੈ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਔਰਤ ਵਿੰਗ ਦੇ ਕਨਵੀਨਰ ਰਾਜ ਕੌਰ ਨੇ ਕਿਹਾ ਕਿ 25 ਸਤੰਬਰ ਨੂੰ ਬਾਸਮਤੀ ਦੀ ਐੱਮ ਐੱਸ ਪੀ ਤੇ ਖਰੀਦ ਦੀ ਗਰੰਟੀ ਡੀਏਪੀ ਖਾਦ ਦੇ ਅਗਾਊਂ ਪ੍ਰਬੰਧਾਂ ਸਬੰਧੀ ਜਥੇਬੰਦੀ ਵੱਲੋਂ ਸੂਬਾ ਪੱਧਰ 'ਤੇ ਰੱਖੇ ਗਏ ਪ੍ਰੋਗਰਾਮਾਂ ਵਿੱਚ ਫਾਜ਼ਿਲਕਾ ਡੀ ਸੀ ਦਫਤਰ ਸਾਹਮਣੇ ਪਹੁੰਚਣ ਦਾ ਸੱਦਾ ਦਿੱਤਾ ਗਿਆ।

## ਡਾ. ਭੀਮ ਰਾਓ ਅੰਬੇਡਕਰ ਮਿਸ਼ਨ ਵੱਲੋਂ ਜਤਿੰਦਰ ਭੱਲਾ ਦਾ ਸਨਮਾਨ

### ■ ਬੱਲੂਆਣਾ 'ਚ ਕਰਵਾਏ ਵਿਕਾਸ ਕਾਰਜਾਂ ਬਦਲੇ ਕੀਤਾ ਸਨਮਾਨ



**ਬਠਿੰਡਾ (ਬਖਤੌਰ ਢਿੱਲੋਂ)**-ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਡਾਕਟਰ ਭੀਮ ਰਾਓ ਅੰਬੇਡਕਰ ਮਿਸ਼ਨ ਵੱਲੋਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਭੱਲਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।ਮਿਸ਼ਨ ਦੇ ਜ਼ਿਲ੍ਹਾ ਚੇਅਰਮੈਨ ਜਰਨੈਲ ਸਿੰਘ ਸਾਬਕਾ ਸਰਪੰਚ ਬੱਲੂਆਣਾ ਦੀ ਅਗਵਾਈ ਹੇਠ ਵੱਡੀ ਗਿਣਤੀ ਅਹੁਦੇਦਾਰਾਂ ਵੱਲੋਂ ਪਿੰਡ ਵਿੱਚ ਰੱਖੇ ਪ੍ਰੋਗਰਾਮ ਦੌਰਾਨ ਚੇਅਰਮੈਨ ਜਤਿੰਦਰ ਭੱਲਾ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਮਿਸ਼ਨ ਦੇ ਪ੍ਰਧਾਨ ਜਰਨੈਲ ਸਿੰਘ ਨੇ ਕਿਹਾ ਕਿ ਸ੍ਰੀ ਭੱਲਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਪਿੰਡ ਅੰਦਰ ਉਹ ਵਿਕਾਸ ਕਾਰਜ ਕਰਵਾਏ ਹਨ, ਜਿਹੜੇ ਪਿਛਲੇ 50 ਸਾਲਾਂ ਵਿੱਚ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਨਹੀਂ ਕਰਵਾ ਸਕੀਆਂ।ਉਨ੍ਹਾਂ ਕਿਹਾ ਕਿ ਸਿਰਫ ਬੱਲੂਆਣਾ ਹੀ ਨਹੀਂ, ਸਗੋਂ ਹੋਰਨਾਂ ਪਿੰਡਾਂ ਵਿੱਚ ਵੀ ਬਿਨਾਂ ਪੱਖਪਾਤ ਦੇ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਲਈ ਅੰਬੇਡਕਰ ਮਿਸ਼ਨ ਵੱਲੋਂ ਜਤਿੰਦਰ ਭੱਲਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਹੈ।ਇਸ ਮੌਕੇ ਭੱਲਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਅੰਦਰ ਸੈਂਕੜੇ ਵਿਕਾਸ ਕਾਰਜ ਚੱਲ ਰਹੇ ਹਨ, ਜਿਨ੍ਹਾਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਬੱਲੂਆਣਾ ਪਿੰਡ ਅੰਦਰ ਵੀ ਵਿਕਾਸ ਦੇ ਕੰਮ ਚੱਲ ਰਹੇ ਹਨ।ਉਨ੍ਹਾ ਕਿਹਾ ਕਿ ਬੱਲੂਆਣਾ ਪਿੰਡ ਵਿੱਚ ਰਹਿੰਦੇ ਵਿਕਾਸ ਦੇ ਕੰਮਾਂ ਨੂੰ ਵੀ ਜਲਦੀ ਹੀ ਪੂਰਾ ਕੀਤਾ ਜਾਵੇਗਾ।ਉਨ੍ਹਾ ਪਿੰਡ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਵਿੱਚ ਸਰਬਸੰਮਤੀ ਨਾਲ ਸਰਪੰਚ ਦੀ ਚੋਣ ਕਰਨ ਤਾਂ ਜੋ ਪਿੰਡ ਦਾ ਹੋਰ ਵੀ ਵੱਡੀ ਪੱਧਰ 'ਤੇ ਵਿਕਾਸ ਹੋ ਸਕੇ।ਉਨ੍ਹਾਂ ਸਨਮਾਨ ਕਰਨ ਲਈ ਡਾਕਟਰ ਭੀਮ ਰਾਓ ਅੰਬੇਡਕਰ ਮਿਸ਼ਨ ਦਾ ਧੰਨਵਾਦ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਉਹ ਲੋਕਾਂ ਦੀ ਸੇਵਾ ਵਿੱਚ ਸਦਾ ਹਾਜ਼ਰ ਰਹਿਣਗੇ।

## ਡੀ ਸੀ ਕੇਬਲ ਚੋਰੀ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਕੈਂਟ ਨਜ਼ਦੀਕ ਸੋਲਰ ਪਾਵਰ ਪਲਾਂਟ ਨੇੜੇ ਚੁੰਗੀ ਨੰਬਰ 8 ਵਿਖੇ ਅਣਪਛਾਤੇ ਚੋਰਾਂ ਵੱਲੋਂ ਡੀ ਸੀ ਕੇਬਲ 6 ਸੁਕੇਅਰ ਐੱਮ ਐੱਮ 3500 ਮੀਟਰ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਲਵਿੰਦਰ ਸਿੰਘ ਨੇ ਦੱਸਿਆ ਕਿ ਇਕ ਪੱਤਰ ਨੰਬਰ 101/ਜੀਈਐੱਨ/99/ਈਐੱਮ ਮਿਤੀ 14 ਸਤੰਬਰ 2024 ਵੱਲੋਂ ਰਾਹੁਲ ਮਹਿਤਾ ਏਈ/ਈਐੱਮ ਗੈਰੀਸ਼ਨ ਇੰਜੀਨੀਅਰ ਈਸਟ ਕੈਂਟ ਫਿਰੋਜ਼ਪੁਰ ਬਜਰੀਆ ਡਾਕ ਥਾਣਾ ਕੈਂਟ ਫਿਰੋਜ਼ਪੁਰ ਵਿਖੇ ਮੌਸੂਲ ਹੋਇਆ ਕਿ 13 ਸਤੰਬਰ 2024 ਨੂੰ 11 ਵਜੇ ਦਿਨ ਡੀ ਸੀ ਕੇਬਲ 6 ਸੁਕੇਅਰ ਐੱਮ ਐੱਮ ਲੰਬਾਈ 3500 ਚੋਰੀ ਹੋਣਾ ਪਾਇਆ ਗਿਆ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਦੇਸ਼ ਭਗਤ ਕਾਲਜ ਵਿਖੇ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਕ੍ਰਿਕਟ ਐਸੋਸੀਏਸ਼ਨ ਮੋਹਾਲੀ ਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮੋਗਾ ਦੇ ਨਿਰਦੇਸ਼ਾ ਅਧੀਨ ਦੇਸ਼ ਭਗਤ ਕਾਲਜ, ਮੋਗਾ ਵਿਖੇ ਰਿਹਾਇਸ਼ੀ ਕ੍ਰਿਕਟ ਅਕੈਡਮੀ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿੱਚ ਪੀ.ਸੀ.ਏ. ਵੱਲੋਂ ਆਧੁਨਿਕ ਕ੍ਰਿਕਟ ਮੈਦਾਨ ਦਾ ਨਿਰਮਾਣ ਕਰਵਾਇਆ ਗਿਆ ਹੈ। ਮਿਤੀ 21 ਸਤੰਬਰ 2024 ਨੂੰ ਟਰਾਇਲ ਰੱਖੇ ਗਏ ਹਨ ਇਸ ਵਿੱਚ ਹਰ ਉਮਰ ਵਰਗ ਦੇ ਵਿਦਿਆਰਥੀ ਹਿੱਸਾ ਲੈ ਸਕਦੇ ਹਨ। ਪੀ.ਸੀ.ਏ. ਵੱਲੋਂ ਚੋਣ ਹੋਣ ਵਾਲੇ ਖਿਡਾਰੀਆਂ ਨੂੰ ਕੋਚਿੰਗ ਮੁਫ਼ਤ ਦਿੱਤੀ ਜਾਵੇਗੀ ਤੇ ਖਿਡਾਰੀਆਂ ਪਾਸੋਂ ਪ੍ਰਤੀ ਮਹੀਨਾ 5000 ਰੁਪਏ ਪ੍ਰਾਪਤ ਕੀਤੇ ਜਾਣਗੇ, ਜਿਸ ਵਿੱਚ ਰਿਹਾਇਸ਼ ਤੇ ਤਿੰਨ ਟਾਈਮ ਦਾ ਖਾਣਾ ਸ਼ਾਮਲ ਹੋਵੇਗਾ। ਦੇਸ਼ ਭਗਤ ਕਾਲਜ, ਮੋਗਾ ਵੱਲੋਂ ਚੋਣ ਹੋਣ ਵਾਲੇ ਖਿਡਾਰੀਆਂ ਦੀ ਸਾਲਾਨਾ ਫੀਸ ਵਿੱਚ ਕਟੌਤੀ ਕੀਤੀ ਜਾਵੇਗੀ। ਕਾਲਜ ਦੇ ਪ੍ਰਧਾਨ ਅਸ਼ੋਕ ਗੁਪਤਾ, ਚੇਅਰਮੈਨ ਡਾ. ਜੋਰਾ ਸਿੰਘ, ਡਾਇਰੈਕਟਰ ਅਨੁਜ ਗੁਪਤਾ, ਡਾਇਰੈਕਟਰ ਦਵਿੰਦਰ ਪਾਲ ਸਿੰਘ ਤੇ ਡਾਇਰੈਕਟਰ ਗੌਰਵ ਗੁਪਤਾ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

## ਖੇਡਾਂ ਵਤਨ ਪੰਜਾਬ ਦੀਆਂ 'ਚੋਂ ਅਸ਼ਵਨੀ ਨੇ ਜਿੱਤਿਆ ਸਿਲਵਰ ਮੈਡਲ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਮਾਛੀਵਾੜਾ ਦੇ ਅਸ਼ਵਨੀ ਕੁਮਾਰ ਸ਼ਰਮਾ ਨੇ ਬੈਡਮਿੰਟਨ ਗੇਮ ਵਿੱਚੋਂ ਸਿਲਵਰ ਮੈਡਲ ਜਿੱਤਿਆ ਹੈ।ਅਸ਼ਵਨੀ ਕੁਮਾਰ ਸ਼ਰਮਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਖੇਡਾਂ ਨੂੰ ਪ੍ਰਫੁਲਤ ਕਰਨ ਲਈ ਬਹੁਤ ਵਧੀਆ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਸਾਲ 2023 ਵਿੱਚ ਵੀ ਬੈਡਮਿੰਟਨ ਗੇਮ ਵਿੱਚੋਂ ਸਿਲਵਰ ਮੈਡਲ ਜਿੱਤਿਆ ਸੀ ਤੇ ਹੁਣ ਹੁਣ ਵੀ ਬੈਡਮਿੰਟਨ ਗੇਮ ਵਿੱਚ ਸਿਲਵਰ ਮੈਡਲ ਜਿੱਤਿਆ ਹੈ ਅਤੇ ਸਟੇਟ ਲੈਵਲ ਦੀਆਂ ਖੇਡਾਂ ਵਿੱਚ ਭਾਗ ਲੈਣਗੇ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਸਾਡਾ ਰੁਜ਼ਗਾਰ-ਸਾਡਾ ਅਧਿਕਾਰ ਮਿਸ਼ਨ ਤਹਿਤ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਉਣ ਦਾ ਸੱਦਾ

**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਪ੍ਰਧਾਨ ਵੈਦ ਧੰਨਾ ਮੱਲ ਗੋਇਲ, ਜਨਰਲ ਸਕੱਤਰ ਡਾ. ਗੁਰਮੇਲ ਸਿੰਘ ਮਾਛੀਕੇ, ਚੇਅਰਮੈਨ ਡਾ. ਐੱਚ ਐੱਸ ਰਾਣੂ, ਸਰਪ੍ਰਸਤ ਡਾ. ਸੁਰਜੀਤ ਸਿੰਘ ਲੁਧਿਆਣਾ, ਸੂਬਾ ਕੈਸ਼ੀਅਰ ਡਾ. ਰਾਕੇਸ਼ ਕੁਮਾਰ ਮਹਿਤਾ, ਲੀਗਲ ਐਡਵਾਈਜ਼ਰ ਡਾ. ਜਸਵਿੰਦਰ ਭੋਗਲ ਕਮੇਟੀ ਮੈਂਬਰ ਵੈਦ ਤਾਰਾ ਚੰਦ ਭਾਵਾ ਤੇ ਪ੍ਰੈੱਸ ਸਕੱਤਰ ਚਮਕੌਰ ਸਿੰਘ ਨੇ ਇੱਕ ਸਾਂਝਾ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਜਥੇਬੰਦੀ ਵੱਲੋਂ ਆਪਣੀ ਪਿਰਤ ਅਨੁਸਾਰ ਪੂਰੇ ਪੰਜਾਬ ਅੰਦਰ ਜ਼ਿਲ੍ਹਾ/ਬਲਾਕ ਪੱਧਰ 'ਤੇ ਸਾਡਾ ਰੁਜ਼ਗਾਰ ਸਾਡਾ ਅਧਿਕਾਰ ਮਿਸ਼ਨ ਤਹਿਤ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਤ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਜਾਗਰੂਕਤਾ ਸੈਮੀਨਾਰ, ਖੂਨਦਾਨ ਕੈਂਪ ਆਦਿ ਲਗਾ ਕੇ ਮਨਾਉਣ ਦਾ ਸੱਦਾ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਜਿਹੜੇ ਸੁਪਨਿਆਂ ਨੂੰ ਲੈ ਕੇ ਸਾਡੇ ਦੇਸ਼ ਭਗਤਾਂ ਨੇ ਜੇਲ੍ਹਾਂ ਕੱਟੀਆਂ ਤੇ ਜਾਨਾਂ ਕੁਰਬਾਨ ਕੀਤੀਆਂ ਤਾਂ ਕਿ ਲੋਕ ਸਹੀ ਰੂਪ ਵਿੱਚ ਅਜ਼ਾਦੀ ਦਾ ਨਿੱਘ ਮਾਣ ਸਕਣ।ਹਰ ਇੱਕ ਲਈ ਸਿਹਤ, ਸਿੱਖਿਆ ਤੇ ਰੁਜ਼ਗਾਰ ਦਾ ਪ੍ਰਬੰਧ ਹੋਵੇ ਅਤੇ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ ਤੇ ਜੁੱਲੀ ਦੀ ਪੂਰਤੀ ਹੋਵੇ, ਪਰ ਅਜ਼ਾਦੀ ਦੇ 77 ਸਾਲ ਬੀਤ ਜਾਣ ਦੇ ਬਾਵਜੂਦ ਦੇਸ਼ ਦੇ ਕਰੋੜਾਂ ਲੋਕ ਰੱਜਵੀਂ ਰੋਟੀ ਤੋਂ ਵਾਂਝੇ ਹਨ।ਤਨ 'ਤੇ ਕੱਪੜੇ ਦੀ ਅਣਹੋਂਦ ਤੇ ਖੁੱਲ੍ਹੇ ਅਸਮਾਨ ਹੇਠਾਂ ਨਰਕਮਈ ਜੀਵਨ ਬਸਰ ਕਰ ਰਹੇ ਹਨ।ਦੂਜੇ ਪਾਸੇ ਸਮੇਂ ਦੀਆਂ ਸਰਕਾਰਾਂ ਵੱਲੋਂ ਦੇਸ਼ ਵਿੱਚ ਨਿੱਜੀਕਰਨ, ਨਿਗਮੀਕਰਨ, ਉਦਾਰੀਕਰਨ ਦੀਆਂ ਨੀਤੀਆਂ ਰਾਹੀਂ ਦੇਸ਼ ਦੇ ਕੁਦਰਤੀ ਸਰੋਤਾਂ ਨੂੰ ਕਾਰਪੋਰੇਟ ਘਰਾਣਿਆਂ ਹਵਾਲੇ ਕੀਤਾ ਜਾ ਰਿਹਾ ਹੈ।ਇਸ ਲਈ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਲੜਨ ਤੇ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਉਨ੍ਹਾਂ ਦੇ ਜਨਮ ਦਿਨ ਤੇ ਸ਼ਹੀਦੀ ਦਿਨ ਮਨਾਉਣੇ ਅਤੇ ਉਨ੍ਹਾਂ ਦੇ ਜੀਵਨ ਤੇ ਫਲਸਫੇ ਤੋਂ ਸੇਧ ਲੈ ਕੇ ਅੱਗੇ ਵਧਣਾ ਸਮੇਂ ਦੀ ਅਣਸਰਦੀ ਜ਼ਰੂਰਤ ਹੈ।ਉਨ੍ਹਾਂ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਰਜਿਸਟਰਡ ਕਰਨ ਦੀ ਚਿਰੋਕਣੀ ਮੰਗ ਸਬੰਧੀ ਵਿਧਾਨ ਸਭਾ ਵਿੱਚ ਸਿਹਤ ਮੰਤਰੀ ਬਲਵੀਰ ਸਿੰਘ ਵੱਲੋਂ ਕਾਨੂੰਨ ਦਾ ਵਾਸਤਾ ਪਾ ਕੇ ਕੀਤੀ ਕੋਰੀ ਨਾਂਹ ਦਾ ਵੀ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਜਥੇਬੰਦੀ ਇਸ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ ਆਉਣ ਵਾਲੀ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਲੰਬਾ ਤੇ ਬੱਝਵਾਂ ਸੰਘਰਸ਼ ਉਲੀਕੇਗੀ।ਜ਼ਿਲ੍ਹਾ ਪ੍ਰਧਾਨ ਮਾਨਸਾ ਸੱਤਪਾਲ ਰਿਸ਼ੀ, ਚੇਅਰਮੈਨ ਰਘਵੀਰ ਚੰਦ ਸ਼ਰਮਾ, ਸਕੱਤਰ ਸਿਮਰ ਗਾਗੋਵਾਲ, ਕੈਸ਼ੀਅਰ ਅਮਰੀਕ ਸਿੰਘ ਮਾਖਾ ਆਦਿ ਆਗੂਆਂ ਨੇ ਵੀ ਸਮੂਹ ਮੈਡੀਕਲ ਪ੍ਰੈਕਟੀਸ਼ਨਰ ਸਾਥੀਆਂ ਨੂੰ ਸੂਬਾ ਕਮੇਟੀ ਵੱਲੋਂ ਉਲੀਕੇ ਕਾਰਜ ਨੂੰ ਤਨਦੇਹੀ ਨਾਲ ਨੇਪਰੇ ਚਾੜ੍ਹਨ ਦੀ ਅਪੀਲ ਕੀਤੀ।

## ਹਰਪ੍ਰੀਤ ਨੇ ਸਟੇਟ ਪੱਧਰੀ ਕਰਾਟੇ ਮੁਕਾਬਲੇ 'ਚ ਚਾਂਦੀ ਤਮਗਾ ਜਿੱਤਿਆ



**ਬਰੇਟਾ (ਰੀਤਵਾਲ)**

ਸਕੂਲ ਸਿੱਖਿਆ ਵਿਭਾਗ ਦੇ ਦਿਸ਼ਾ-ਨਿਰਦੇਸ਼ ਹੇਠ ਹਰ ਸਾਲ ਦੀ ਤਰ੍ਹਾਂ ਸੈਸ਼ਨ 2024-25 ਦੀਆਂ 68ਵੀਆਂ ਅੰਤਰ-ਜ਼ਿਲ੍ਹਾ ਸਕੂਲ ਖੇਡਾਂ ਪਠਾਨਕੋਟ ਵਿਖੇ ਕਰਵਾਈਆਂ ਗਈਆਂ, ਜਿਸ ਵਿੱਚ ਮਾਡਲ ਸਕੂਲ ਕੁਲਰੀਆਂ ਦੇ ਵਿਦਿਆਰਥੀ ਖਿਡਾਰੀ ਹਰਪ੍ਰੀਤ ਸਿੰਘ (+2 ਸਾਇੰਸ ਗਰੁੱਪ) ਨੇ ਅੰਡਰ-66 ਭਾਰ ਵਰਗ ਦੇ ਸੂਬਾ ਪੱਧਰੀ ਕਰਾਟੇ ਮੁਕਾਬਲੇ 'ਚ ਭਾਗ ਲੈਦਿਆਂ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਜਿੱਤ ਕੇ ਸਕੂਲ, ਅਧਿਆਪਕਾਂ ਤੇ ਆਪਣੇ ਮਾਤਾ-ਪਿਤਾ ਦਾ ਨਾਮ ਪੂਰੇ ਪੰਜਾਬ ਸੂਬੇ 'ਚ ਚਮਕਾਇਆ।ਹਰਪ੍ਰੀਤ ਸਿੰਘ ਨੇ ਇਸ ਵੱਡੀ ਜਿੱਤ ਦਾ ਸਿਹਰਾ ਆਪਣੇ ਅਧਿਆਪਕ ਸ੍ਰ. ਯਾਦਵਿੰਦਰ ਸਿੰਘ (ਡੀ. ਪੀ. ਈ.) ਤੇ ਕਰਾਟੇ ਕੋਚ ਅਮਨਦੀਪ ਸਿੰਘ ਨੂੰ ਦਿੱਤਾ।ਵਿਦਿਆਰਥੀ ਦੀ ਇਸ ਪ੍ਰਾਪਤੀ 'ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸ੍ਰੀਮਤੀ ਭੁਪਿੰਦਰ ਕੌਰ, ਉਪ-ਜ਼ਿਲ੍ਹਾ ਸਿੱਖਿਆ ਡਾ. ਪਰਮਜੀਤ ਸਿੰਘ ਭੋਗਲ ਤੇ ਡੀ ਡੀ ਓ/ਬੀ ਐੱਨ ਓ ਸ੍ਰੀ ਅਰੁਣ ਕੁਮਾਰ ਵੱਲੋਂ ਵਧਾਈ ਦਿੱਤੀ ਗਈ।ਸਕੂਲ ਪ੍ਰਿੰਸੀਪਲ ਨਰਸੀ ਸਿੰਘ ਨੇ ਇਸ ਮਾਨਮੱਤੀ ਪ੍ਰਾਪਤੀ 'ਤੇ ਬੱਚੇ, ਮਾਤਾ-ਪਿਤਾ ਤੇ ਬੱਚੇ ਨੂੰ ਸਖ਼ਤ ਮਿਹਨਤ ਕਰਵਾਉਣ ਵਾਲੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਖੇਡਾਂ ਜਿੱਥੇ ਵਿਅਕਤੀ ਨੂੰ ਸਰੀਰਕ ਪੱਖੋਂ ਤੰਦਰੁਸਤ ਰੱਖਦੀਆਂ ਹਨ, ਉੱਥੇ ਮਾਨਸਿਕ ਪੱਖੋਂ ਵੀ ਮਜ਼ਬੂਤ ਕਰਦੀਆਂ ਹਨ।ਵਿਦਿਆਰਥੀ ਦਾ ਸਕੂਲ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ।ਇਸ ਮੌਕੇ ਬਲਾਕ ਸੰਮਤੀ ਚੇਅਰਪਰਸਨ ਸ੍ਰੀਮਤੀ ਕਰਮਜੀਤ ਕੌਰ ਨੇ ਵਿਦਿਆਰਥੀ ਨੂੰ ਸਿਲਵਰ ਮੈਡਲ ਪਾ ਕੇ ਸਨਮਾਨਤ ਕੀਤਾ।ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਬੰਤ ਸਿੰਘ, ਮੈਂਬਰ ਜਗਮੇਲ ਸਿੰਘ, ਕਰਨੈਲ ਸਿੰਘ, ਅੰਮ੍ਰਿਤਪਾਲ ਸਿੰਘ, ਜਲਵਿੰਦਰ ਸਿੰਘ, ਜਰਨੈਲ ਸਿੰਘ ਤੇ ਸਕੂਲ ਸਟਾਫ ਲੈਕ. ਕੰਚਨ ਅਰੋੜਾ, ਲੈਕ. ਸੰਦੀਪ ਕੌਰ, ਲੈਕ. ਮਨੋਜ ਕੁਮਾਰ, ਸਤਵੰਤ ਸਿੰਘ, ਗੁਰਮੇਲ ਸਿੰਘ, ਭੁਪਿੰਦਰ ਸਿੰਘ, ਬਲਕਾਰ ਸਿੰਘ, ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਰੋਹਿਤ ਕੁਮਾਰ, ਜੋਤੀ ਬਾਲਾ, ਕੁਲਵੀਰ ਕੌਰ, ਰੰਜਨਾ ਰਾਣੀ, ਮਨਪ੍ਰੀਤ ਕੌਰ, ਪਰਮਪ੍ਰੀਤ ਕੌਰ, ਜਗਸੀਰ ਸਿੰਘ, ਪੂਜਾ ਰਾਣੀ, ਨਵਜੋਤ ਕੌਰ, ਸੰਦੀਪ ਕੌਰ, ਰਮਨਦੀਪ ਕੌਰ, ਗੁਰਪ੍ਰੀਤ ਕੌਰ, ਪਰਮਜੀਤ ਕੌਰ, ਜੋਤੀ ਕੌਰ, ਹਰਲੀਨ ਕੌਰ ਆਦਿ ਹਾਜ਼ਰ ਸਨ।

## ਸੰਸਦੀ ਚੋਣਾਂ 'ਚ ਦਿੱਤੇ ਸਾਥ ਲਈ ਧੰਨਵਾਦੀ ਪ੍ਰੋਗਰਾਮ ਦੀ ਪ੍ਰਨੀਤ ਕੌਰ ਨੇ ਕੀਤੀ ਮੇਜ਼ਬਾਨੀ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਤੇ ਸੀਨੀਅਰ ਭਾਜਪਾ ਆਗੂ ਪ੍ਰਨੀਤ ਕੌਰ ਨੇ ਪਿਛਲੀਆਂ ਸੰਸਦੀ ਚੋਣਾਂ ਦੌਰਾਨ ਪਾਰਟੀ ਵਰਕਰਾਂ ਦੇ ਅਟੁੱਟ ਸਮਰਥਨ ਲਈ ਧੰਨਵਾਦ ਕਰਨ ਲਈ ਪਟਿਆਲਾ ਵਿੱਚ ਇੱਕ ਧੰਨਵਾਦੀ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਇਸ ਸਮਾਗਮ ਵਿੱਚ ਵਰਕਰਾਂ, ਸੀਨੀਅਰ ਆਗੂਆਂ ਤੇ ਸ਼ੁਭਚਿੰਤਕਾਂ ਨੇ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ।ਪ੍ਰਨੀਤ ਕੌਰ ਨੇ ਉਨ੍ਹਾਂ ਨੂੰ ਵੋਟ ਪਾਉਣ ਵਾਲੇ ਹਰੇਕ ਵਰਕਰ ਤੇ ਨਾਗਰਿਕ ਦਾ ਤਹਿ ਦਿਲੋਂ ਧੰਨਵਾਦ ਕੀਤਾ।ਪ੍ਰਨੀਤ ਦੀ ਬੇਟੀ ਜੈ ਇੰਦਰ ਕੌਰ ਨੇ ਮੈਂਬਰਸ਼ਿਪ ਮੁਹਿੰਮ ਲਈ ਸਖ਼ਤ ਮਿਹਨਤ ਕਰਨ ਤੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਪ੍ਰਨੀਤ ਕੌਰ ਨੇ ਵੀ ਆਪਣੇ ਪਰਿਵਾਰ ਦੇ ਸਮਰਥਨ ਨੂੰ ਸਵੀਕਾਰ ਕਰਦੇ ਹੋਏ ਕਿਹਾ ਕਿ ਹਰ ਔਖੇ ਤੇ ਸੌਖੇ ਸਮੇਂ ਵਿੱਚ ਪਟਿਆਲਾ ਪਰਿਵਾਰ ਹਮੇਸ਼ਾ ਸਾਡੇ ਨਾਲ ਖੜਾ ਹੈ।ਜਦੋਂ ਅਸੀਂ ਭਾਜਪਾ ਵਿੱਚ ਸ਼ਾਮਲ ਹੋਏ, ਤਾਂ ਤੁਸੀਂ ਸਾਰੇ ਸਾਡੇ ਨਾਲ ਆਏ ਅਤੇ ਸਾਨੂੰ ਪੂਰਾ ਸਮਰਥਨ ਦਿੱਤਾ।ਉਨ੍ਹਾਂ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਤੇ ਪਾਰਟੀ ਲਈ ਹਮੇਸ਼ਾ ਮੌਜੂਦ ਰਹਿਣਗੇ।ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪ੍ਰਨੀਤ ਕੌਰ ਨੇ ਪੰਜਾਬ ਵਿੱਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ।ਉਨ੍ਹਾ ਸੂਬੇ ਖਾਸ ਕਰਕੇ ਮਾਲਵੇ ਵਿੱਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਨ ਲਈ ਪਾਰਟੀ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।'ਇੱਕ ਰਾਸ਼ਟਰ, ਇੱਕ ਚੋਣ' ਇੱਕ ਚੰਗਾ ਵਿਚਾਰ ਹੈ, ਕਿਉਂਕਿ ਇਹ ਸਮੇਂ ਤੇ ਪੈਸੇ ਦੀ ਬਚਤ ਕਰੇਗਾ।

24-Sept-PAGE-11-Majha-24-Final.qxd 9/23/2024 10:58 PM Page 1



# ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



ਪਠਾਨਕੋਟ (ਦਵਿੰਦਰ ਸਿੰਘ)-ਕੇਂਦਰ ਦੀ ਮੋਦੀ ਸਰਕਾਰ ਨੇ 23 ਸਤੰਬਰ 2020 ਨੂੰ ਕਰੋਨਾ ਕਾਲ ਦੇ ਨਾਜ਼ੁਕ ਸਮੇਂ ਦੌਰਾਨ ਮਜ਼ਦੂਰਾਂ ਦੀ ਸਹਾਇਤਾ ਕਰਨ ਦੀ ਬਜਾਏ ਲੇਬਰ ਪੱਖੀ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਦਿਆਂ ਚਾਰ ਲੇਬਰ ਕੋਡ ਬਣਾਉਣ ਤੇ ਪੰਜਾਬ ਸਰਕਾਰ ਵਲੋਂ ਦਿਹਾੜੀ ਦਾ ਕੰਮ ਸਮਾਂ ਅੱਠ ਘੰਟੇ ਤੋਂ ਵੱਧਾ ਕੇ ਬਾਰਾ ਘੰਟੇ ਕਰਨ ਦੀ ਚਿੱਠੀ-ਪੱਤਰ ਜਾਰੀ ਕਰਕੇ ਮਜ਼ਦੂਰ ਜਮਾਤ ਨਾਲ ਧ੍ਰੋਹ ਕੀਤਾ ਹੈ।ਇਸ ਧੱਕਾਸ਼ਾਹੀ ਦੇ ਖਿਲਾਫ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 23 ਸਤੰਬਰ 2024 ਨੂੰ ਕਾਲਾ ਦਿਵਸ ਮਨਾਉਣ ਦੇ ਸੱਦੇ ਤਹਿਤ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਨੂੰ ਟਰੇਡ ਯੂਨੀਅਨ ਦੇ ਸਾਂਝੇ ਮੋਰਚੇ ਵਿਚ ਸ਼ਾਮਲ ਜਥੇਬੰਦੀਆਂ ਸੀ ਟੀ ਯੂ ਪੰਜਾਬ, ਸੀਟੂ, ਇਫਟੂ ਦੇ ਆਗੂਆਂ ਕਾਮਰੇਡ ਨੱਥਾ ਸਿੰਘ ਢਡਵਾਲ, ਕੇਵਲ ਕਾਲੀਆ, ਵਿਜੇ ਕੁਮਾਰ, ਹਰਿੰਦਰ ਸਿੰਘ ਰੰਧਾਵਾ, ਸ਼ਿਵ ਕੁਮਾਰ, ਕਮਲ ਕਿਸ਼ੋਰ, ਤਿਲਕ ਰਾਜ ਜਿਆਣੀ, ਬਲਵੰਤ ਸਿੰਘ ਕੁਲਬੀਰ ਸਿੰਘ, ਚਮਨ ਲਾਲ, ਮਨਹਰਨ, ਅਵਤਾਰ ਸਿੰਘ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਰਿੰਜਣ ਸਿੰਘ, ਪਰਮਜੀਤ ਸਿੰਘ, ਪ੍ਰਸ਼ੋਤਮ ਕੁਮਾਰ, ਦਰਸ਼ਨ ਸਿੰਘ ਤੇ ਹੋਰ ਸਾਥੀਆਂ ਦੀ ਅਗਵਾਈ ਹੇਠ ਏ ਡੀ ਸੀ ਜ਼ਿਲ੍ਹਾ ਪਠਾਨਕੋਟ ਰਾਹੀਂ ਮੰਗ ਪੱਤਰ ਭੇਜਿਆ ਗਿਆ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ ਅੱਜ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕੀਤੇ ਗਏ ਐਲਾਨ ਮੁਤਾਬਕ 24 ਸਤੰਬਰ ਨੂੰ ਡੀਸੀ ਦਫਤਰ ਅੰਮ੍ਰਿਤਸਰ ਵਿਖੇ ਮੋਰਚੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।ਇਸ ਮੌਕੇ ਜਥੇਬੰਦੀ ਦੇ ਸੂਬਾ ਆਗੂ ਸਰਵਨ ਸਿੰਘ ਪੰਧੇਰ ਅਤੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਨੇ ਦੱਸਿਆ ਕਿ ਦਿੱਲੀ ਅੰਦੋਲਨ -1 ਅਤੇ ਇਸ ਵਕਤ ਜਾਰੀ ਦਿੱਲੀ ਅੰਦੋਲਨ -2 ਦੌਰਾਨ ਸ਼ਹੀਦ ਹੋਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਅਤੇ ਪੰਜ ਲੱਖ ਰੁਪਏ ਮੁਆਵਜ਼ੇ ਦਾ ਵਾਅਦਾ ਪੂਰਾ ਕਰਵਾਉਣ, ਸ਼ੰਭੂ ਬਾਰਡਰ ਤੋਂ ਵਾਪਸ ਪਰਤਦੇ ਸਮੇਂ ਕਿਸਾਨਾਂ ਮਜ਼ਦੂਰਾਂ ਨਾਲ ਭਰੀ ਬੱਸ ਦੇ ਹਾਦਸਾਗ੍ਰਸਤ ਹੋਣ ਕਾਰਨ ਜ਼ਖਮੀ ਹੋਏ ਕਿਸਾਨਾਂ ਮਜ਼ਦੂਰਾਂ ਨੂੰ ਮੁਆਵਜ਼ਾ ਦਿਵਾਉਣ, ਭਾਰਤ ਮਾਲਾ ਪ੍ਰੋਜੈਕਟ ਤਹਿਤ ਬਣ ਰਹੀਆਂ ਸੜਕਾਂ ਲਈ ਬਿਨਾਂ ਪੈਸੇ ਦਿੱਤੇ ਲਏ ਜਾ ਰਹੇ ਕਬਜ਼ਿਆਂ ਨੂੰ ਰੋਕਣ, ਪਰਾਲੀ ਸਾੜਨ ਤੇ ਪਰਚੇ ਅਤੇ ਰੈੱਡ ਇੰਟਰੀ ਦੀ ਜਗ੍ਹਾ ਝੋਨੇ ਦੀ ਰਹਿੰਦ ਖੂੰਹਦ ਦੇ ਹੱਲ ਲਈ ਠੋਸ ਕਦਮ ਚੱਕਣ, ਸੰਪੂਰਨ ਨਸ਼ਾਬੰਦੀ ਲਾਗੂ ਕਰਨ, ਅਵਾਰਾ ਪਸ਼ੂਆਂ ਦੀ ਸਮੱਸਿਆ ਦੇ ਹੱਲ ਸਮੇਤ ਹੋਰ ਅਹਿਮ ਮੰਗਾਂ ਨੂੰ ਹੱਲ ਕਰਵਾਉਣ ਲਈ ਲਗਾਏ ਜਾਣ ਵਾਲੇ ਧਰਨੇ ਪਿੰਡ ਪੱਧਰ 'ਤੇ ਮੀਟਿੰਗਾਂ ਕਰਕੇ ਲੋਕਾਂ ਦੀ ਲਾਮਬੰਦੀ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਨਾਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਲੋਕਾਂ ਵਿੱਚ ਭਾਰੀ ਰੋਸ ਅਤੇ ਉਤਸਾਹ ਹੈ।ਉਨ੍ਹਾਂ ਕਿਹਾ ਕਿ ਸਾਡਾ ਧਰਨਾ ਪੂਰਨ ਰੂਪ ਵਿੱਚ ਸ਼ਾਂਤਮਈ ਅਤੇ ਹੱਕੀ ਮੰਗਾਂ ਨੂੰ ਲਾਗੂ ਕਰਵਾਉਣ ਲਈ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਅਗਰ ਪ੍ਰਸ਼ਾਸਨ 24 ਤਰੀਕ ਦੇ ਧਰਨੇ ਤੋਂ ਬਾਅਦ ਵੀ ਇਨ੍ਹਾਂ ਮੰਗਾਂ ਤੇ ਕੰਮ ਨਹੀਂ ਕਰਦਾ ਤਾਂ 25 ਸਤੰਬਰ ਨੂੰ ਦੇਵੀਦਾਸਪੁਰਾ ਰੇਲ ਫਾਟਕ ਤੇ ਰੇਲ ਰੋਕੋ ਮੋਰਚਾ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਦੀ ਪਰੇਸ਼ਾਨੀ ਦਾ ਸਬੱਬ ਨਹੀਂ ਬਣਨਾ ਚਾਹੁੰਦੇ ਪਰ ਸਾਲਾਂਬੱਧੀ ਲਟਕ ਰਹੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਅਸੀਂ ਇਹ ਐਕਸ਼ਨ ਕਰਨ ਲਈ ਮਜਬੂਰ ਹੋਵਾਂਗੇ। ਅਸੀਂ ਪ੍ਰਸ਼ਾਸਨ ਨੂੰ ਅਗਾਊਂ ਚੇਤਾਵਨੀ ਵੀ ਦੇ ਚੁੱਕੇ ਹਾਂ।

## ਲੁਧਿਆਣਾ 'ਚ ਦੋਪਹੀਆ ਵਾਹਨ ਐਕਸਚੇਂਜ ਤੇ ਲੋਨ ਮੇਲੇ ਦਾ ਆਯੋਜਨ

ਲੁਧਿਆਣਾ:ਸ਼੍ਰੀਰਾਮ ਗਰੁੱਪ ਦੀ ਪ੍ਰਮੁੱਖ ਕੰਪਨੀ ਸ਼੍ਰੀਰਾਮ ਫਾਈਨਾਂਸ ਲਿਮਟਿਡ ਨੇ 21 ਅਤੇ 22 ਸਤੰਬਰ ਨੂੰ ਐੱਮਬੀਡੀ ਨਿਓਪੋਲਿਸ ਮਾਲ, ਲੁਧਿਆਣਾ ਵਿਖੇ ਦੋਪਹੀਆ ਵਾਹਨ ਐਕਸਚੇਂਜ ਅਤੇ ਲੋਨ ਮੇਲੇ ਦਾ ਆਯੋਜਨ ਕੀਤਾ ਹੈ।ਸ਼੍ਰੀਰਾਮ ਫਾਈਨਾਂਸ ਲਿਮਟਿਡ ਦੇ ਕਾਰਜਕਾਰੀ ਨਿਰਦੇਸ਼ਕ-ਮਾਰਕੀਟਿੰਗ ਐਲਿਜ਼ਾਬੇਥ ਵੈਂਕਟਾਰਮਨ ਨੇ ਕਿਹਾ ਕਿ ਸ਼੍ਰੀਰਾਮ ਫਾਈਨਾਂਸ ਨੇ ਹੀਰੋ, ਸੁਜ਼ੁਕੀ, ਟੀਵੀਐਸ, ਰਾਇਲ ਐਨਫੀਲਡ ਵਰਗੇ ਓਈਐੱਮ ਦੇ ਸਹਿਯੋਗ ਨਾਲ ਇਸ ਐਕਸਚੇਂਜ ਅਤੇ ਲੋਨ ਮੇਲੇ ਦਾ ਆਯੋਜਨ ਕੀਤਾ ਹੈ।ਸ਼੍ਰੀਰਾਮ ਫਾਈਨਾਂਸ ਲਿਮਟਿਡ ਦੇ ਕਾਰਜਕਾਰੀ ਨਿਰਦੇਸ਼ਕ-ਮਾਰਕੀਟਿੰਗ ਐਲਿਜ਼ਾਬੇਥ ਵੈਂਕਟਾਰਮਨ ਨੇ ਕਿਹਾ ਕਿ ਸ਼੍ਰੀਰਾਮ ਫਾਈਨਾਂਸ ਨੇ ਹੀਰੋ, ਸੁਜ਼ੁਕੀ, ਟੀਵੀਐਸ , ਰਾਇਲ ਐਨਫੀਲਡ ਵਰਗੇ ਓਈਐੱਮ ਦੇ ਸਹਿਯੋਗ ਨਾਲ ਇਸ ਐਕਸਚੇਂਜ ਅਤੇ ਲੋਨ ਮੇਲੇ ਦਾ ਆਯੋਜਨ ਕੀਤਾ ਹੈ।

# ਸਰਕਾਰੀ ਕਾਲਜ 'ਚ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦਾ ਸ਼ਾਨਦਾਰ ਆਗਾਜ਼

## * ਏ ਡੀ ਸੀ ਨੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਕੀਤਾ ਪ੍ਰੇਰਿਤ



ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੂਬੇ ਨੂੰ ਫਿਰ ਤੋਂ ਰੰਗਲਾ, ਖੁਸ਼ਹਾਲ, ਸਿਹਤਯਾਬ ਪੰਜਾਬ ਬਣਾਉਣ ਲਈ 'ਖੇਡਾਂ ਵਤਨ ਪੰਜਾਬ ਦੀਆਂ-2024' ਸੀਜ਼ਨ-3 ਦੀ ਸ਼ੁਰੂਆਤ ਕੀਤੀ ਗਈ ਹੈ।ਬਲਾਕ ਪੱਧਰੀ ਖੇਡ ਮੁਕਾਬਲੇ ਸਫ਼ਲਤਾਪੂਰਵਕ ਨੇਪਰੇ ਚਾੜ੍ਹੇ ਜਾ ਚੁੱਕੇ ਹਨ ਅਤੇ ਹੁਣ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਖਿਡਾਰੀਆਂ ਵੱਲੋਂ ਵਧ-ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਰਿੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਨੇ ਸਥਾਨਕ ਸਰਕਾਰੀ ਕਾਲਜ ਦੇ ਸਟੇਡੀਅਮ ਵਿਖੇ 'ਖੇਡਾਂ ਵਤਨ ਪੰਜਾਬ' ਦੀਆਂ ਦੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਨੂੰ ਸ਼ੁਰੂ ਕਰਵਾਉਣ ਮੌਕੇ ਕੀਤੇ।

ਇਸ ਮੌਕੇ ਕਰਮਜੀਤ ਸਿੰਘ ਐੱਸਡੀਐੱਮ ਗੁਰਦਾਸਪੁਰ, ਸਿਮਰਨਜੀਤ ਸਿੰਘ ਜ਼ਿਲ੍ਹਾ ਖੇਡ ਅਫਸਰ, ਕੋਚ ਮਨੋਹਰ ਸਿੰਘ, ਤਲਵਿੰਦਰ ਸਿੰਘ ਤੋਂ ਇਲਾਵਾ ਖੇਡ ਪ੍ਰੇਮੀ ਵੱਡੀ ਗਿਣਤੀ ਵਿੱਚ ਮੌਜੂਦ ਸਨ।ਇਸ ਮੌਕੇ ਉਨ੍ਹਾਂ ਵਲੋਂ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜਨ-3 ਕਰਵਾਈਆਂ ਜਾ ਰਹੀਆਂ ਹਨ ਜੋ ਕਿ ਖਿਡਾਰੀਆਂ ਨੂੰ ਆਪਣਾ ਹੁਨਰ ਦਿਖਾਉਣ ਲਈ ਢੁੱਕਵਾਂ ਮੰਚ ਪ੍ਰਦਾਨ ਕਰਨ ਦੀ ਦਿਸ਼ਾ ਵੱਲ ਇੱਕ ਅਹਿਮ ਕਦਮ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਨੇ ਪੰਜਾਬ ਦੀ ਜਵਾਨੀ ਨੂੰ ਮੁੜ ਖੇਡ ਮੈਦਾਨਾਂ ਨਾਲ ਜੋੜਿਆ ਹੈ। ਜ਼ਿਲ੍ਹਾ ਖੇਡ ਅਫ਼ਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ 23 ਤੋਂ 28 ਸਤੰਬਰ ਤੱਕ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ 'ਚ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਐਥਲੈਟਿਕਸ, ਫੁੱਟਬਾਲ, ਬਾਕਸਿੰਗ, ਜੂਡੋ, ਕੁਸ਼ਤੀ, ਬੈਡਮਿੰਟਨ, ਪਾਵਰਲਿਫਟਿੰਗ, ਟੇਬਲ ਟੈਨਿਸ, ਚੈੱਸ, ਤੈਰਾਕੀ, ਵੇਟਲਿਫਟਿੰਗ, ਕਬੱਡੀ (ਸਰਕਲ ਅਤੇ ਨੈਸ਼ਨਲ), ਖੋ-ਖੋ, ਗੱਤਕਾ, ਵਾਲੀਬਾਲ ਸ਼ੂਟਿੰਗ ਅਤੇ ਸਮੈਸਿੰਗ, ਕਿੱਕ ਬਾਕਸਿੰਗ, ਬਾਸਕਿਟਬਾਲ, ਸਵਿਮਿੰਗ ਵਰਗੀਆਂ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ।ਅੰਡਰ-21 ਦੇ 5000 ਮੀਟਰ ਦੌੜ ਮੁਕਾਬਲੇ ਵਿੱਚ ਹਰਦੀਪ ਕੁਮਾਰ ਨੇ ਪਹਿਲਾ, ਦੀਵਾਕਰ ਨੇ ਦੂਜਾ, ਕੁਲਵਿੰਦਰ ਸਿੰਘ ਨੇ ਤੀਜਾ ਤੇ ਰਵਿੰਦਰ ਮਸੀਹ ਨੇ ਚੌਥਾ ਸਥਾਨ ਹਾਸਿਲ ਕੀਤਾ।

# ਡੀਸੀ ਵੱਲੋਂ ਸ੍ਰੀ ਦਰਬਾਰ ਸਾਹਿਬ ਦਾ ਚੌਗਿਰਦਾ ਸਾਫ-ਸੁਥਰਾ ਰੱਖਣ ਦੀਆਂ ਹਦਾਇਤਾਂ



ਅੰਮ੍ਰਿਤਸਰ,(ਨਰਿੰਦਰਜੀਤ ਸਿੰਘ)-ਸ੍ਰੀ ਦਰਬਾਰ ਸਾਹਿਬ ਆਉਂਦੇ ਸ਼ਰਧਾਲੂਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਡਿਪਟੀ ਕਮਿਸ਼ਨਰ ਸ਼ਾਕਸ਼ੀ ਸਾਹਨੀ ਨੇ ਇਸ ਦੇ ਚੌਗਿਰਦੇ ਦੀ ਦੇਖ-ਭਾਲ ਵਿਚ ਲੱਗੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੌਕੇ ਉਤੇ ਜਾ ਕੇ ਲੋੜੀਂਦੇ ਕਦਮ ਚੁੱਕਣ ਤੇ ਗਲਿਆਰੇ ਸਮੇਤ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਸਾਰੇ ਰਸਤਿਆਂ ਨੂੰ ਕਚਰਾ ਮੁਕਤ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ।ਮੈਡਮ ਸਾਹਨੀ ਨੇ ਖ਼ੁਦ ਕਾਰ ਪਾਰਕਿੰਗ, ਬਾਥਰੂਮ, ਰਸਤੇ, ਦੁਕਾਨਦਾਰਾਂ ਵੱਲੋਂ ਕੀਤੇ ਕਬਜ਼ੇ ਅਤੇ ਗਲੀਆਂ ਦੀ ਹਾਲਤ ਵੇਖੀ ਅਤੇ ਸਾਰੇ ਵਿਭਾਗਾਂ ਨੂੰ ਇਸ ਵਿਚ ਵਿਆਪਕ ਸੁਧਾਰ ਲਿਆਉਣ ਦੀਆਂ ਹਦਾਇਤਾਂ ਕੀਤੀਆਂ।ਉਨ੍ਹਾਂ ਕਿਹਾ ਕਿ ਇਹ ਫਿਲਹਾਲ ਮੇਰਾ ਪਹਿਲਾ ਦੌਰਾ ਹੈ ਅਤੇ ਮੈਂ ਹੁਣ ਹਰ ਦੋ ਮਹੀਨਿਆਂ ਬਾਅਦ ਇਸ ਰਸਤੇ ਤੇ ਚੌਗਿਰਦੇ ਦੀ ਸਾਰ ਲਵਾਂਗੀ।ਸ੍ਰੀ ਦਰਬਾਰ ਸਾਹਿਬ ਸਾਡਾ ਵੱਡਾ ਤੀਰਥ ਹੀ ਨਹੀਂ, ਬਲਕਿ ਸ਼ਹਿਰ ਵਿਚ ਵੱਧ ਰਹੇ ਧਾਰਮਿਕ ਟੂਰਿਜ਼ਮ ਦਾ ਮੁੱਖ ਕੇਂਦਰ ਵੀ ਹੈ।ਉਨ੍ਹਾਂ ਕਿਹਾ ਕਿ ਬਤੌਰ ਡਿਪਟੀ ਕਮਿਸ਼ਨਰ ਇਹ ਕੰਮ ਕੇਵਲ ਮੇਰਾ ਜਾਂ ਕਾਰਪੋਰੇਸ਼ਨ ਦਾ ਹੀ ਨਹੀਂ, ਬਲਕਿ ਇਥੇ ਆਉਂਦੇ ਹਰ ਸ਼ਰਧਾਲੂ, ਦੁਕਾਨਦਾਰ ਦਾ ਵੀ ਹੈ, ਜੋ ਕਿ ਇਸ ਮੁਕੱਦਸ ਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ।ਉਨ੍ਹਾਂ ਕਿਹਾ ਕਿ ਜੇਕਰ ਆਪਾਂ ਸਾਰੇ ਇਸ ਦੀ ਸਾਫ-ਸਫਾਈ ਦਾ ਧਿਆਨ ਰੱਖਾਂਗੇ ਤਾਂ ਹੀ ਅਸੀਂ ਇਸ ਦੇ ਚੌਗਿਰਦੇ ਨੂੰ ਸਾਫ-ਸੁਥਰਾ ਰੱਖ ਸਕਾਂਗੇ।

ਉਨ੍ਹਾਂ ਗਲਿਆਰੇ ਦੀ ਸਾਫ਼-ਸਫਾਈ ਲਈ ਅੰਮ੍ਰਿਤਸਰ ਵਿਕਾਸ ਅਥਾਰਟੀ ਨੂੰ ਹਦਾਇਤ ਜਾਰੀ ਕਰਦਿਆਂ ਕਿਹਾ ਕਿ ਇਹ ਕੰਮ ਕਿਸੇ ਯੋਗ ਕੰਪਨੀ ਨੂੰ ਦੇਣ।ਇਸ ਮੌਕੇ ਐੱਸਡੀਐੱਮ ਮਨਕੰਵਲ ਸਿੰਘ ਚਾਹਲ, ਸੀਏ. ਏਡੀਏ ਦਰਬਾਰਾ ਸਿੰਘ, ਟੂਰਿਜ਼ਮ ਅਫ਼ਸਰ ਸੁਖਮਨਦੀਪ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਦੇ ਦਸ ਹੋਣਹਾਰ ਬੱਚੇ ਰਾਸ਼ਟਰ ਪੱਧਰੀ ਖੇਡਾਂ ਲਈ ਚੁਣੇ



**ਮਜੀਠਾ (ਸੋਇਮ ਆਨੰਦ)**-ਪਿਛਲੇ ਦਿਨੀਂ ਹੋਈਆਂ ਸਕੂਲਾਂ ਦੀਆਂ ਖੇਡਾਂ ਵਿਚ ਕਲੱਸਟਰ ਪੱਧਰੀ ਖੇਡਾਂ ਵਿਚ ਭਾਗ ਲੈਂਦੇ ਹੋਏ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ ਦੇ 10 ਹੋਣਹਾਰ ਵਿਦਿਆਰਥੀਆਂ ਨੂੰ ਰਾਸ਼ਟਰ ਪੱਧਰੀ ਖੇਡਾਂ ਵਾਸਤੇ ਚੁਣ ਲਿਆ ਗਿਆ ਹੈ।ਇਨ੍ਹਾਂ ਵਿਦਿਆਰਥੀਆਂ ਦਾ ਸਕੂਲ ਵਿਖੇ ਪੁੱਜਣ ਤੇ ਸਕੂਲ ਮੈਨੇਜਮੈਂਟ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ, ਡਾਇਰੈਕਟਰ ਪ੍ਰਿੰਸੀਪਲ ਅਮਨਦੀਪ ਕੌਰ ਥਿੰਦ, ਪ੍ਰਿੰਸੀਪਲ ਲਕਸ਼ਿਤਾ ਵਰਮਾ ਅਤੇ ਸਮੂਹ ਅਧਿਆਪਕਾਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਹੌਸਲਾ ਅਫ਼ਜ਼ਾਈ ਕੀਤੀ।

ਸਿਲੈਕਟ ਹੋਏ ਵਿਦਿਆਰਥੀਆਂ ਵਿਚ ਮਨਤਪ੍ਰੀਤ ਕੌਰ ਅੰਡਰ -19 ਸ਼ਾਟਪੁੱਟ ਵਿਚ ਪਹਿਲਾ ਸਥਾਨ, ਸੁਪਰੀਤ ਕੌਰ 800 ਮੀਟਰ ਵਿਚ ਪਹਿਲਾ ਸਥਾਨ, 1500 ਮੀਟਰ ਵਿਚ ਪਹਿਲਾ ਅਤੇ 3000 ਮੀਟਰ ਰੇਸ ਵਿਚ ਦੂਸਰਾ ਸਥਾਨ, ਅਨਮੋਲ ਸਿੰਘ ਨੇ ਟਰਿੱਪਲ ਜੰਪ ਵਿਚ ਦੂਸਰਾ ਅਤੇ 100 ਮੀਟਰ ਰਿਲੇਅ ਰੇਸ ਵਿਚ ਤੀਸਰਾ ਸਥਾਨ, ਹਰਜੋਬਨ ਸਿੰਘ ਨੇ 5000 ਮੀਟਰ ਰੇਸ ਵਿਚ ਦੂਸਰਾ, ਯੁਵਰਾਜ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਦੂਸਰਾ, ਨਵਪ੍ਰੀਤ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਦੂਸਰਾ, ਹਰਜੋਬਨ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਤੀਸਰਾ, ਹਰਮਨਦੀਪ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਤੀਸਰਾ, ਜੋਬਨਪ੍ਰੀਤ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਦੂਸਰਾ, ਅਰਮਾਨਪ੍ਰੀਤ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਦੂਸਰਾ, ਪ੍ਰਿਤਪਾਲ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਦੂਸਰਾ, ਹਰਲੀਨ ਕੌਰ ਨੇ ਡਿਸਕਸ ਥਰੋ ਵਿਚ ਪਹਿਲਾ, ਨੂਰਦੀਪ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਤੀਸਰਾ, ਅਭੈਜੀਤ ਸਿੰਘ ਨੇ 100 ਮੀਟਰ ਰਿਲੇਅ ਰੇਸ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ।

ਇਨ੍ਹਾਂ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਦੇ ਸਾਰਾ ਸਿਹਰਾ ਕੋਚ ਸੁਖਜੀਤ ਸਿੰਘ ਬੱਲ ਅਤੇ ਡੀਪੀਆਈ ਸਤਿੰਦਰ ਕੌਰ ਦੇ ਸਿਰ ਬੰਨਿ ਆ ਅਤੇ ਉਨ੍ਹਾਂ ਵੱਲੋਂ ਕਰਾਈ ਗਈ ਮਿਹਨਤ ਦੀ ਸ਼ਲਾਘਾ ਕੀਤੀ।ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਵੀ ਹਾਜ਼ਰ ਸਨ।

# ਮਨਰੇਗਾ ਵਰਕਰਜ਼ ਯੂਨੀਅਨ ਦਾ ਵਫਦ ਡੀ ਸੀ ਨੂੰ ਮਿਲਿਆ



ਤਰਨਤਾਰਨ (ਪ੍ਰਿਤਪਾਲ ਸਿੰਘ)-ਮਨਰੇਗਾ ਵਰਕਰਜ਼ ਯੂਨੀਅਨ ਦਾ ਵਫਦ ਡਿਪਟੀ ਕਮਿਸ਼ਨਰ ਤਰਨਤਾਰਨ ਨੂੰ ਮਿਲਿਆ ।ਵਫਦ ਦੀ ਅਗਵਾਈ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਰਟੌਲ, ਜ਼ਿਲ੍ਹਾ ਖਜਾਨਚੀ ਕਰਮ ਸਿੰਘ ਪੰਡੋਰੀ ਨੇ ਕੀਤੀ।ਵਫਦ ਨੇ ਡੀ ਸੀ ਨੂੰ ਜਾਣੂ ਕਰਾਇਆ ਕਿ ਪਿੰਡ ਮੁਗਲਚੱਕ, ਪੱਖੋਕੇ, ਪੰਡੋਰੀ ਤਖਤ ਮੱਲ ਦੇ ਮਨਰੇਗਾ ਵਰਕਰ ਜੋ ਪਹਿਲਾਂ ਮੇਅਟ ਦੇ ਤੌਰ 'ਤੇ ਕੰਮ ਕਰਦੇ ਸਨ, ਨੂੰ ਹਟਾਇਆ ਜਾ ਰਿਹਾ ਹੈ ਅਤੇ ਬਲਾਕ ਅਧਿਕਾਰੀਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਸਾਨੂੰ ਹਲਕਾ ਵਿਧਾਇਕ ਤਰਨ ਤਾਰਨ ਦੀ ਸਖਤ ਹਦਾਇਤ ਹੈ ਕਿ ਜਿਹੜੇ ਮਨਰੇਗਾ ਮਜ਼ਦੂਰਾਂ ਨੂੰ ਅਸੀਂ ਕੰਮ ਦੇਣ ਲਈ ਕਹਾਂਗੇ, ਉਨ੍ਹਾਂ ਨੂੰ ਹੀ ਕੰਮ ਦੇਣਾ ਹੈ ਅਤੇ ਮੇਅਟ ਵੀ ਸਾਡੀ ਪਾਰਟੀ ਦੇ ਲਾਉਣੇ ਹਨ ।

ਵਫਦ ਨੇ ਮੰਗ ਕੀਤੀ ਕਿ ਹਲਕਾ ਵਿਧਾਇਕ ਦੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਚਲਾਇਆ ਜਾਵੇ ਅਤੇ ਮੇਅਟ ਕੰਮ ਕਰਨ ਵਾਲੀ ਲੇਬਰ ਅਨੁਸਾਰ ਲਾਏ ਜਾਣ ।ਰੁਕੇ ਪੈਸੇ ਤੁਰੰਤ ਖਾਤਿਆਂ ਵਿੱਚ ਪਾਏ ਜਾਣ । ਇਨ੍ਹਾਂ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹਲਕਾ ਵਿਧਾਇਕ ਦੇ ਕਹਿਣ ਤੇ ਮਨਰੇਗਾ ਮਜ਼ਦੂਰਾਂ ਨੂੰ ਕੰਮ ਨਾ ਦਿੱਤਾ, ਮਨਰੇਗਾ ਵਰਕਰਾਂ ਮੁਤਾਬਿਕ ਮੇਅਟ ਨਾ ਲਾਏ, ਰੁਕੇ ਪੈਸੇ ਨਾ ਪਾਏ ਤਾਂ ਜ਼ਿਲ੍ਹਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ ਜਿਸ ਦਾ ਐਲਾਨ 27 ਸਤੰਬਰ ਨੂੰ ਕੀਤਾ ਜਾਵੇਗਾ।ਇਸ ਮੌਕੇ ਕੁਲਦੀਪ ਸਿੰਘ ਰਟੌਲ, ਜਰਨੈਲ ਸਿੰਘ, ਗੁਰਮੀਤ ਸਿੰਘ, ਵਿਸਾਖਾ ਸਿੰਘ, ਕੰਵਲਜੀਤ ਸਿੰਘ ਮੁਗਲਚੱਕ, ਹਰਜੀਤ ਕੌਰ, ਹਰਪ੍ਰੀਤ ਕੌਰ, ਪਰਮਜੀਤ ਕੌਰ ਪੰਡੋਰੀ ਤਖਤਮੱਲ, ਰਾਜਵਿੰਦਰ ਕੌਰ, ਬਲਜੀਤ ਕੌਰ, ਰਾਜ ਕੌਰ, ਸੁਖਵਿੰਦਰ ਕੌਰ, ਬਲਬੀਰ ਕੌਰ ਪੱਖੋਕੇ ਆਦਿ ਹਾਜ਼ਰ ਸਨ ।

# ਐੱਨ ਡੀ ਏ /ਸੀ ਡੀ ਐੱਸ ਦੀ ਲਿਖਤੀ ਪ੍ਰੀਖਿਆ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਨਿਸ਼ਾਨ-ਏ-ਸਿੱਖੀ ਵਿਗਿਆਨ ਅਤੇ ਸਿਖਲਾਈ ਸੰਸਥਾ ਖਡੂਰ ਸਾਹਿਬ ਲਈ ਇਹ ਮਾਣ ਖੁਸ਼ੀ ਅਤੇ ਤਸੱਲੀ ਦਾ ਪਲ ਹੈ ਕਿਉਂਕਿ ਇਸਦੇ 13 ਵਿਦਿਆਰਥੀਆਂ ਨੇ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਦੀ ਲਿਖਤੀ ਪ੍ਰੀਖਿਆ ਪਾਸ ਕੀਤੀ ਜੋ ਕਿ ਯੂ.ਪੀ.ਐੱਸ.ਸੀ. ਦੁਆਰਾ ਆਯੋਜਿਤ ਕੀਤੀ ਜਾਂਦੀ ਹੈ। 01 ਵਿਦਿਆਰਥਣ ਜੋ ਕਿ ਨਿਸ਼ਾਨ-ਏ-ਸਿੱਖੀ ਤੋਂ ਜੇ.ਈ.ਈ/ਨੀਟ ਦਾ ਤਿਆਰੀ ਕੋਰਸ ਕਰ ਰਹੀ ਹੈ, ਨੇ ਵੀ ਐੱਨ. ਡੀ. ਏ. ਦੀ ਲਿਖਤੀ ਪ੍ਰੀਖਿਆ ਪਾਸ ਕੀਤੀ ਹੈ।ਇਸ ਤੋਂ ਇਲਾਵਾ ਇਕ ਵਿਦਿਆਰਥਣ, ਜੋ ਕਿ ਸਿਵਲ ਸੇਵਾਵਾਂ ਲਈ ਤਿਆਰੀ ਕੋਰਸ ਕਰ ਰਹੀ ਹੈ, ਨੇ ਸੀ.ਡੀ.ਐੱਸ ਦੀ ਪ੍ਰੀਖਿਆ ਪਾਸ ਕੀਤੀ ਹੈ।ਇਹ ਸਾਰੇ ਵਿਦਿਆਰਥੀ ਹੁਣ ਐੱਸ. ਐੱਸ. ਬੀ. ਦੀ ਇੰਟਰਵਿਊ ਲਈ ਜਾਣਗੇ ਜੋ ਕਿ ਚੋਣ ਲਈ ਅਗਲਾ ਕਦਮ ਹੈ। ਜ਼ਿਕਰਯੋਗ ਹੈ ਕਿ ਹੁਣ ਤੱਕ ਸੰਸਥਾ ਦੇ 24 ਵਿਦਿਆਰਥੀ ਵੱਖ-ਵੱਖ ਸੈਨਾਵਾਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।ਮੇਜਰ ਜਨਰਲ ਬਲਵਿੰਦਰ ਸਿੰਘ (ਵੀ. ਐੱਸ. ਐੱਮ.) (ਸੇਵਾਮੁਕਤ) ਡਾਇਰੈਕਟਰ, ਐੱਨ. ਡੀ. ਏ. ਵਿੰਗ ਨੇ ਦੱਸਿਆ ਕਿ ਅਜਿਹੇ ਚੰਗੇ ਨਤੀਜੇ ਪ੍ਰਾਪਤ ਕਰਨ ਲਈ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ।ਉਨ੍ਹਾਂ ਨੇ ਐੱਨ. ਐੱਸ. ਆਈ. ਐੱਸ. ਟੀ. (ਐੱਨ. ਡੀ. ਏ. ਵਿੰਗ) ਵਿਖੇ ਚੋਣ ਅਤੇ ਸਿਖਲਾਈ ਦਾ ਵੀ ਜ਼ਿਕਰ ਕੀਤਾ। ਬਾਬਾ ਸੇਵਾ ਸਿੰਘ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਐੱਸ. ਐੱਸ. ਬੀ. ਦੀ ਇੰਟਰਵਿਊ ਲਈ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ।ਇਸ ਮੌਕੇ ਦਿਨੇਸ਼, ਗਰੁੱਪ ਕੈਪਟਨ ਬਲਜੀਤ ਸਿੰਘ (ਸੇਵਾਮੁਕਤ), ਸਕੱਤਰ ਅਵਤਾਰ ਸਿੰਘ ਬਾਜਵਾ, ਸਕੱਤਰ ਵਰਿਆਮ ਸਿੰਘ, ਸੂਬੇਦਾਰ ਕੁਲਵੰਤ ਸਿੰਘ ਅਤੇ ਸੰਸਥਾ ਦੇ ਸਟਾਫ਼ ਮੈਂਬਰ ਹਾਜ਼ਰ ਸਨ।

# ਪ੍ਰਵਾਸੀ ਲੋਕਾਂ ਦੀ ਵਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ: ਵਿਸ਼ਵ ਹਿੰਦੂ ਪ੍ਰੀਸ਼ਦ

ਗੁਰਦਾਸਪੁਰ (ਜਨਕ ਮਹਾਜਨ)-ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੀ ਮਹੀਨੇਵਾਰ ਮੀਟਿੰਗ ਕ੍ਰਿਸ਼ਨਾ ਮੰਦਰ ਮੰਡੀ ਗੁਰਦਾਸਪੁਰ ਵਿਖੇ ਕੀਤੀ ਗਈ ਜਿਸ ਦੀ ਸ਼ੁਰੂਆਤ ਵਿਜੈ ਮੰਤਰ ਨਾਲ ਕੀਤੀ ਗਈ। ਇਸ ਦੌਰਾਨ ਸ਼ਹਿਰ ਦੀਆਂ ਵੱਖ-ਵੱਖ ਸੰਸਥਾਵਾਂ ਅਤੇ ਸਬਜ਼ੀ ਮੰਡੀ ਦੇ ਰਵੀ ਮਹਾਜਨ ਵਪਾਰ ਮੰਡਲ ਦੇ ਪ੍ਰਧਾਨ ਅਸ਼ੋਕ ਮਹਾਜਨ, ਬਾਬਾ ਸੁਧੀਰ, ਪਾਵਨ ਸ਼ਰਮਾ, ਅਸ਼ਵਨੀ ਮਹਾਜਨ ਸਮਾਜ ਸੇਵਕ ਤੋਂ ਇਲਾਵਾ ਇਲਾਕਾ ਵਾਸੀ ਸ਼ਾਮਿਲ ਹੋਏ। ਮੀਟਿੰਗ ਵਿੱਚ ਸ਼ਹਿਰ ਵਿੱਚ ਵੱਧ ਰਹੇ ਪਰਵਾਸੀ ਲੋਕਾਂ ਦੀ ਗਿਣਤੀ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਆਮਦ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ, ਇਸ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੀਟਿੰਗ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਿਲ੍ਹਾ ਮੰਤਰੀ ਸੁਮੀਤ ਭਾਰਦਵਾਜ, ਜ਼ਿਲ੍ਹਾ ਪ੍ਰਧਾਨ ਭਾਰਤ ਭੂਸ਼ਣ ਗੋਗਾ, ਬਜਰੰਗ ਦਲ ਸੰਯੋਜਕ ਅਨਿਲ ਕੁਮਾਰ, ਸ਼ਾਮ ਲਾਲ ਸੈਣੀ ਅਤੇ ਕ੍ਰਿਸ਼ਨ ਬਾਮੋਤਰਾ, ਅੰਕੁਸ਼ ਮਹਾਜਨ, ਸੁਸ਼ੀਲ ਬਰਨਾਲਾ, ਕ੍ਰਿਸ਼ ਸਮਯਾਲ, ਅਨੁਰਧਾ ਪੰਡਿਤ, ਉਪ ਪ੍ਰਮੁੱਖ ਕਿਰਨ ਮਹਿਰਾ ਆਦਿ ਹਾਜ਼ਰ ਸਨ।

## ਦੋ ਸਮੱਗਲਰ 195 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਫਗਵਾੜਾ (ਡਾ. ਰਮਨ) ਪੁਲਸ ਪਾਰਟੀ ਨੇ ਗਸ਼ਤ ਦੌਰਾਨ ਮੁਖ਼ਬਰ ਖਾਸ ਦੀ ਇਤਲਾਹ ਅਤੇ ਟੈਕਨੀਕਲ ਇਨਪੁਟ ਦੇ ਆਧਾਰ ਪਰ ਦੋਸਾਂਝਾਂ ਗੇਟ ਪਰ ਨਾਕਾਬੰਦੀ ਦੌਰਾਨ 2 ਪੈਦਲ ਆਉਂਦੇ ਨੌਜਵਾਨਾਂ ਪਵਨ ਕੁਮਾਰ ਉਰਫ ਪੰਮਾ ਵਾਸੀ ਛੱਜ ਕਲੋਨੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਅਤੇ ਗੁਰਪਿੰਦਰ ਸਿੰਘ ਉਰਫ ਭੋਲੂ ਵਾਸੀ ਰਤਨਪੁਰਾ ਗਲੀ ਨੰਬਰ 3 ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਨੂੰ ਕਾਬੂ ਕਰਕੇ ਉਹਨਾ ਪਾਸੋਂ 195 ਨਸ਼ੀਲੀਆ ਗੋਲੀਆ ਬਰਾਮਦ ਕੀਤੀਆ ਗਈਆ ਜਿਨਾਂ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਜਿਨਾਂ ਪਾਸੋਂ ਮੁਕੱਦਮਾ ਸੰਬੰਧੀ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਚੱਲ ਰਹੀ ਹੈ।

# ਪੰਜਾਬ ਸਰਕਾਰ ਲੋਕਾਂ ਲਈ ਸਮੇਂ ਸਿਰ ਤੇ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ ਵਚਨਬੱਧ: ਬਹਿਲ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਸਾਰੇ ਨਾਗਰਿਕਾਂ ਨੂੰ ਸਮੇਂ ਸਿਰ ਅਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਕਰਦਿਆਂ ਰਮਨ ਬਹਿਲ, ਚੇਅਰਮੈਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਅਧਿਕਾਰੀਆਂ ਨੂੰ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਵੱਧ ਤੋਂ ਵੱਧ ਵਿਅਕਤੀਆਂ ਨੂੰ ਸ਼ਾਮਲ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਸ ਤੋਂ ਵਾਂਝਾ ਨਾ ਰਹਿ ਸਕੇ।ਬਹਿਲ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਕੀਮ ਤਹਿਤ ਸੂਚੀਬੱਧ ਹਸਪਤਾਲਾਂ ਨੂੰ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਸਬੰਧੀ ਅਹਿਮ ਕਦਮ ਵਜੋਂ, ਸਟੇਟ ਹੈਲਥ ਏਜੰਸੀ (ਐੱਸਐੱਚਏ) ਵੱਲੋਂ ਦਾਅਵਿਆਂ ਸਬੰਧੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਮੈਡੀਕਲ ਪੇਸ਼ੇਵਰ ਨਿਯੁਕਤ ਕੀਤੇ ਜਾਣਗੇ।ਦੱਸਣਯੋਗ ਹੈ ਕਿ ਆਯੁਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸਕੀਮ ਸੂਬੇ ਭਰ ਦੇ 772 ਸਰਕਾਰੀ ਅਤੇ ਨਿੱਜੀ ਸੂਚੀਬੱਧ ਹਸਪਤਾਲਾਂ ਵਿੱਚ ਪ੍ਰਤੀ ਪਰਿਵਾਰ ਪ੍ਰਤੀ ਸਾਲ 5 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਪ੍ਰਦਾਨ ਕਰਦੀ ਹੈ।

ਸਟੇਟ ਹੈਲਥ ਏਜੰਸੀ ਨੇ ਪੰਜਾਬ ਦੇ 45 ਲੱਖ ਤੋਂ ਵੱਧ ਪਰਿਵਾਰਾਂ ਨੂੰ ਇਸ ਸਕੀਮ ਦਾ ਲਾਭ ਦੇਣ ਲਈ 84.44 ਲੱਖ ਕਾਰਡ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਗੋਡੇ ਬਦਲਣ, ਦਿਲ ਦੀਆਂ ਬਿਮਾਰੀਆਂ ਸਬੰਧੀ ਸਰਜਰੀ, ਕੈਂਸਰ ਦੇ ਇਲਾਜ ਆਦਿ ਸਮੇਤ ਲਗਭਗ 1600 ਕਿਸਮਾਂ ਦੇ ਇਲਾਜ ਕਰਵਾਉਣ ਦੀ ਸਹੂਲਤ ਹੈ।ਇਸ ਸਕੀਮ ਦਾ ਲਾਭ ਲੈਣ ਵਾਲਿਆਂ ਵਿੱਚ ਐੱਨਐੱਫਐੱਸਏ ਕਾਰਡ ਧਾਰਕ, ਜੇ-ਫਾਰਮ-ਧਾਰਕ ਕਿਸਾਨ, ਰਜਿਸਟਰਡ ਮਜ਼ਦੂਰ, ਰਜਿਸਟਰਡ ਛੋਟੇ ਵਪਾਰੀ, ਮਾਨਤਾ ਪ੍ਰਾਪਤ ਅਤੇ ਪੀਲੇ ਕਾਰਡ ਧਾਰਕ ਪੱਤਰਕਾਰ, ਅਤੇ 2011 ਦੇ ਸਮਾਜਿਕ-ਆਰਥਿਕ ਜਾਤੀ ਜਨਗਣਨਾ ਡੇਟਾ ਤਹਿਤ ਕਵਰ ਕੀਤੇ ਗਏ ਪਰਿਵਾਰ ਸ਼ਾਮਲ ਹਨ।

# ਭਾਈ ਸਾਲੋ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ



ਮਜੀਠਾ (ਸੋਇਮ ਆਨੰਦ)-ਸ੍ਰੀ ਗੁਰੂ ਰਾਮ ਦਾਸ ਜੀ ਦੇ ਅਨਿਨ ਸੇਵਕ ਅਤੇ ਸੇਵਾ ਦੇ ਪੁੰਜ ਬਾਬਾ ਭਾਈ ਸਾਲੋ ਜੀ ਦਾ ਸਾਲਾਨਾ ਜੋੜ ਮੇਲਾ ਬਾਬਾ ਭਾਈ ਸਾਲੋ ਜੀ ਦੀ ਅੰਸ-ਬੰਸ ਬਾਬਾ ਗੁਰਪਿੰਦਰ ਸਿੰਘ ਵਲੋਂ ਇਲਾਕਾ ਵਾਸੀ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਮਨਾਇਆ ਜਾਂਦਾ ਹੈ ਅਤੇ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ।

ਇਸ ਸਾਲ ਵੀ ਇਹ ਦਿਹਾੜਾ ਇਲਾਕੇ ਦੀਆਂ ਸੰਗਤਾਂ ਵਲੋਂ ਡੇਰਾ ਬਾਬਾ ਭਾਈ ਸਾਲੋ ਜੀ ਮਜੀਠਾ ਵਿਖੇ 28 ਸਤੰਬਰ ਨੂੰ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।ਸਮਾਗਮਾਂ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਬਾਬਾ ਭਾਈ ਸਾਲੋ ਜੀ ਦੀ ਅੰਸ ਬੰਸ ਬਾਬਾ ਹਰਭਿੰਦਰ ਸਿੰਘ ਨੇ ਦੱਸਿਆ ਕਿ 26 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ 28 ਸਤੰਬਰ ਦਿਨ ਸ਼ਨੀਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਬਾਹਰ ਖੁੱਲੇ ਪੰਡਾਲ ਵਿਚ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿਚ ਪ੍ਰੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਅਤੇ ਕਥਾਵਾਚਕ ਸੰਗਤਾਂ ਨੂੰ ਮਨੋਹਰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਸੁਣਾ ਕੇ ਨਿਹਾਲ ਕਰਨਗੇ।ਧਾਰਮਿਕ ਸਮਾਗਮ ਵਿਚ ਹਾਜ਼ਰੀ ਲਗਵਾਉਣ ਵਾਲੇ ਜਥਿਆਂ ਵਿਚ ਭਾਈ ਮੰਗਤ ਸਿੰਘ ਝਾੜ ਸਾਹਿਬ ਵਾਲੇ, ਕਥਾਵਾਚਕ ਭਾਈ ਕਾਬਲ ਸਿੰਘ ਅਜਨਾਲਾ, ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣਾ, ਭਾਈ ਅਮਰਜੀਤ ਸਿੰਘ ਸਭਰਾ ਦਾ ਕਵੀਸ਼ਰ ਜਥਾ, ਮਨਬੀਰ ਸਿੰਘ ਪਹੂਵਿੰਡ ਵਾਲਿਆਂ ਦੇ ਢਾਡੀ ਜਥੇ ਪ੍ਰਮੁੱਖ ਹਨ।

# ਡੀ ਸੀ ਦੀ ਪ੍ਰਧਾਨਗੀ ਹੇਠ ਬੈਂਕਾਂ ਦੇ ਬਕਾਇਆ ਕੇਸਾਂ ਸਬੰਧੀ ਹੋਈ ਰੀਵਿਊ ਮੀਟਿੰਗ



ਤਰਨਤਾਰਨ/ਭਿੱਖੀਵਿੰਡ/ਖਾਲੜਾ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨ ਤਾਰਨ ਵਿੱਚ ਬੈਂਕਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਦੀ ਪ੍ਰਧਾਨਗੀ ਹੇਠ ਬੈਂਕਾਂ ਦੀ ਤਿਮਾਹੀ ਮੀਟਿੰਗ ਹੋਈ।

ਇਸ ਮੀਟਿੰਗ ਦੌਰਾਨ ਬੈਂਕਾਂ ਵਿੱਚ ਬਕਾਇਆ ਪਏ ਕਰਜ਼ੇ ਦੇ ਕੇਸਾਂ, ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਅਤੇ ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ ਅਧੀਨ ਜ਼ਰੂਰਤਮੰਦ ਲੋਕਾਂ ਨੂੰ ਮਿਲੇ ਲਾਭ ਸਬੰਧੀ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਪੰਜਾਬ ਨੈਸ਼ਨਲ ਬੈਂਕ ਦੇ ਲੀਡ ਜ਼ਿਲ੍ਹਾ ਮੈਨੇਜਰ ਸ੍ਰੀ ਕੰਵਲ ਕੁਮਾਰ ਵੀ ਹਾਜ਼ਰ ਸਨ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਬੈਂਕਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਭਲਾਈ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਲਾਗੂ ਕੀਤਾ ਜਾਵੇ। ਉਨ੍ਹਾਂ ਡੇਅਰੀ ਅਤੇ ਖੇਤੀਬਾੜੀ ਵਿਭਾਗ ਨਾਲ ਸਬੰਧਿਤ ਸਕੀਮਾਂ ਬਾਰੇ ਵਿਚਾਰ ਚਰਚਾ ਕਰਦਿਆਂ ਯੋਗ ਪਾਏ ਜਾਣ ਵਾਲਿਆਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਅਧਿਕਾਰੀਆਂ ਨੂੰ ਲੰਬਿਤ ਤੇ ਪੈਂਡਿੰਗ ਪਏ ਕਰਜ਼ੇ ਦੇ ਕੇਸਾਂ ਤੇ ਲੋਕ ਭਲਾਈ ਸਕੀਮਾਂ ਦੇ ਟੀਚਿਆਂ ਨੂੰ ਜਲਦੀ ਮੁਕੰਮਲ ਕਰਨ ਦੀ ਹਦਾਇਤ ਕੀਤੀ।ਡਿਪਟੀ ਕਮਿਸ਼ਨਰ ਨੇ ਬੈਂਕਿੰਗ ਅਧਿਕਾਰੀਆਂ ਨੂੰ ਕਿਹਾ ਕਿ ਯੋਗ ਪਾਏ ਜਾਂਦੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ ਤਹਿਤ ਕਰਜ਼ੇ ਦੀ ਸਹੂਲਤ ਉਪਲੱਬਧ ਕਰਵਾਈ ਜਾਵੇ।ਇਸ ਮੌਕੇ ਰਿਜ਼ਰਵ ਬੈਂਕ ਆੱਫ਼ ਇੰਡੀਆ ਤੋਂ ਗਰਿਮਾ ਜੈਨ ਅਤੇ ਨਬਾਰਡ ਡੀ. ਐੱਮ. ਐੱਮ ਮਨਜੀਤ ਸਿੰਘ ਅਤੇ ਲਾਈਨ ਵਿਭਾਗਾਂ ਦੇ ਅਧਿਕਾਰੀਆਂ ਸਮੇਤ ਵੱਖ-ਵੱਖ ਬੈਂਕਾਂ ਦੇ ਅਧਿਕਾਰੀ ਮੌਜੂਦ ਸਨ।

# ਐੱਚ ਡੀ ਐੱਫ ਸੀ ਬੈਂਕ ਵੱਲੋਂ ਉੱਤਰੀ ਭਾਰਤ 'ਚ 'ਮੈਗਾ ਟੂ ਵ੍ਹੀਲਰ ਲੋਨ ਮੇਲਾ' ਕਰਵਾਉਣ ਦਾ ਐਲਾਨ

ਜਲੰਧਰ :ਐੱਚਡੀਐੱਫਸੀ ਬੈਂਕ, ਭਾਰਤ ਦਾ ਪ੍ਰਮੁੱਖ ਨਿੱਜੀ ਖੇਤਰ ਦਾ ਬੈਂਕ, 24 ਅਤੇ 25 ਸਤੰਬਰ 2024 ਨੂੰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ , ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਵਿੱਚ ਆਪਣੀਆਂ ਸ਼ਾਖਾਵਾਂ ਵਿੱਚ ਮੈਗਾ ਟੂ ਵ੍ਹੀਲਰ ਲੋਨ ਮੇਲਾ ਆਯੋਜਿਤ ਕਰੇਗਾ।ਇਨ੍ਹਾਂ ਰਾਜਾਂ ਵਿੱਚ 500 ਤੋਂ ਵੱਧ ਸ਼ਾਖਾਵਾਂ ਇਸ ਲੋਨ ਮੁਹਿੰਮ ਦੀ ਮੇਜ਼ਬਾਨੀ ਕਰਨਗੀਆਂ।24 ਅਤੇ 25 ਸਤੰਬਰ 2024 ਨੂੰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ , ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਵਿੱਚ 500 ਤੋਂ ਵੱਧ ਸ਼ਾਖਾਵਾਂ ਇਸ ਮੁਹਿੰਮ ਵਿੱਚ ਹਿੱਸਾ ਲੈਣਗੀਆਂ। ਮੈਗਾ ਟੂ ਵ੍ਹੀਲਰ ਲੋਨ ਮੇਲਾ ਮੁਹਿੰਮ ਦਾ ਉਦੇਸ਼ ਗਾਹਕਾਂ ਨੂੰ ਖਾਸ ਤੌਰ ਤੇ ਅਰਧ-ਸ਼ਹਿਰੀ ਅਤੇ ਪੇਂਡੂ ਸਥਾਨਾਂ ਤੇ ਦੋ ਪਹੀਆ ਵਾਹਨ ਵਿੱਤ ਤੱਕ ਆਸਾਨ ਪਹੁੰਚ ਪ੍ਰਦਾਨ ਕਰਨਾ ਹੈ।ਉਦਘਾਟਨੀ ਸਮਾਰੋਹ ਵਿੱਚ ਬੋਲਦੇ ਹੋਏ ਦਿਨੇਸ਼ ਲੂਥਰਾ, ਬ੍ਰਾਂਚ ਬੈਂਕਿੰਗ ਹੈਡ ਉੱਤਰ ਨੇ ਕਿਹਾ ਕਿ ਮੈਗਾ ਟੂ ਵ੍ਹੀਲਰ ਲੋਨ ਮੇਲਾ ਗਾਹਕਾਂ ਨੂੰ ਉਹਨਾਂ ਦੇ ਮਨਪਸੰਦ ਵਾਹਨਾਂ ਲਈ ਆਸਾਨੀ ਨਾਲ ਵਿੱਤ ਪ੍ਰਾਪਤ ਕਰਨ ਦਾ ਇੱਕ ਵਧੀਆ ਮੌਕਾ ਪ੍ਰਦਾਨ ਕਰਦਾ ਹੈ।

# ਗੁ: ਸੰਤ ਨਿਵਾਸ ਵਿਖੇ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਨਾਲ ਮੀਟਿੰਗ



ਝਬਾਲ (ਹਰਜਿੰਦਰ ਸਿੰਘ ਸੋਨੀ/ ਮੱਖਣ ਮਨੋਜ)-ਬ੍ਰਹਮ ਗਿਆਨੀ, ਪੁੱਤਰਾਂ ਦੇ ਦਾਨੀ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ 5-6-7 ਅਕਤੂਬਰ ਨੂੰ ਮਨਾਏ ਜਾ ਰਹੇ ਸਾਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਗੁਰਦੁਆਰਾ ਸੰਤ ਨਿਵਾਸ ਸੱਚਖੰਡ ਵਾਸੀ ਸੰਤ ਬਾਬਾ ਖੜਕ ਸਿੰਘ ਅਤੇ ਸੱਚਖੰਡ ਵਾਸੀ ਬਾਬਾ ਦਰਸ਼ਨ ਸਿੰਘ ਬੀੜ ਸਾਹਿਬ ਵਿਖੇ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਵੱਲੋਂ ਇਲਾਕੇ ਭਰ ਦੀਆਂ ਸੰਗਤਾਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਧਾਰਮਿਕ, ਰਾਜਸੀ ਸਖਸ਼ੀਅਤਾਂ ਸਰਪੰਚਾਂ, ਪੰਚਾਂ, ਮੋਹਤਬਰਾਂ ਤੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਬਾਬਾ ਬੁੱਢਾ ਕਾਲਜ ਕਮੇਟੀ ਦੇ ਮੈਂਬਰ ਅਤੇ ਚੇਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ, ਕਾਲਜ ਕਮੇਟੀ ਸੈਕਟਰੀ ਜਗੀਰ ਸਿੰਘ ਢੋਟੀਆਂ, ਮੈਂਬਰ ਕਸ਼ਮੀਰ ਸਿੰਘ ਬਘਿਆੜੀ, ਬਾਬਾ ਨਿਸ਼ਾਨ ਸਿੰਘ ਮਰਗਿੰਦਪੁਰਾ, ਬਾਬਾ ਭੋਲਾ ਸਿੰਘ ਸੰਤ ਨਿਵਾਸ ਬੀੜ ਸਾਹਿਬ, ਪ੍ਰਿੰ. ਇੰਦਰਜੀਤ ਸਿੰਘ ਕਲਸ, ਸ੍ਰੀ ਗੁਰੂ ਅਮਰਦਾਸ ਜੀ ਸੇਵਾ ਸੁਸਾਇਟੀ ਦੇ ਪ੍ਰਧਾਨ ਅਤੇ ਗੁਰਜਿੰਦਰ ਸਿੰਘ ਬਘਿਆੜੀ ਨੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਹੈੱਡ ਗ੍ਰੰਥੀ ਗਿਆਨੀ ਨੱਥਾ ਸਿੰਘ, ਸਾਬਕਾ ਸਰਪੰਚ ਮੋਤਾ ਸਿੰਘ ਬਘਿਆੜੀ, ਗੁਰਦੇਵ ਸਿੰਘ ਬਘਿਆੜੀ, ਵਰਿੰਦਰ ਸਿੰਘ ਠੱਠਾ, ਜਥੇ ਬਹਾਲ ਸਿੰਘ ਗੱਗੋਬੂਹਾ, ਨੰਬਰਦਾਰ ਬਲਬੀਰ ਸਿੰਘ, ਦਵਿੰਦਰ ਸਿੰਘ, ਮਹਿੰਦਰ ਸਿੰਘ, ਇੰਦਰਜੀਤ ਸਿੰਘ ਕਸੇਲ, ਗੁਰਨਾਮ ਸਿੰਘ ਚੜ੍ਹ ਦੀ ਕਲਾ, ਜੱਜਬੀਰ ਸਿੰਘ, ਕਸ਼ਮੀਰ ਸਿੰਘ ਭਾਊ, ਡਾ. ਨਰਿੰਦਰ ਸਿੰਘ ਬਘਿਆੜੀ, ਭਾਗ ਸਿੰਘ, ਕਾਲਾ ਸਿੰਘ ਖੇਮਕਰਨ, ਪ੍ਰਤਾਪ ਸਿੰਘ ਠੱਠਾ, ਤੇਜਿੰਦਰਜੀਤ ਸਿੰਘ, ਸ਼ਮਸ਼ੇਰ ਸਿੰਘ ਸ਼ੇਰਾ, ਗਿਆਨੀ ਹਰਭਜਨ ਸਿੰਘ ਭੂਸੇ, ਹਰਜਿੰਦਰ ਸਿੰਘ ਮੂਸੇ, ਮਲਕੀਤ ਸਿੰਘ ਛਾਪਾ ਆਦਿ ਹਾਜ਼ਰ ਸਨ।

# ਐੱਸ ਡੀ ਐੱਮ ਬਟਾਲਾ ਡਾ. ਸ਼ਾਇਰੀ ਭੰਡਾਰੀ ਵੱਲੋਂ ਕਲੱਸਟਰਾਂ/ਨੋਡਲ ਅਫਸਰਾਂ ਨਾਲ ਮੀਟਿੰਗ

## * ਕਿਸਾਨਾਂ ਨੂੰ ਵਾਤਾਵਰਨ ਸ਼ੁੱਧ ਰੱਖਣ ਲਈ ਪ੍ਰਸ਼ਾਸਨ ਦਾ ਸਾਥ ਦੇਣ ਦੀ ਕੀਤੀ ਅਪੀਲ



ਬਟਾਲਾ, (ਡਾ. ਮਲਵਿੰਦਰ ਸਿੰਘ)- ਡਾ. ਸ਼ਾਇਰੀ ਭੰਡਾਰੀ ਐੱਸ. ਡੀ. ਐੱਮ. ਕਮ- ਕਮਿਸ਼ਨਰ ਨਗਰ ਨਿਗਮ ਬਟਾਲਾ ਵਲੋਂ ਸ਼ਿਵ ਕੁਮਾਰ ਬਟਾਲਵੀ ਐਡੀਟੋਰੀਅਮ ਵਿਖੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ, ਕਲੱਸਟਰ/ਨੋਡਲ ਅਫਸਰਾਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਨਾਇਬ ਤਹਿਸੀਲ ਮਨਜੋਤ ਸਿੰਘ, ਐੱਸਡੀਓ. ਪ੍ਰਦੂਸ਼ਣ ਕੰਟਰੋਲ ਬੋਰਡ ਸੁਖਮਨੀ ਸਿੰਘ ਜੋਬਨਜੀਤ ਸਿੰਘ ਏਡੀਓ. ਕਾਦੀਆਂ, ਬਲਾਕ ਅਫਸਰ ਡਾ. ਪਰਮਬੀਰ ਸਿੰਘ ਕਾਹਲੋਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਇਸ ਮੌਕੇ ਡਾ. ਸ਼ਾਇਰੀ ਭੰਡਾਰੀ ਨੇ ਕਿਹਾ ਕਿ ਡੀਸੀ ਉਮਾ ਸੰਕਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਅੰਦਰ ਕਿਸਾਨਾਂ ਨੂੰ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਪਰਾਲੀ ਦੀ ਸਾਂਭ ਸੰਭਾਲ ਲਈ ਲੋੜੀਂਦੀ ਮਸ਼ੀਨਰੀ ਉਪਲੱਬਧ ਕਰਵਾਉਣ ਹਿੱਤ ਜ਼ਿਲ੍ਹੇ ਭਰ ਵਿੱਚ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਲੱਸਟਰ ਅਤੇ ਨੋਡਲ ਅਫਸਰਾਂ ਨੂੰ ਪਿੰਡਾਂ ਵਿੱਚ ਜਾ ਕੇ ਗਰਾਊਂਡ ਲੈਵਲ ਤੇ ਕਿਸਾਨਾ ਨੂੰ ਪਰਾਲੀ ਦੀ ਸਾਂਭ-ਸੰਭਾਲ ਅਤੇ ਖੇਤੀ ਮਸ਼ੀਨਰੀ ਉਪਲੱਬਧ ਕਰਾਉਣ ਸਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨਾਂ ਅਤੇ ਅੱਗ ਲਗਾਏ ਬਗੈਰ ਫਸਲ ਬੀਜਣ ਦੇ ਲਾਭਾਂ ਬਾਰੇ ਜਾਗਰੂਕ ਕੀਤਾ ਜਾਵੇ। ਨਾਇਬ ਤਹਿਸੀਲਦਾਰ ਬਟਾਲਾ ਮਨਜੋਤ ਸਿੰਘ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਵਲੋਂ ਪਿੰਡ ਪੱਧਰ ਤੱਕ ਜਾਗਰੂਕਤਾ ਅਭਿਆਨ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਇਆ ਜਾਵੇ ਅਤੇ ਅਪੀਲ ਕੀਤੀ ਜਾਵੇ ਕਿ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਕਿਸਾਨ ਵੀਰ ਸਹਿਯੋਗ ਕਰਨ।

# ਭਾਰਤ-ਪਾਕਿ ਸਰਹੱਦ ਨੇੜਿਓਂ ਦੋ ਡਰੋਨ ਬਰਾਮਦ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਾਰਤ-ਪਾਕਿਸਤਾਨ ਸਰਹੱਦ ਨੇੜਿਓਂ ਬੀਐੱਸਐੱਫ ਤੇ ਪੰਜਾਬ ਪੁਲਸ ਵੱਲੋਂ ਚਲਾਏ ਗਏ ਸਾਂਝੇ ਸਰਚ ਅਪਰੇਸ਼ਨ ਦੌਰਾਨ ਦੋ ਪਾਕਿਸਤਾਨ ਨੀ ਡਰੋਨ ਬਰਾਮਦ ਹੋਣ ਦਾ ਸਮਾਂਚਾਰ ਪ੍ਰਾਪਤ ਹੋਇਆ ਹੈ।ਜਿਸ ਵੱਲੋਂ ਇਕ ਟੁੱਟਾ ਹੋਇਆ ਡਰੋਨ ਬਰਾਮਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਜਿਸ ਸਬੰਧੀ ਥਾਣਾ ਖੇਮਕਰਨ ਦੀ ਪੁਲਸ ਤੇ ਖਾਲੜਾ ਪੁਲਸ ਵੱਲੋਂ ਅਣਪਛਾਤੇ ਤਸਕਰ ਖਿਲਾਫ ਪਰਚਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਗੁਆਂਢੀ ਦੇਸ਼ ਪਾਕਿਸਤਾਨ ਆਪਣੀਆਂ ਮਾੜੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ, ਜਿਸ ਦੇ ਚੱਲਦਿਆਂ ਸਰਹੱਦ ਉਪਰ ਤਾਇਨਾਤ ਬੀ.ਐੱਸ.ਐੱਫ. ਅਤੇ ਪੰਜਾਬ ਪੁਲਸ ਵੱਲੋਂ ਸਾਂਝੇ ਤੌਰ 'ਤੇ ਆਪ੍ਰੇਸ਼ਨ ਚਲਾਉਂਦੇ ਹੋਏ ਵੱਡੀ ਮਾਤਰਾ 'ਚ ਹੈਰੋਇਨ, ਹਥਿਆਰ ਅਤੇ ਡਰੋਨ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਜਾ ਰਹੀ ਹੈ।

ਇਸੇ ਤਹਿਤ 22 ਸਤੰਬਰ ਦੀ ਦੁਪਹਿਰ 2 ਵਜੇ ਜਦੋਂ ਪਿੰਡ ਮਹਿੰਦੀਪੁਰ ਵਿਖੇ ਬੀ. ਐੱਸ. ਐੱਫ. ਦੇ ਜਵਾਨਾਂ ਵੱਲੋਂ ਗਸ਼ਤ ਕੀਤੀ ਜਾ ਰਹੀ ਸੀ ਤਾਂ ਇਸ ਦੌਰਾਨ ਇੱਕ ਚਾਈਨਾ ਦਾ ਬਣਿਆ ਹੋਇਆ ਟੁੱਟਾ ਡਰੋਨ ਬਰਾਮਦ ਕੀਤਾ ਗਿਆ, ਜਿਸ ਨੂੰ ਕਬਜ਼ੇ 'ਚ ਲੈਣ ਉਪਰੰਤ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧੀ ਥਾਣਾ ਖੇਮਕਰਨ ਦੀ ਪੁਲਸ ਨੇ ਅਣਪਛਾਤੇ ਤਸਕਰ ਖ਼ਿਲਾਫ਼ ਪਰਚਾ ਦਰਜ ਕਰਦੇ ਹੋਏ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸੇ ਤਰ੍ਹਾਂ ਹੀ ਥਾਣਾ ਖਾਲੜਾ ਦੀ ਪੁਲਿਸ ਨੇ ਬੀਓਪੀ ਵਾਂ ਤਾਰਾ ਸਿੰਘ ਤੋਂ ਕਿਸਾਨ ਹਰਜੀਤ ਸਿੰਘ ਦੇ ਖੇਤਾਂ ਵਿੱਚ ਬੀਐੱਸਐੱਫ ਦੀ 103 ਬਟਾਲੀਅਨ ਅਤੇ ਥਾਣਾ ਖਾਲੜਾ ਦੀ ਪੁਲਿਸ ਵੱਲੋਂ ਚਲਾਏ ਗਏ ਸਰਚ ਆਪਰੇਸ਼ਨ ਦੌਰਾਨ ਇੱਕ ਡੀਜੀਆਈ ਮੈਟਰਿਕ ਚਾਈਨਾ ਦਾ ਬਣਿਆ ਹੋਇਆ ਡਰੋਨ ਬਰਾਮਦ ਕੀਤਾ ਹੈ ਜਿਸ ਸਬੰਧੀ ਸਥਾਨਕ ਖਾਲੜਾ ਵਿੱਚ ਅਣਪਛਾਤੇ ਤਸਕਰ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਵੱਖ-ਵੱਖ ਪਿੰਡਾਂ 'ਚ ਵਿਕਾਸ ਕਾਰਜ ਸ਼ੁਰੂ ਕਰਵਾਏ



**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)**-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਐਤਵਾਰ ਨੂੰ ਹਲਕੇ ਦੇ ਵੱਖ-ਵੱਖ ਪਿੰਡਾਂ ਪੰਡੋਰੀ ਬੈਂਸਾਂ, ਜੰਡੀ, ਸਿੱਧਪੁਰ, ਉੱਚਾ ਧਕਾਲਾ ਅਤੇ ਕਠਿਆਲੀ ਅੰਦਰ ਵਿਕਾਸ ਕਾਰਜਾਂ ਦੇ ਕੰਮ ਸ਼ੁਰੂ ਕਰਵਾਏ ਗਏ।ਹਲਕੇ ਦੇ ਪਿੰਡ ਉੱਚਾ ਧਕਾਲਾ ਵਿਖੇ ਕਰਵਾਏ ਜਾਣ ਵਾਲੇ ਕੰਮਾਂ ਦਾ ਉਦਘਾਟਨ ਕਰਦਿਆਂ ਉਨ੍ਹਾਂ ਨੇ ਦੀਨਾਨਗਰ ਹਲਕੇ ਨੂੰ ਵਿਕਾਸ ਪੱਖੋਂ ਮੋਹਰੀ ਹਲਕਾ ਬਣਾਉਣ ਦੀ ਗੱਲ ਆਖੀ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਇਸ ਵੇਲੇ ਦੀਨਾਨਗਰ ਦੇ ਦੋਰਾਂਗਲਾ ਬਲਾਕ ਅੰਦਰ ਮਨਰੇਗਾ ਅਤੇ ਹੋਰ ਯੋਜਨਾਵਾਂ ਤਹਿਤ ਕਰੀਬ ਡੇਢ ਕਰੋੜ ਰੁਪਏ ਤੋਂ ਵੱਧ ਰਾਸ਼ੀ ਨਾਲ ਸਾਲਿਡ ਵੇਸਟ ਮੈਨੇਜਮੈਂਟ ਅਤੇ ਗਲੀਆਂ ਨਾਲੀਆਂ ਬਨਾਉਣ ਦੇ ਵਿਕਾਸ ਦੇ ਕੰਮ ਤੇਜ਼ੀ ਨਾਲ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੀ ਹਲਕੇ ਦੇ ਦੀਨਾਨਗਰ ਅਤੇ ਗੁਰਦਾਸਪੁਰ ਬਲਾਕਾਂ ਦੇ ਪਿੰਡਾਂ ਅੰਦਰ ਵੀ ਕਰੋੜਾਂ ਰੁਪਏ ਦੀ ਲਾਗਤ ਨਾਲ ਇਹ ਕੰਮ ਤੇਜ਼ੀ ਨਾਲ ਜਾਰੀ ਹਨ, ਜਿਨ੍ਹਾਂ ਵਿੱਚ ਖੇਡ ਸਟੇਡੀਅਮ, ਗਲੀਆਂ ਨਲੀਆਂ ਅਤੇ ਸਾਲਿਡ ਵੇਸਟ ਮੈਨੇਜਮੈਂਟ ਦੇ ਬਿਨਾਂ ਕਿਸੇ ਪੱਖਪਾਤ ਦੇ ਕਰਵਾਏ ਜਾ ਰਹੇ ਵਿਕਾਸ ਦੇ ਕੰਮ ਜੰਗੀ ਪੱਧਰ ਤੇ ਜਾਰੀ ਹਨ ਜੋ ਆਉਣ ਵਾਲੇ ਸਮੇਂ ਵਿੱਚ ਦੀਨਾਨਗਰ ਹਲਕੇ ਦੀ ਨੁਹਾਰ ਬਦਲ ਕੇ ਰੱਖ ਦੇਣਗੇ।ਉਨ੍ਹਾਂ ਕਿਹਾ ਕਿ ਹਲਕੇ ਅੰਦਰ ਮਨਰੇਗਾ ਯੋਜਨਾ ਦੀ ਸਹੀ ਢੰਗ ਨਾਲ ਵਰਤੋਂ ਤੇ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਉਹਨਾਂ ਦੀ ਟੀਚਾ ਮਨਰੇਗਾ ਰਾਹੀਂ ਇਕੱਲਾ ਪਿੰਡਾਂ ਦਾ ਵਿਕਾਸ ਹੀ ਨਹੀਂ ਸਗੋਂ ਹੱਥੀਂ ਕਿਰਤ ਕਰਨ ਵਾਲੇ ਗੈਰ ਹੁਨਰਮੰਦ ਲੋਕਾਂ ਨੂੰ ਸਾਲ ਵਿੱਚ 100 ਦਿਨ ਰੁਜ਼ਗਾਰ ਯਕੀਨੀ ਬਣਾਉਣਾ ਵੀ ਹੈ।ਇਸ ਲਈ ਮਨਰੇਗਾ ਯੋਜਨਾ ਰਾਹੀਂ ਵਿਕਾਸ ਅਤੇ ਰੁਜ਼ਗਾਰ ਦੇ ਇਹ ਦੋਵੇਂ ਕੰਮ ਸੰਜੀਦਗੀ ਨਾਲ ਕੀਤੇ ਜਾ ਰਹੇ ਹਨ।ਇਸ ਮੌਕੇ ਬਲਾਕ ਪ੍ਰਧਾਨ ਜਸਬੀਰ ਸਿੰਘ ਕਠਿਆਲੀ, ਗੋਲਡੀ ਧਕਾਲਾ, ਹੈਪੀ ਚੌਹਾਨ, ਰਣਜੀਤ ਸਿੰਘ ਰਾਣਾ ਕਠਿਆਲੀ, ਹਰਜਾਪ ਸਿੰਘ, ਸੁਤੰਤਰ ਸਿੰਘ ਅਤੇ ਗੋਰਾ ਕੱਤੋਵਾਲ ਵੀ ਹਾਜ਼ਰ ਸਨ।

# ਓਵਰ ਬ੍ਰਿਜ ਦਾ ਲਾਈਟਾਂ ਵਾਲਾ ਚੌਕ ਅਕਸਰ ਹਨੇਰੇ 'ਚ ਹੋ ਜਾਂਦੈ ਗੁੰਮ!

## * ਰਾਹਗੀਰਾਂ ਨੂੰ ਵਾਹਨਾਂ ਜਾਂ ਦੁਕਾਨਾਂ ਦੀਆਂ ਲਾਈਟਾਂ ਦਾ ਹੁੰਦਾ ਸਹਾਰਾ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲਗਭਗ ਪੰਜ ਸਾਲ ਪਹਿਲਾਂ ਦੀਨਾਨਗਰ ਰੇਲਵੇ ਓਵਰ ਬ੍ਰਿਜ ਜੋ ਕਿ ਹਲਕਾ ਦੀਨਾਨਗਰ ਦੇ ਲੋਕਾਂ ਦੀ ਸਿਰਦਰਦੀ ਬਣਿਆ ਹੋਇਆ ਸੀ, ਦਾ ਤਿੰਨ ਮਹੀਨੇ ਪਹਿਲਾਂ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਦਾ ਉਦਘਾਟਨ ਕਰਕੇ ਲੋਕਾਂ ਦੇ ਹਵਾਲੇ ਕੀਤਾ।ਇਸ ਓਵਰ ਬ੍ਰਿਜ ਨੂੰ ਬਣਾਉਣ ਲਈ ਲਗਭਗ 51.74 ਕਰੋੜ ਰੁਪਏ ਦਾ ਖਰਚ ਹੋਏ ਸਨ, ਪਰ ਇਸ ਓਵਰ ਬ੍ਰਿਜ ਦਾ ਮੇਨ ਚੌਕ ਅਜੇ ਤਕ ਸਹੂਲਤਾਂ ਤੋਂ ਵਾਂਝਾ ਹੈ।ਇਹ ਚੌਕ ਕੁਝ ਸਾਲ ਪਹਿਲਾਂ ਲਾਈਟਾਂ ਵਾਲਾ ਚੌਕ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ ਪਰ ਹੁਣ ਰਾਤ ਦੇ ਸਮੇਂ ਇਸ ਚੌਕ ਵਿੱਚ ਹਨੇਰਾ ਛਾ ਜਾਂਦਾ ਹੈ ਕਿਉਂਕਿ ਇਸ ਚੌਕ 'ਚ ਲਾਈਟਾਂ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ।ਰਾਤ ਦੇ ਸਮੇਂ ਇਥੋਂ ਲੰਘਣ ਲਈ ਲੋਕਾਂ ਨੂੰ ਗੱਡੀਆਂ, ਮੋਟਰਸਾਈਕਲਾਂ ਦੀਆਂ ਲਾਈਟਾਂ ਜਾਂ ਫਿਰ ਚੌਕ ਦੇ ਆਸ ਪਾਸ ਦੁਕਾਨਾਂ ਦੀਆਂ ਲਾਈਟਾਂ ਦਾ ਸਹਾਰਾ ਲੈਣਾ ਪੈਂਦਾ ਹੈ।ਓਵਰ ਬ੍ਰਿਜ ਚੌਕ ਤੇ ਸਟਰੀਟ ਲਾਈਟਾਂ ਤਾਂ ਲਗਾਈਆਂ ਗਈਆਂ ਹਨ ਪਰ ਇਨ੍ਹਾਂ ਲਾਈਟਾਂ ਨੂੰ ਚਾਲੂ ਨਹੀਂ ਕੀਤਾ ਗਿਆ।ਇਸ ਚੌਕ 'ਚ ਕੋਈ ਵੀ ਸਾਈਨ ਬੋਰਡ ਅਤੇ ਇੰਡੀਕੇਟਰ ਨਾ ਹੋਣ ਕਰਕੇ ਦਿਨ ਢਲ ਜਾਣ ਤੋਂ ਬਾਅਦ ਰਾਹਗੀਰਾਂ ਲਈ ਲੰਘਣਾ ਬਹੁਤ ਔਖਾ ਹੋ ਜਾਂਦਾ ਹੈ।ਇਸ ਮੌਕੇ ਗੱਲਬਾਤ ਕਰਦਿਆ ਲੋਕ ਸੇਵਾ ਦਲ (ਰਜਿ) ਪ੍ਰਧਾਨ ਸੁਖਵਿੰਦਰ ਸਿੰਘ ਪਾਹੜਾ, ਦੀਨਾਨਗਰ ਹਾਲਕਾ ਇੰਚਾਰਜ ਸੀਪੀਆਈ ਸੁਭਾਸ਼ ਕੈਰੇ, ਕਾਮਰੇਡ ਦਰਸ਼ਨ ਕੁਮਾਰ ਬਲਾਕ ਪ੍ਰਧਾਨ, ਸ਼ਿਵ ਦੱਤ ਸਿਟੀ ਸੈਕਟਰੀ ਸੀਪੀਆਈ ਨੇ ਕਿਹਾ ਕਿ ਇਸ ਓਵਰ ਬ੍ਰਿਜ ਚੌਕ ਵਿੱਚ ਅਜੇ ਬਹੁਤ ਖਾਮੀਆਂ ਹਨ।

ਇਸ ਮੌਕੇ ਬੁਲਾਰਿਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਥਾਣੇ ਵਾਲੇ ਚੌਕ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਚੌਕ ਨੂੰ ਗੋਲ ਚੌਕ ਬਣਾਉਣਾ ਚਾਹੀਦਾ ।ਇਸ ਦੇ ਨਾਲ ਹੀ ਲਾਈਟਾਂ ਦਾ ਜਲਦੀ ਤੋਂ ਜਲਦੀ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਇਸ ਚੌਕ 'ਚੋਂ ਰਾਤ ਦੇ ਸਮੇਂ ਲੋਕਾਂ ਨੂੰ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਸਰਕਾਰ ਦੀ ਪੇਂਡੂ ਅਦਾਲਤਾਂ ਦੀ ਤਜਵੀਜ਼ ਵਿਰੁੱਧ ਬਾਰ ਐਸੋਸੀਏਸ਼ਨ ਨੇ ਕੀਤੀ ਹੜਤਾਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** ਜਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਨੇ ਰਾਏਕੋਟ, ਸ੍ਰੀ ਚਮਕੌਰ ਸਾਹਿਬ ਅਤੇ ਧਾਰ ਕਲਾਂ ਵਿਖੇ ਗ੍ਰਾਮ ਨਿਆਇਲਿਆ/ ਪੇਂਡੂ ਅਦਾਲਤਾਂ ਦੀ ਸਥਾਪਨਾ ਸੰਬੰਧੀ ਸਰਕਾਰ ਦੇ ਫੈਸਲੇ ਵਿਰੁੱਧ ਰਾਜ ਪੱਧਰੀ ਹੜਤਾਲ ਦੇ ਸੱਦੇ 'ਤੇ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਹੜਤਾਲ ਕੀਤੀ ਗਈ। ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਨੇ ਕਿਹਾ ਕੇ ਪੇਂਡੂ ਅਦਾਲਤਾਂ ਦੀ ਸਥਾਪਨਾ ਦਾ ਫੈਸਲਾ ਨਾ ਲੋਕਾਂ ਦੇ ਹਿੱਤ ਵਿੱਚ ਹੈ ਤੇ ਨਾ ਹੀ ਵਿਵਹਾਰਿਕ ਹੈ।ਇਹ ਫੈਸਲਾ ਮੋਬਾਈਲ ਕੋਰਟਾਂ ਚਲਾਉਣ ਦੇ ਫੈਸਲੇ ਵਾਂਗ ਗ਼ੈਰ ਵਿਵਹਾਰਿਕ ਅਤੇ ਗਲਤ ਹੀ ਸਾਬਿਤ ਹੋਵੇਗਾ।ਕੇਸਾਂ ਦੇ ਜਲਦੀ ਨਿਪਟਾਰੇ ਵਾਸਤੇ ਜੱਜਾਂ ਅਤੇ ਜੁਡਿਸ਼ਲ ਸਟਾਫ ਅਤੇ ਪੁਲਸ ਦੀ ਭਰਤੀ ਅਤੇ ਮੁੱਢਲੇ ਢਾਂਚੇ ਦੀਆਂ ਸਮੱਸਿਆਵਾਂ ਦਾ ਹੱਲ ਜਰੂਰੀ ਹੈ ਨਹੀਂ ਤਾਂ ਪੇਂਡੂ ਅਦਾਲਤਾਂ ਨਾਲ ਸਮਸੀਆਂ ਹੋਰ ਵਧੇਗੀ।ਉਹਨਾਂ ਕਿਹਾ ਕੇ ਉਹ ਬਿਜਲੀ ਦੇ ਮੁੱਦੇ 'ਤੇ ਮੁਕੇਰੀਆਂ ਬਾਰ ਐਸੋਸੀਏਸ਼ਨ ਨਾਲ ਇਕਮੁੱਠ ਹਨ ਅਤੇ ਅਸੀਂ ਮੁਕੇਰੀਆਂ ਬਾਰ ਐਸੋਸੀਏਸ਼ਨ ਵੱਲੋਂ ਦਿੱਤੇ ਸੂਬਾ ਪੱਧਰੀ ਸੱਦੇ ਦਾ ਵੀ ਸਮਰਥਨ ਕਰਦੇ ਹਾਂ।ਉਹਨਾਂ ਕਿਹਾ ਕੇ ਬੁੱਧਵਾਰ ਨੂੰ ਪੰਜਾਬ ਦੀਆਂ ਸਮੂਹ ਬਾਰ ਐਸੋਸੀਏਸ਼ਨ ਦੀ ਬੈਠਕ ਰੱਖੀ ਗਈ ਹੈ ਅਤੇ ਅਗਲੀ ਰਣਨੀਤੀ ਨਿਰਧਾਰਿਤ ਕਰਕੇ ਸੰਘਰਸ਼ ਵੀਡਿਆ ਜਾਵੇਗਾ। ਮੀਟਿੰਗ ਦੌਰਾਨ ਰਜਨੀ ਨੰਦਾ, ਜਨਰਲ ਸਕੱਤਰ, ਨਿਪੁਨ ਸ਼ਰਮਾ ਸਕੱਤਰ, ਰੋਮਨ ਸੱਭਰਵਾਲ ਖਜਾਨਚੀ, ਅੰਜੂ ਬਾਲਾ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਸਾਬਕਾ ਪ੍ਰਧਾਨ ਵਰਿੰਦਰ ਕੁਮਾਰ ਮੇਨਨ, ਪਲਵਿੰਦਰ ਸਿੰਘ ਘੁੰਮਣ, ਆਰ ਪੀ ਧੀਰ, ਕੁਲਦੀਪ ਸਿੰਘ, ਅਸ਼ੋਕ ਵਾਲਿਆ ਅਤੇ ਸੀਨਿਅਰ ਵਕੀਲ ਸ਼੍ਰੀ ਏਕੇ ਸੋਨੀ, ਕੇ ਸੀ ਮਹਾਜਨ, ਭੱਜਣਾ ਰਾਮ ਦਾਦਰਾ ਲਸ਼ਕਰ ਸਿੰਘ,ਨਵੀਨ ਜੈਰਥ, ਸੁਹਾਸ ਰਾਜਨ, ਮਾਨਿਕ, ਸਰਬਜੀਤ ਸਹੋਤਾ, ਧਰਮਿੰਦਰ ਦਾਦਰਾ,ਸੁਨੀਲ ਕੁਮਾਰ ਪਾਲਵਿੰਦਰ ਮਾਨਾ, ਰਾਕੇਸ਼ ਕੁਮਾਰ, ਪਾਵਨ ਬੱਧਣ, ਕੇਲਾਸ਼,ਵਿਕਰਮ, ਰਾਕੇਸ਼, ਇਸ਼ਾਨੀ, ਗੁਰਜਿੰਦਰ, ਰਿਤੂ ਸ਼ਰਮਾ, ਰਾਜਵਿੰਦਰ ਕੌਰ, ਮੋਨਿਕਾ, ਸ਼ਿਵਾਂਗੀ ਅਤੇ ਸਿਧਾਂਤ ਚੋਧਰੀ, ਨਕੁਲ ਆਦੀ ਵੀ ਹਾਜ਼ਰ ਸਨ।

# ਵਿਦਿਆਰਥੀਆ ਵੱਲੋਂ ਖੇਡਾ 'ਚ ਜਿਲ੍ਹਾ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ



**ਕਰਤਾਰਪੁਰ (ਹਰਮੇਸ਼ ਦੱਤ)** ਮਾਸਟਰ ਗੁਰਬੰਤਾ ਸਿੰਘ ਮੈਮੋਰੀਅਲ ਜਨਤਾ ਕਾਲਜ ਕਰਤਾਰਪੁਰ ਦੇ ਖੇਡ ਵਿਭਾਗ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ 2024-25 ਵਿੱਚ ਜ਼ਿਲ੍ਹੇ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆ ਹੋਇਆ ਖੇਡ ਵਿਭਾਗ ਦੇ ਪ੍ਰੋਫੈਸਰ ਤੇ ਮੁੱਖੀ ਡਾ. ਬੂਟਾ ਸਿੰਘ ਨੇ ਤਿੰਨ ਹਜ਼ਾਰ ਮੀਟਰ ਵਾਕ ਵਿੱਚ ਭਾਗ ਲੈ ਕੇ ਪਹਿਲਾ ਸਥਾਨ ਹਾਸਲ ਪ੍ਰਾਪਤ ਕੀਤਾ ਤੇ ਕਾਲਜ ਦੀ ਵਿਦਿਆਰਥਣ ਸੁਖਪ੍ਰੀਤ ਕੌਰ ਨੇ ਪੰਜ ਹਜ਼ਾਰ ਮੀਟਰ ਦੌੜ ਅਤੇ ਜੈਵਲਿਨ ਮੁਕਾਬਲਿਆ ਵਿੱਚ ਵੀ ਦੂਜਾ ਸਥਾਨ ਪ੍ਰਾਪਤ ਕੀਤਾ।ਪ੍ਰਿੰਸੀਪਲ ਡਾ. ਪ੍ਰੈਟੀ ਸੋਢੀ ਨੇ ਇਸ ਜਿੱਤ 'ਤੇ ਖੁਸ਼ੀ ਵਿਅਕਤ ਕੀਤੀ ਤੇ ਵਿਭਾਗ ਦੇ ਮੁਖੀ ਨੂੰ ਮੁਬਾਰਕ ਦਿੰਦਿਆ ਆਉਣ ਵਾਲੇ ਮੈਚਾਂ ਲਈ ਸ਼ੁੱਭ ਇੱਛਾਵਾ ਦਿੱਤੀਆ ਤੇ ਕਿਹਾ ਕਿ ਖੇਡਾਂ ਜਿੱਥੇ ਵਿਦਿਆਰਥੀਆਂ ਦੇ ਸਰੀਰਿਕ ਵਿਕਾਸ ਵਿੱਚ ਸਹਾਈ ਹੁੰਦੀਆਂ ਹਨ ਉਥੇ ਮਾਨਸਿਕ ਪੱਖੋਂ ਵੀ ਮਜ਼ਬੂਤ ਕਰਦੀਆ ਹਨ। ਕਾਲਜ ਪ੍ਰਧਾਨ ਤੇ ਸਾਬਕਾ ਐਮ ਐਲ ਏ (ਹਲਕਾ ਕਰਤਾਰਪੁਰ) ਚੌਧਰੀ ਸੁਰਿੰਦਰ ਸਿੰਘ ਤੇ ਸਕੱਤਰ ਹਰੀ ਪਾਲ ਜੀ ਨੇ ਵਿਭਾਗ ਦੇ ਮੁਖੀ ਸਰਦਾਰ ਡਾ. ਸਰਦਾਰ ਬੂਟਾ ਸਿੰਘ ਅਤੇ ਜੇਤੂ ਖਿਡਾਰਨ ਸੁਖਪ੍ਰੀਤ ਕੌਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹਨਾਂ ਨੇ ਕਾਲਜ ਤੇ ਮਾਪਿਆਂ ਦੇ ਮਾਣ ਵਿੱਚ ਅਥਾਹ ਵਾਧਾ ਕੀਤਾ ਹੈ ਜੋ ਕਿ ਹੋਰ ਖਿਡਾਰੀਆਂ ਨੂੰ ਉਤਸ਼ਾਹਿਤ ਕਰੇਗਾ।ਉਨ੍ਹਾਂ ਇਹ ਵੀ ਕਿਹਾ ਕਿ ਇਹ ਖਿਡਾਰੀ ਸਾਡਾ ਆਉਣ ਵਾਲਾ ਭਵਿੱਖ ਹਨ ,ਜੇ ਇਹ ਖਿਡਾਰੀ ਲਗਾਤਾਰ ਸਖ਼ਤ ਮਿਹਨਤ ਕਰਨਗੇ ਤਾਂ ਇੱਕ ਨਾ ਇੱਕ ਦਿਨ ਖੇਡਾਂ ਵਿੱਚ ਦੇਸ਼ ਦਾ ਪ੍ਰਤਿਨਿਧ ਜ਼ਰੂਰ ਕਰਨਗੇ।

# ਭਗਤੂਪੁਰ ਤੋਂ ਚੋਰੀ ਕੀਤਾ ਟਰੈਕਟਰ ਮੁਗਲਾਬਾਦ ਤੋਂ ਕੀਤਾ ਬਰਾਮਦ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** -ਪਿੰਡ ਭਗਤੂਪੁਰ ਦੇ ਪਿੰਡੋਂ ਬਾਹਰ ਸੜਕ 'ਤੇ ਪੈਂਦੀ ਹਵੇਲੀ ਵਿੱਚੋਂ ਸੋਨਾਲੀਕਾ ਡੀ .ਆਈ. 750 ਰੰਗ ਨੀਲਾ ਟਰੈਕਟਰ ਚੋਰੀ ਹੋਇਆ ਸੀ, ਜਿਸ ਨੂੰ ਲੱਭਦੇ ਹੋਏ ਪੁਲਸ ਚੌਕੀ ਕੋਟ ਫਤੂਹੀ ਦੇ ਇੰਚਾਰਜ ਸੁਖਵਿੰਦਰ ਸਿੰਘ ਨੇ ਆਪਣੀ ਪੁਲਸ ਪਾਰਟੀ ਤੇ ਪਰਵਾਰ ਦੀ ਮਦਦ ਨਾਲ ਬੀਤੇ ਦਿਨ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਮੁਗਲਾਬਾਦ, ਥਾਣਾ ਕੱਚਾ ਪੱਕਾ, ਜਿਲ੍ਹਾ ਤਰਨ ਤਾਰਨ ਦੇ ਇਕ ਘਰ 'ਚੋਂ ਬਰਾਮਦ ਕਰਕੇ ਵਾਪਸ ਲਿਆਂਦਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਏ ਐੱਸ ਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਟਰੈਕਟਰ ਚੋਰੀ ਹੋਣ ਵਾਲੇ ਦਿਨ 2 -3 ਸਤੰਬਰ ਦੀ ਦਰਮਿਆਨੀ ਰਾਤ ਤੋਂ ਸਥਾਨਕ ਪੁਲਸ ਪਾਰਟੀ ਇਨ੍ਹਾਂ ਚੋਰਾਂ ਦੀ ਪੈੜ ਨੱਪਦੀ ਹੋਈ ਜਗਰਾਵਾਂ ਵਿਖੇ ਗੁੱਜਰ ਅਲੀ ਅਤੇ ਮੀਹਮੇ ਦੇ ਘਰ ਵਿਖੇ ਪਹੁੰਚੀ, ਜਿਨ੍ਹਾਂ ਇਹ ਟਰੈਕਟਰ ਚੋਰੀ ਕਰ ਕੇ ਲੁਕਾਇਆ ਹੋਇਆ ਸੀ, ਉਨ੍ਹਾਂ ਪੁਲਸ ਦਾ ਵੱਧ ਰਿਹਾ ਦਬਾਅ ਵੇਖ ਕੇ ਇਹ ਟਰੈਕਟਰ ਜਗਰਾਵਾਂ ਤੋਂ ਤਰਨ ਤਾਰਨ ਪੱਟੀ ਦੇ ਪਿੰਡ ਮੁਗਲਾਬਾਦ ਆਪਣੇ ਸਾਥੀ ਸਤਨਾਮ ਸਿੰਘ ਦੇ ਘਰ ਪਹੁੰਚਾ ਦਿੱਤਾ, ਜਿੱਥੋਂ ਪੁਲਸ ਨੇ ਇਹ ਟਰੈਕਟਰ ਬਰਾਮਦ ਕਰਕੇ ਇਕ ਦੋਸ਼ੀ ਸਮੇਤ ਪੁਲਸ ਚੌਕੀ ਕੋਟ ਫਤੂਹੀ ਵਿਖੇ ਲੈ ਆਏ ਤੇ ਬਾਕੀ ਦੋਸ਼ੀਆਂ ਵਿਰੁੱਧ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਮੌਕੇ ਟਰੈਕਟਰ ਦੇ ਮਾਲਕ ਹੇਮ ਰਾਜ ਪੁੱਤਰ ਅਮਰਜੀਤ ਵਾਸੀ ਪੰਡੋਰੀ ਬੀਤ ਦੇ ਰਿਸ਼ਤੇਦਾਰ ਰਵਿੰਦਰ ਸਿੰਘ , ਸਤਨਾਮ ਸਿੰਘ ਤੇ ਭਾਜਪਾ ਆਗੂ ਸੰਜੀਵ ਕੁਮਾਰ ਪਚਨੰਗਲ ਵੱਲੋਂ ਚੌਕੀ ਇੰਚਾਰਜ ਏ. ਐੱਸ. ਆਈ. ਸੁਖਵਿੰਦਰ ਸਿੰਘ, ਏ. ਐੱਸ. ਆਈ. ਸੁਰਜੀਤ ਸਿੰਘ, ਐਚ. ਸੀ. ਅਮਰਜੀਤ ਸਿੰਘ, ਮੁਨਸ਼ੀ ਪ੍ਰਭਜੋਤ ਸਿੰਘ, ਪੀ. ਐੱਚ. ਜੀ. ਸੁਰਜੀਤ ਸਿੰਘ, ਪੀ. ਐਚ. ਜੀ. ਰਣਜੀਤ ਸਿੰਘ, ਪੀ. ਐਚ. ਜੀ. ਹਰਜਿੰਦਰ ਸਿੰਘ ਨੂੰ ਇਸ ਟਰੈਕਟਰ ਨੂੰ ਲੱਭਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

# 'ਸਰਕਾਰ ਆਪ ਕੇ ਦੁਆਰ' ਤਹਿਤ ਠੱਟਾ ਨਵਾਂ 'ਚ ਕੈਂਪ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-'ਸਰਕਾਰ ਆਪ ਕੇ ਦੁਆਰ' ਪ੍ਰੋਗਰਾਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਿੰਡ ਠੱਟਾ ਨਵਾਂ ਦੇ ਗੁਰਦੁਆਰਾ ਸਾਹਿਬ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪ ਵਿਚ ਵੱਖ-ਵੱਖ ਵਿਭਾਗਾਂ ਨਾਲ ਸੰਬੰਧਤ ਵੱਡੀ ਗਿਣਤੀ ਵਿੱਚ ਦਰਖ਼ਾਸਤਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ। ਇਸ ਮੌਕੇ ਐਸ ਡੀ ਐਮ ਜਸਪ੍ਰੀਤ ਸਿੰਘ ਨੇ ਕੈਂਪ 'ਚ ਆਏ ਲੋਕਾਂ ਦੀਆਂ ਅਰਜ਼ੀਆਂ 'ਤੇ ਕਾਰਵਾਈ ਉਪਰੰਤ ਉਨ੍ਹਾਂ ਨੂੰ ਮੌਕੇ 'ਤੇ ਹੀ ਲੋੜੀਂਦੇ ਦਸਤਾਵੇਜ ਵੀ ਸੌਂਪੇ। ਉਨ੍ਹਾਂ ਕਿਹਾ 'ਸਰਕਾਰ ਆਪ ਕੇ ਦੁਆਰ' ਕੈਂਪ ਲੋਕਾਂ ਲਈ ਬੇਹੱਦ ਲਾਹੇਵੰਦ ਉਪਰਾਲਾ ਹੈ ਜਿਸ ਰਾਹੀਂ ਲੋਕ ਆਪਣੇ ਜਾਂ ਨੇੜਲੇ ਪਿੰਡ ਵਿਚ ਨਿਰਧਾਰਤ ਥਾਂ 'ਤੇ ਪਹੁੰਚ ਕੇ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੇ ਸਨਮੁਖ ਆਪਣੀਆਂ ਅਰਜ਼ੀਆਂ ਰੱਖ ਸਕਦੇ ਹਨ।ਉਨ੍ਹਾਂ ਕਿਹਾ ਕਿ ਲੋਕ ਸ਼ਿਕਾਇਤਾਂ ਦੇ ਮੌਕੇ 'ਤੇ ਹੀ ਨਿਪਟਾਰੇ ਨੂੰ ਤਰਜੀਹ ਦਿੰਦਿਆਂ ਹੱਲ ਕੀਤਾ ਜਾਂਦਾ ਹੈ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ ਜਾਂਦੇ ਹਨ ਤਾਂ ਜੋ ਲੋਕਾਂ ਦੀਆਂ ਸ਼ਿਕਾਇਤਾਂ ਦਾ ਫੌਰੀ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ। ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਨੂੰ ਵੱਡੀ ਗਿਣਤੀ ਵਿੱਚ ਦਰਖਾਸਤਾਂ ਪ੍ਰਾਪਤ ਹੋਈਆਂ ਜਿਨ੍ਹਾਂ ਵਿਚ ਮਾਲ ਵਿਭਾਗ, ਪਾਵਰਕਾਮ, ਸਮਾਜਿਕ ਸੁਰੱਖਿਆ, ਖੁਰਾਕ ਤੇ ਸਪਲਾਈਜ ਵਿਭਾਗ , ਖੇਤੀਬਾੜੀ ਵਿਭਾਗ, ਜਲ ਸਪਲਾਈ ਵਿਭਾਗ, ਸੇਵਾ ਕੇਂਦਰ ਅਤੇ ਜ਼ਿਲ੍ਹਾ ਨਗਰ ਯੋਜਨਾਕਾਰ ਨੂੰ ਪ੍ਰਾਪਤ ਦਰਖ਼ਾਸਤਾਂ ਦਾ ਢੁਕਵਾਂ ਹੱਲ ਕੀਤਾ ਗਿਆ। ਉਨ੍ਹਾਂ ਲੋਕਾਂ ਨੂੰ ਇਨ੍ਹਾਂ ਕੈਂਪਾ ਦਾ ਲਾਭ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਇਨ੍ਹਾਂ ਕੈਂਪਾਂ ਵਿਚ ਪੇਂਡੂ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ, ਪਾਵਰਕਾਮ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ, ਕਿਰਤ, ਭਲਾਈ, ਖੁਰਾਕ ਤੇ ਸਿਵਲ ਸਪਲਾਈਜ਼, ਪੰਜਾਬ ਪੁਲਿਸ, ਰੈਵਿਨਿਊ, ਖੇਤੀਬਾੜੀ ਆਦਿ ਵਿਭਾਗਾਂ ਦੇ ਅਧਿਕਾਰੀ ਮੌਜੂਦ ਹੁੰਦੇ ਹਨ ।

# ਸਿਲਵਰ ਓਕ ਸਕੂਲ 'ਚ ਲਾਅਨ ਟੈਨਿਸ ਚੈਂਪੀਅਨਸ਼ਿਪ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ** )-ਸਿਲਵਰ ਓਕ ਇੰਟਰਨੈਸ਼ਨਲ ਸੀਨੀ. ਸੈਕੰ. ਸਕੂਲ, ਸ਼ਾਹਬਾਜ਼ਪੁਰ ਵਿਖੇ ਸੀ.ਬੀ.ਐੱਸ. ਈ. ਨਾਰਥ ਜ਼ੋਨ-2 ਦੀ ਤਿੰਨ ਰੋਜ਼ਾ ਲਾਅਨ ਟੈਨਿਸ ਚੈਂਪੀਅਨਸ਼ਿਪ ਦੇ ਦੂਜੇ ਦਿਨ ਵੱਖ ਵੱਖ ਸਕੂਲਾਂ ਦੇ ਖਿਡਾਰੀਆਂ ਵਿਚ ਫਸਵੇਂ ਮੁਕਾਬਲੇ ਵੇਖਣ ਨੂੰ ਮਿਲੇ। ਦੂਜੇ ਦਿਨ ਦੇ ਮੁਕਾਬਲਿਆਂ ਦੀ ਸ਼ੁਰੂਆਤ ਸਿਲਵਰ ਓਕ ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਕਰਵਾਉਂਦੇ ਹੋਏ ਖਿਡਾਰੀਆਂ ਵਿਚ ਉਤਸ਼ਾਹ ਦਾ ਸੰਚਾਰ ਕੀਤਾ ।ਸੀ. ਬੀ.ਐੱਸ. ਈ. ਆਬਜ਼ਰਵਰ ਰਿਤਿਕ ਸੰਦਲ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਦੇਖ-ਰੇਖ ਵਿਚ ਹੋਏ ਮੁਕਾਬਲਿਆਂ ਦੇ ਨਤੀਜੇ : ਅੰਡਰ 17 ਸਾਲ ਵਰਗ ਵਿਚ ਮਾਡਰਨ ਸਕੂਲ ਫਰੀਦਾਬਾਦ ਹਰਿਆਣਾ ਦੇ ਖਿਡਾਰੀ ਨੇ ਆਰਮੀ ਸਕੂਲ ਮੂਨ ਕੈਂਟ ਪਠਾਨਕੋਟ ਦੇ ਖਿਡਾਰੀ ਨੂੰ ਹਰਾਇਆ । ਸੇਂਟ ਸੋਲਜਰ ਸਕੂਲ ਚੰਡੀਗੜ੍ਹ ਦੇ ਖਿਡਾਰੀ ਨੇ ਮਾਨਵ ਮੰਗਲ ਸਮਾਰਟ ਸਕੂਲ ਮੋਹਾਲੀ ਦੇ ਖਿਡਾਰੀ ਨੂੰ, ਲਿਟਲ ਏਂਜਲ ਸਕੂਲ ਪਟੇਲ ਨਗਰ ਸੋਨੀਪਤ ਦੇ ਖਿਡਾਰੀ ਨੇ ਸ਼ਾਹ ਸਤਨਾਮ ਜੀ ਸਕੂਲ ਸਿਰਸਾ ਹਰਿਆਣਾ ਦੇ ਖਿਡਾਰੀ ਨੂੰ, ਮਾਡਰਨ ਵਿੱਦਿਆ ਨਿਕੇਤਨ ਬੜਖਲ ਫਰੀਦਾਬਾਦ ਦੇ ਖਿਡਾਰੀ ਨੇ ਆਰਮੀ ਸਕੂਲ ਜਨਗੋਲੀ ਕਠੂਆ ਦੇ ਖਿਡਾਰੀ ਨੂੰ ਅਤੇ ਦਿੱਲੀ ਪਬਲਿਕ ਸਕੂਲ ਕਰਨਾਲ ਦੇ ਖਿਡਾਰੀ ਨੇ ਦਿੱਲੀ ਪਬਲਿਕ ਸਕੂਲ ਫਰੀਦਾਬਾਦ ਦੇ ਖਿਡਾਰੀ ਨੂੰ ਹਰਾਇਆ ।ਅੰਡਰ 14 ਸਾਲ ਵਰਗ ਵਿਚ ਸੇਂਟ ਥਰੈਸਾ ਕਾਨਵੈਂਟ ਸਕੂਲ ਕਰਨਾਲ ਦੇ ਖਿਡਾਰੀ ਨੇ ਡੀ .ਏ.ਵੀ.ਪਬਲਿਕ ਸਕੂਲ ਗੁੜਗਾਓਂ ਨੂੰ ਅਤੇ ਗਿਆਂਨ ਗੰਗਾ ਗਲੋਬਲ ਸਕੂਲ ਸੋਨੀਪਤ ਦੇ ਖਿਡਾਰੀ ਨੇ ਮਾਡਰਨ ਵਿੱਦਿਆ ਨਿਕੇਤਨ ਬੜਖਲ ਫਰੀਦਾਬਾਦ ਦੇ ਖਿਡਾਰੀ ਨੂੰ ਹਰਾਇਆ।

# ਆਦਮਪੁਰ ਦੀ ਟੀਮ ਨੇ ਵਾਲੀਬਾਲ ਟੂਰਨਾਮੈਂਟ ਜਿੱਤਿਆ



**ਆਦਮਪੁਰ (ਪਰਮਜੀਤ ਸਿੰਘ)**-ਪੰਜਾਬ ਸਰਕਾਰ ਵਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਅਧੀਨ ਬਲਾਕ ਪੱਧਰ ਦੀਆਂ ਜੇਤੂ ਟੀਮਾਂ ਦੇ ਹੁਣ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾ ਰਹੇ ਹਨ । ਇਸੇ ਲੜੀ ਤਹਿਤ ਵਾਲੀਬਾਲ ਸੀਨੀਅਰ ਗਰੁੱਪ ਦੇ ਮੁਕਾਬਲੇ ਸਪੋਰਟਸ ਕਾਲਜ ਜਲੰਧਰ ਵਿਖੇ ਹੋ ਰਹੇ ਹਨ । ਇਹਨਾਂ ਮੁਕਾਬਲਿਆਂ ਵਿਚ ਐਤਵਾਰ ਆਦਮਪੁਰ ਤੇ ਨੂਰਮਹਿਲ ਦੀ ਟੀਮ ਵਿਚਕਾਰ ਫਾਈਨਲ ਮੁਕਾਬਲਾ ਖੇਡਿਆ ਗਿਆ । ਇਸ ਫਸਵੇਂ ਮੈਚ ਵਿਚ ਪਹਿਲਾ ਸੈਟ ਨੂਰਮਹਿਲ ਨੇ ਜਿੱਤ ਕੇ ਆਪਣੀ ਬੜ੍ਹਤ ਬਣਾ ਲਈ ਸੀ ਪਰ ਮਗਰਲੇ ਦੋਨੋਂ ਸੈੱਟਾਂ ਵਿਚ ਆਦਮਪੁਰ ਦੀ ਟੀਮ ਨੇ ਨੂਰਮਹਿਲ ਨੂੰ 21 - 16 ਤੇ 21 - 19 ਨਾਲ ਹਰਾ ਕੇ ਜ਼ਿਲ੍ਹਾ ਟੂਰਨਾਮੈਂਟ ਜਿੱਤ ਲਿਆ ਤੇ ਵਾਲੀਬਾਲ ਵਿਚ ਗੋਲਡ ਮੈਡਲ ਪ੍ਰਾਪਤ ਕੀਤਾ। ਆਦਮਪੁਰ ਦੀ ਟੀਮ ਦੇ ਖਿਡਾਰੀਆਂ ਮੋਹਨ ਲਾਲ ਨਿੱਕੂ, ਗੁਰਚਰਨ ਸਿੰਘ ਡੀ.ਪੀ., ਪ੍ਰਿੰਸੀਪਲ ਰਾਮ ਆਸਰਾ, ਲੈਕਚਰਾਰ ਗੁਰਿੰਦਰ ਸਿੰਘ, ਗੁਰਮੀਤ ਕਿੱਟੂ, ਸੁਸ਼ੀਲ ਡੋਗਰਾ, ਗੁਰਵਿੰਦਰ ਰੰਧਾਵਾ, ਅਮਰਜੀਤ ਜੀਤਾ, ਤਰਸੇਮ ਵਾਹੀ, ਬਲਜੀਤ ਢਿੱਲੋਂ ਨੂੰ ਪੰਜਾਬ ਸਰਕਾਰ ਦੇ ਖੇਡ ਵਿਭਾਗ ਵਲੋਂ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ । ਆਦਮਪੁਰ ਦੇ ਜੇ.ਸੀ.ਪ੍ਰਾਈਡ ਕਲੱਬ ਵਲੋਂ ਜੇਤੂ ਟੀਮ ਨੂੰ ਮੁਬਾਰਕਾਂ ਦਿੱਤੀਆਂ ਗਈਆਂ।

# ਖੂਨਦਾਨ ਕੈਂਪ 'ਚ 70 ਵਲੰਟੀਅਰਾਂ ਨੇ ਕੀਤਾ ਖੂਨਦਾਨ



**ਆਦਮਪੁਰ ( ਪਰਮਜੀਤ ਸਿੰਘ)** ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਵਿਖੇ ਸਤਿਕਾਰਯੋਗ ਸੰਤ ਬਾਬਾ ਮਲਕੀਤ ਸਿੰਘ ਜੀ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ), ਸੰਤ ਬਾਬਾ ਜਨਕ ਸਿੰਘ, ਚਾਂਸਲਰ ਸੰਤ ਬਾਬਾ ਮਨਮੋਹਨ ਸਿੰਘ ਦੇ ਆਸ਼ੀਰਵਾਦ ਨਾਲ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ 20 ਸਤੰਬਰ ਨੂੰ ਖੂਨਦਾਨ ਕੈਂਪ' ਲਗਾਇਆ ਗਿਆ।ਇਹ ਕੈਂਪ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੀ ਨਿੱਘੀ ਯਾਦ ਵਿੱਚ ਉਲੀਕਿਆ ਗਿਆ।ਇਹ ਕੈਂਪ ਲਾਈਫ ਸਾਇੰਸਜ਼, ਅਲਾਈਡ ਹੈਲਥ ਸਾਇੰਸਿਜ਼ ਵਿਭਾਗ, ਯੂਨੀਵਰਸਿਟੀ ਇੰਸਟੀਚਿਊਟ ਆਫ਼ ਸਾਇੰਸਜ਼, ਸੁਪਰ ਸਪੈਸ਼ਲਿਟੀ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ ਲਗਾਇਆ ਗਿਆ।ਕੈਂਪ ਦਾ ਉਦਘਾਟਨ ਬਾਬਾ ਜਨਕ ਸਿੰਘ ਨੇ ਕੀਤਾ ।ਉਨ੍ਹਾਂ ਨਾਲ ਡਾ. ਧਰਮਜੀਤ ਸਿੰਘ ਪਰਮਾਰ (ਵਾਈਸ ਚਾਂਸਲਰ ), ਸ. ਹਰਦਮਨ ਸਿੰਘ ਮਿਨਹਾਸ (ਸਕੱਤਰ) ਡਾ. ਵਿਜੇ ਧੀਰ (ਡੀਨ ਅਕਾਦਮਿਕ) ਅਤੇ ਹੋਰ ਮੈਂਬਰ ਸਹਿਬਾਨ ਹਾਜ਼ਰ ਸਨ।ਇਸ ਮੌਕੇ ਡਾ: ਸ਼ਵੇਤਾ ਸਿੰਘ, ਡੀਨ ਯੂਆਈਐਸ, ਡਾ. ਨਿਸ਼ਾ ਸ਼ਰਮਾ, ਡਿਪਟੀ ਡੀਨ ਯੂਆਈਐਸ ਅਤੇ ਲਾਈਫ ਸਾਇੰਸਿਜ਼ ਅਤੇ ਅਲਾਈਡ ਹੈਲਥ ਸਾਇੰਸਿਜ਼ ਵਿਭਾਗ ਦੇ ਫੈਕਲਟੀ ਮੈਂਬਰਾਂ ਸਮੇਤ ਹੋਰ ਪਤਵੰਤੇ ਹਾਜ਼ਰ ਸਨ।ਕੈਂਪ ਦੀ ਸ਼ੁਰੂਆਤ ਪਵਿੱਤਰ ਅਰਦਾਸ ਨਾਲ ਕੀਤੀ ਗਈ। ਜਿਸ ਤੋਂ ਬਾਅਦ ਸ਼੍ਰੀਮਨ ਸੁਪਰ ਸਪੈਸ਼ਲਿਟੀ ਹਸਪਤਾਲ, ਜਲੰਧਰ ਤੋਂ ਡਾਕਟਰੀ ਪੇਸ਼ੇਵਰਾਂ ਦੀ ਟੀਮ ਦਾ ਰਸਮੀਂ ਸਵਾਗਤ ਕੀਤਾ ਗਿਆ।ਇਸ ਕੈਂਪ 'ਚ 70 ਦੇ ਕਰੀਬ ਵਲੰਟੀਅਰਾਂ ਨੇ ਉਤਸ਼ਾਹ ਨਾਲ ਖੂਨਦਾਨ ਕੀਤਾ ਜਿਨ੍ਹਾਂ ਵਿੱਚੋਂ 12 ਪਹਿਲੀ ਵਾਰ ਖੂਨਦਾਨ ਕਰਨ ਵਾਲੇ ਵਲੰਟੀਅਰ ਸਨ।ਵਲੰਟੀਅਰਾਂ ਵਿੱਚੋਂ ਬਹੁਤ ਸਾਰੇ ਯੂਨੀਵਰਸਿਟੀ ਦੇ ਵਿਦਿਆਰਥੀ ਸਨ।

# ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਿਤਵ ਅਭਿਆਨ ਦੇ ਤਹਿਤ ਕੈਂਪ

**ਗੁਰਾਇਆ (ਬਿੰਦਰ ਸੁੰਮਨ)**-ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਿਤਵ ਅਭਿਆਨ ਤਹਿਤ ਗਰਭਵਤੀ ਮਹਿਲਾਵਾਂ ਦੀ ਜਾਂਚ ਸੰਬੰਧੀ ਇਕ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦਾ ਮਕਸਦ ਗਰਭਵਤੀ ਮਹਿਲਾਵਾਂ ਦੀ ਸਮੇਂ ਸਿਰ ਜਾਂਚ ਕਰਕੇ ਉਨ੍ਹਾਂ ਦੀ ਸਿਹਤ ਨੂੰ ਸੁਨਿਸ਼ਚਿਤ ਕਰਨਾ ਹੈ। ਸੀਨੀਅਰ ਮੈਡੀਕਲ ਅਫ਼ਸਰ ਡਾ. ਅਮਿਤਾ ਲੂਨਾ ਨੇ ਦੱਸਿਆ ਕਿ ਇਸ ਅਭਿਆਨ ਦਾ ਮੁੱਖ ਉਦੇਸ਼ ਗਰਭਵਤੀ ਮਹਿਲਾਵਾਂ ਦੀ ਸਿਹਤ ਦੀ ਪੂਰੀ ਜਾਂਚ ਜਿਸ ਵਿੱਚ ਖੂਨ ਦੀ ਜਾਂਚ ਅਤੇ ਜ਼ਰੂਰੀ ਦਵਾਈਆਂ ਉਪਲਬਧ ਕਰਵਾਉਣਾ, ਖੂਨ ਦੀ ਕਮੀ ਨੂੰ ਪਛਾਣਨਾ ਅਤੇ ਉਸਦਾ ਇਲਾਜ ਕਰਨਾ, ਉੱਚ-ਜੋਖਮ ਗਰਭਧਾਨਾਂ ਦੀ ਪਛਾਣ ਅਤੇ ਮਾਤਾ-ਬੱਚੇ ਦੀ ਸੁਰੱਖਿਆ ਲਈ ਜ਼ਰੂਰੀ ਕਦਮ ਉਠਾਉਣਾ ਹਨ। ਮੈਡੀਕਲ ਅਫ਼ਸਰ ਡਾ. ਮਮਤਾ ਗੌਤਮ ਨੇ ਦੱਸਿਆ ਕਿ ਹਰੇਕ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਸਿਹਤ ਕੇਂਦਰਾਂ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਗਰਭਵਤੀ ਮਹਿਲਾਵਾਂ ਦੀ ਜਾਂਚ ਕੀਤੀ ਜਾਂਦੀ ਹੈ।

# 'ਐਕਸੈਂਟ੍ਰਿਕ ਇੰਗਲਿਸ਼ ਟੀਚਰ' 'ਤੇ ਸਾਹਿਤਕ ਪ੍ਰੋਗਰਾਮ ਕਰਵਾਇਆ



**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੀ ਇੰਗਲਿਸ਼ ਲਿਟਰੇਰੀ ਸੋਸਾਇਟੀ ਵੱਲੋਂ 'ਐਕਸੈਂਟਰਿਕ ਇੰਗਲਿਸ਼ ਟੀਚਰ' ਵਿਸ਼ੇ 'ਤੇ ਇਕ ਸ਼ਾਨਦਾਰ ਸਾਹਿਤਕ ਪ੍ਰੋਗਾਮ ਕਰਵਾਇਆ ਗਿਆ। ਇਹ ਈਵੈਂਟ ਪਰੰਪਰਾ ਅਤੇ ਆਧੁਨਿਕਤਾ ਦਾ ਸੁਮੇਲ ਸੀ, ਜਿਸ ਨੂੰ ਦਿਲਚਸਪ ਪ੍ਰਦਰਸ਼ਨ ਅਤੇ ਦਿਲਚਸਪ ਮੁਕਾਬਲਿਆਂ ਦੁਆਰਾ ਪ੍ਰਸਤੁਤ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਡਿਵੋਸ਼ਨਲ ਡਾਂਸ ਨਾਲ ਹੋਈ, ਜੋ ਕਿ ਅਧਿਆਪਕਾਂ ਨੂੰ ਸਮਰਪਿਤ ਸੀ। ਇਸ ਪ੍ਰਸਤੁਤੀ ਰਾਹੀਂ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦੇ ਜੀਵਨ ਨੂੰ ਸੇਧ ਦੇਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਬਾਰੇ ਦੱਸਿਆ ਗਿਆ।ਇਸ ਮੌਕੇ 'ਦਿ ਇੰਗਲਿਸ਼ ਕਲਾਸਰੂਮ ਕ੍ਰੋਨਿਕਲਜ਼' ਸਿਰਲੇਖ ਵਾਲੇ ਇੱਕ ਅੰਗਰੇਜ਼ੀ ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਵਿਦਿਆਰਥੀਆਂ ਵਿੱਚ ਰਚਨਾਤਮਕਤਾ ਨੂੰ ਪ੍ਰਫੁੱਲਤ ਕਰਨ ਲਈ ਵੱਖ-ਵੱਖ ਕਲਾ ਮੁਕਾਬਲੇ ਕਰਵਾਏ ਗਏ।ਕੈਲੀਗ੍ਰਾਫੀ ਮੁਕਾਬਲੇ ਵਿੱਚ, ਵਿਦਿਆਰਥੀਆਂ ਨੇ ਕਲਾਤਮਕ ਤੌਰ 'ਤੇ ਸਿੱਖਣ, ਸਿੱਖਿਆ ਅਤੇ ਅਧਿਆਪਕਾਂ 'ਤੇ ਹਵਾਲੇ ਲਿਖੇ।ਇਸ ਮੌਕੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਅਧਿਆਪਕ-ਵਿਦਿਆਰਥੀ ਰਿਸ਼ਤੇ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਜਿੱਥੇ ਅਧਿਆਪਕ ਸਲਾਹਕਾਰ ਅਤੇ ਪ੍ਰੇਰਕ ਵਜੋਂ ਕੰਮ ਕਰਦੇ ਹਨ, ਉੱਥੇ ਵਿਦਿਆਰਥੀਆਂ ਦੀ ਵਚਨਬੱਧਤਾ ਅਤੇ ਸਮਰਪਣ ਹੀ ਅੰਤ ਵਿਚ ਸਫ਼ਲਤਾ ਵੱਲ ਲੈ ਜਾਂਦਾ ਹੈ।ਵਾਈਸ ਪ੍ਰਿੰਸੀਪਲ, ਪ੍ਰੋ ਜਸਰੀਨ ਕੌਰ ਨੇ ਅੰਗਰੇਜ਼ੀ ਵਿਭਾਗ ਦੇ ਅਧਿਆਪਕਾਂ ਦੀ ਤਾਰੀਫ਼ ਕੀਤੀ। ਇੰਗਲਿਸ਼ ਲਿਟਰੇਰੀ ਸੋਸਾਇਟੀ ਦੇ ਪ੍ਰਧਾਨ ਡਾ. ਗੀਤਾਂਜਲੀ ਮਹਾਜਨ ਨੇ ਕਿਹਾ ਕਿ ਐਕਸੇਂਟਰਿਕ ਇੰਗਲਿਸ਼ ਟੀਚਰ ਦੀਆਂ ਵਿਸ਼ੇਸ਼ਤਾਵਾਂ ਅਕਸਰ ਡੂੰਘੇ ਜਨੂੰਨ ਅਤੇ ਸਮਰਪਣ ਦਾ ਪ੍ਰਗਟਾਵਾ ਹੁੰਦੀਆਂ ਹਨ। ਇਸ ਮੌਕੇ ਡਾ. ਬਲਰਾਜ ਕੌਰ, ਡਾ. ਹਰੀਓਮ ਵਰਮਾ, ਡਾ. ਕੰਚਨ ਮਹਿਤਾ, ਡਾ. ਚਰਨਜੀਤ ਸਿੰਘ, ਡਾ. ਮਨਮੀਤ ਸੋਢੀ, ਡਾ. ਮੰਜੂ ਜੋਸ਼ੀ, ਪ੍ਰੋ. ਸਤਪਾਲ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ ਅਤੇ ਸੀਨੀਅਰ ਅਧਿਆਪਕ ਵੀ ਹਾਜ਼ਰ ਸਨ।

## ਚੋਪੜਾ ਬਰਾਦਰੀ ਦੇ ਜਠੇਰਿਆਂ ਦਾ ਸਾਲਾਨਾ ਮੇਲਾ ਅੱਜ ਤੋਂ

**ਮਹਿਤਪੁਰ (ਰਾਜਾ)** ਚੋਪੜਾ ਬਰਾਦਰੀ ਦੇ ਜਠੇਰਿਆਂ ਦਾ ਸਾਲਾਨਾ ਮੇਲਾ ਸਤੀ ਮਾਤਾ ਮੰਦਰ ਪੰਡੋਰਾ ਮੁਹੱਲਾ ਨਵਾਂਸ਼ਹਿਰ ਵਿਖੇ 24 ਅਤੇ 25 ਸਤੰਬਰ ਨੂੰ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਚੋਪੜਾ ਪਰਵਾਰ ਸਤੀ ਮਾਤਾ ਮੰਦਰ ਮੈਨੇਜਮੈਂਟ ਤੇ ਵੈਲਫ਼ੇਅਰ ਕਮੇਟੀ ਦੇ ਪ੍ਰਧਾਨ ਅਸ਼ੋਕ ਚੋਪੜਾ, ਕੈਸ਼ੀਅਰ ਵਿਸ਼ਾਲ ਚੋਪੜਾ ਨੇ ਦੱਸਿਆ 24 ਸਤੰਬਰ ਦਿਨ ਮੰਗਲਵਾਰ ਸ਼ਾਮ 8 ਵਜੇ ਮਾਤਾ ਰਾਣੀ ਦੀ ਚੌਂਕੀ ਕਰਵਾਈ ਜਾਵੇਗੀ, ਜਿਸ ਵਿੱਚ ਪੰਜਾਬ ਦੀਆਂ ਮਸ਼ਹੂਰ ਭਜਨ ਮੰਡਲੀਆਂ ਵੱਲੋਂ ਮਾਤਾ ਰਾਣੀ ਦਾ ਗੁਣਗਾਨ ਕੀਤਾ ਜਾਵੇਗਾ। 25 ਸਤੰਬਰ ਦਿਨ ਬੁੱਧਵਾਰ ਸਵੇਰੇ 11 ਵਜੇ ਹਵਨ ਯੱਗ ਆਰੰਭ ਹੋਵੇਗਾ ਉਪਰੰਤ 12 ਵਜੇ ਮਾਤਾ ਰਾਣੀ ਦਾ ਭੰਡਾਰਾ ਸ਼ੁਰੂ ਹੋਵੇਗਾ।

## ਸਾਈਂ ਸਵਰੂਪ ਸ਼ਾਹ ਦੀ ਬਰਸੀ ਨੂੰ ਸਮਰਪਿਤ ਜੋੜ ਮੇਲਾ ਸੰਪੰਨ



**ਅੱਡਾ ਸਰਾਂ (ਜਸਵੀਰ ਕਾਜਲ)** ਦਰਗਾਹ ਪੀਰ ਬਾਬਾ ਮਲੰਗ ਸ਼ਾਹ ਖ਼ਾਕੀ ਨਡਾਲੀ ਨੂਰਪੁਰ ਵਿਖੇ ਸਾਈਂ ਬਾਬਾ ਸਵਰੂਪ ਸ਼ਾਹ ਦੀ ਬਰਸੀ ਨੂੰ ਸਮਰਪਿਤ 14ਵਾਂ ਸਾਲਾਨਾ ਜੋੜ ਮੇਲਾ ਗੱਦੀ ਨਸ਼ੀਨ ਮਾਤਾ ਗੁਰਮੇਲ ਕੌਰ ਦੀ ਰਹਿਨੁਮਾਈ ਹੇਠ ਸ਼ਰਧਾ ਪੂਰਵਕ ਮਨਾਇਆ ਗਿਆ।ਇਸ ਸਬੰਧੀ ਸੇਵਾਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਮੁੱਕਦਸ ਦਰਗਾਹ ਤੇ ਚਾਦਰ, ਚਰਾਗ ਰੌਸ਼ਨ ਅਤੇ ਝੰਡੇ ਦੀ ਰਸਮ ਅਦਾ ਕਰਨ ਉਪਰੰਤ ਮਹਿਫ਼ਲ ਏ ਕਵਾਲ ਸਾਈਂ ਵਿਨੋਦ ਸ਼ਾਹ ਜਲੰਧਰ ਵਾਲੇ, ਸਾਈ ਸ਼ਾਦੀ ਲਾਲ ਤਾਜੋਵਾਲ, ਸੋਹਲ ਸਾਹਿਬ ਭੋਗਪੁਰ, ਸੁੱਖਾ ਬਾਬਾ ਸਤੌਰ, ਸਾਈਂ ਬੱਬੂ ਸ਼ਾਹ ਸਰਨਾ ਪਠਾਨਕੋਟ ਵਾਲਿਆਂ ਦੀ ਅਗਵਾਈ ਵਿੱਚ ਸਜਾਈ ਗਈ।ਪੰਜਾਬ ਦੇ ਮਸ਼ਹੂਰ ਫਨਕਾਰ ਪੁਹੰਚੇ ਜਿਨ੍ਹਾਂ ਵਿਚ ਸੂਫ਼ੀ ਗਾਇਕ ਗਿਲ ਸਿਸਟਰ ਜਲੰਧਰ ਅਤੇ ਕੁਲਦੀਪ ਕਾਦਰ ਕਵਾਲ ਜਥੇ ਤੋਂ ਇਲਾਵਾ ਹੋਰਨਾਂ ਜਥਿਆਂ ਨੇ ਵੀ ਆਪਣੇ ਫ਼ਨ ਦਾ ਮੁਜਾਹਰਾ ਕੀਤਾ ਅਤੇ ਪਿੰਕੀ ਨਾਕਾਲ ਪਾਰਟੀ ਨੇ ਵੀ ਨਕਲਾਂ ਦੁਆਰਾ ਸੰਗਤਾਂ ਨੂੰ ਮੰਤਰ ਮੁਗਧ ਕੀਤਾ ਇਸ ਮੌਕੇ ਇਲਾਕੇ ਦੀਆਂ ਅਤੇ ਨਗਰ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਅਤੁੱਟ ਲੰਗਰ ਵੀ ਵਰਤਾਇਆ ਗਿਆ।

## ਫਿਲੌਰ 'ਚ ਕਬੱਡੀ ਟੂਰਨਾਮੈਂਟ 28 ਨੂੰ

**ਫਿਲੌਰ (ਨਿਰਮਲ)** ਜੈ ਮਈਆ ਭਗਵਾਨ ਜੀ ਦੀ ਯਾਦ ਵਿੱਚ ਫਿਲੌਰ ਕਬੱਡੀ ਟੂਰਨਾਮੈਂਟ 28 ਸਤੰਬਰ ਦਿਨ ਸ਼ਨੀਵਾਰ ਨੂੰ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਫਿਲੌਰ ਵਿਖੇ ਦੋਆਬਾ ਕਬੱਡੀ ਲੀਗ ਟੂਰਨਾਮੈਂਟ ਕਰਵਾਇਆ ਜਾਵੇਗਾ। ਇਹ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਸਮੂਹ ਐਨ.ਆਰ.ਆਈ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਪੰਚਾਇਤਾਂ ਵੱਲੋਂ ਕਰਵਾਇਆ ਜਾ ਰਿਹਾ ਹੈ।ਸਦੀਆਂ ਹੋਈਆਂ 8 ਅਕੈਡਮੀਆਂ ਦੇ ਮੁਕਾਬਲੇ ਹੋਣਗੇ।

## ਰੇਲ ਗੱਡੀ ਹੇਠਾਂ ਆਉਣ ਕਾਰਨ ਅਣਪਛਾਤੇ ਦੀ ਮੌਤ

**ਫਿਲੌਰ (ਨਿਰਮਲ)**- ਰੇਲਗੱਡੀ ਹੇਠਾਂ ਆਉਣ ਕਾਰਨ 35 ਸਾਲਾਂ ਦੇ ਕਰੀਬ ਵਿਅਕਤੀ ਦੀ ਮੌਤ ਹੋ ਗਈ ਹੈ।ਰੇਲਵੇ ਪੁਲਸ ਚੌਕੀ ਦੇ ਹੌਲਦਾਰ ਜਗਦੀਪ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ 6:40 ਵਜੇ ਦੀ ਕਰੀਬ ਗੇਟ ਨੰਬਰ ਐੱਸ-88 ਰੇਲਵੇਂ ਲਾਇਨਾਂ ਪਾਰ ਕਰਦੇ ਸਮੇਂ 12030 ਸ਼ਤਾਬਦੀ ਰੇਲ ਗੱਡੀ ਹੇਠਾਂ ਆ ਗਿਆ, ਜਿਸ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਵਿਅਕਤੀ ਦੀ ਪਹਿਚਾਣ ਨਹੀਂ ਹੋ ਸਕੀ, ਮ੍ਰਿਤਕ ਸਿਰ ਤੋਂ ਮੋਨਾ, ਸੰਤਰੀ ਰੰਗ ਦੀ ਟੀ. ਸ਼ਰਟ, ਕਾਲੇ ਰੰਗ ਦੀ ਪੈਂਟ ਪਾਈ ਹੋਈ ਹੈ।ਜਿਸ ਦੀ ਲਾਸ਼ ਸ਼ਨਾਖਤ ਲਈ 72 ਘੰਟੇ ਸਿਵਲ ਹਸਪਤਾਲ ਫਿਲੌਰ ਵਿਖੇ ਰੱਖੀ ਗਈ ਹੈ ਅਤੇ ਉਸਦੇ ਵਾਰਸਾਂ ਦੀ ਭਾਲ ਕੀਤੀ ਜਾ ਰਹੀ ਹੈ।

## ਬਾਬਾ ਬਾਲਕ ਨਾਥ ਦੀ ਵਿਸ਼ਾਲ ਚੌਂਕੀ ਤੇ ਭੰਡਾਰਾ 5 ਨੂੰ

**ਫਗਵਾੜਾ (ਕਮਲ ਰਾਏ)** ਸਵ. ਭਗਤ ਦਾਸ ਰਾਮ ਹੀਰ ਦੇ ਅਸ਼ੀਰਵਾਦ ਨਾਲ ਨਜਦੀਕੀ ਪਿੰਡ ਮਲਕਪੁਰ ਤਹਿਸੀਲ ਫਗਵਾੜਾ ਸਥਿਤ ਡਾ. ਬੀ.ਆਰ. ਅੰਬੇਡਕਰ ਭਵਨ ਵਿਖੇ ਦਿਓਟ ਸਿੱਧ ਬਾਬਾ ਬਾਲਕ ਨਾਥ ਦਾ ਭੰਡਾਰਾ ਅਤੇ ਵਿਸ਼ਾਲ ਚੌਂਕੀ 5 ਅਕਤੂਬਰ ਦਿਨ ਸ਼ਨੀਵਾਰ ਨੂੰ ਸਮੂਹ ਹੀਰ ਪਰਵਾਰ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਕਰਵਾਈ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਸਮਾਗਮ ਦੌਰਾਨ 1008 ਸ਼੍ਰੀ ਸ਼੍ਰੀ ਮਹੰਤ ਰਾਜਿੰਦਰ ਗਿਰੀ ਮਹਾਰਾਜ ਦਿਓਟ ਸਿੱਧ ਤੋਂ ਸੰਗਤਾਂ ਨੂੰ ਅਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।

## ਬਾਬਾ ਨਰਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਇਮਾਰਤ ਦੇ ਚੱਲ ਰਹੇ ਕਾਰਜਾਂ ਦਾ ਲਿਆ ਜਾਇਜ਼ਾ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਪਿੰਡ ਨਡਾਲੋਂ ਵਿਖੇ ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਦੇਖ-ਰੇਖ ਹੇਠ ਬਣ ਰਹੀ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੇ ਚੱਲ ਰਹੇ ਵੱਖ-ਵੱਖ ਕਾਰਜਾਂ ਦਾ ਸੰਤ ਬਾਬਾ ਨਰਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਜਥੇਦਾਰ ਬਾਬਾ ਗੁਰਮੀਤ ਸਿੰਘ, ਬਾਬਾ ਕਸ਼ਮੀਰ ਸਿੰਘ ਦੁਸਾਂਝ, ਬਾਬਾ ਦਲੇਰ ਸਿੰਘ, ਭਾਈ ਸਾਹਿਬ ਸਿੰਘ, ਜਥੇਦਾਰ ਜਸਵੀਰ ਸਿੰਘ ਭੱਟੀ ਦੀ ਹਾਜ਼ਰੀ ਵਿੱਚ ਜਾਇਜ਼ਾ ਲਿਆ। ਇਸ ਤੋਂ ਪਹਿਲਾਂ ਉਹ ਗੁਰੂ ਘਰ ਨਤਮਸਤਕ ਹੋਏ। ਉਪਰੰਤ ਉਨ੍ਹਾਂ ਉਕਤ ਗੁਰਦੁਆਰਾ ਸਾਹਿਬ ਦੇ ਚੱਲ ਰਹੇ ਵੱਖ-ਵੱਖ ਕਾਰਜਾਂ ਨੂੰ ਜਿੱਥੇ ਬਰੀਕੀ ਨਾਲ ਵਾਚਿਆ ਉੱਥੇ ਹੋਰ ਸੁਚੱਜੇ ਢੰਗ ਨਾਲ ਕਰਨ ਲਈ ਦਿਸ਼ਾ-ਨਿਰਦੇਸ਼ ਵੀ ਦਿੱਤੇ।

## ਲਾਇਨ ਕਲੱਬ ਨੇ ਕਰਵਾਈ ਰੇਨ ਸ਼ੈਲਟਰ ਦੀ ਰੈਨੋਵੇਸ਼ਨ



**ਸ੍ਰੀ ਅਨੰਦਪੁਰ ਸਾਹਿਬ ( ਅਰਵਿੰਦਰ ਸਿੰਘ ਬਿੰਦੀ )**- ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਲਈ ਮਸ਼ਹੂਰ ਲਾਇਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਰੇਨ ਸ਼ੈਲਟਰ ਦੀ ਰੈਨੋਵੇਸ਼ਨ ਕਰਵਾਈ ਗਈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕਲੱਬ ਦੇ ਪੀ ਆਰ ਓ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਸਵਾਰੀਆਂ ਦੀ ਸਹੂਲਤ ਲਈ 1996 ਵਿੱਚ ਬਣਾਈ ਰੇਨ ਸ਼ੈਲਟਰ ਜੋ ਕਿ ਟੁੱਟ ਚੁੱਕੀ ਸੀ ਉਸ ਦੀ ਮਰੰਮਤ ਬਾਰੇ ਪਿਛਲੀ ਮੀਟਿੰਗ ਵਿੱਚ ਇੱਕ ਮਤਾ ਪਾਸ ਕੀਤਾ ਗਿਆ ਸੀ। ਇਹ ਮੀਟਿੰਗ ਕਲੱਬ ਦੇ ਪ੍ਰਧਾਨ ਰਾਜਵਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਹੋਈ ਸੀ । ਉਨ੍ਹਾਂ ਦੱਸਿਆ ਕਿ ਰੇਨ ਸ਼ੈਲਟਰ ਦਾ ਕੰਮ ਇਸ ਪ੍ਰੋਜੈਕਟ ਦੇ ਚੇਅਰਮੈਨ ਕੁਲਦੀਪ ਸਿੰਘ ਵੱਲੋਂ ਬੜੀ ਤਨਦੇਹੀ ਨਾਲ ਨਿਭਾਇਆ ਗਿਆ ਅਤੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਵਡਮੁੱਲਾ ਯੋਗਦਾਨ ਪਾਇਆ ਗਿਆ। ਇਸ ਪ੍ਰੋਜੈਕਟ ਦੇ ਚੈਅਰਮੈਨ ਕੁਲਦੀਪ ਸਿੰਘ ਭੱਠੇ ਵਾਲਿਆਂ ਵੱਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਲਈ ਕਲੱਬ ਵੱਲੋਂ ਪਿਛਲੀ ਮੀਟਿੰਗ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਮੁਕੰਮਲ ਹੋਣ ਉਪਰੰਤ ਇਹ ਸ਼ੈਡ ਸਵਾਰੀਆਂ ਦੀ ਸਹੂਲਤ ਲਈ ਉਹਨਾਂ ਦੇ ਬੈਠਣ ਲਈ ਲੋਕ ਅਰਪਣ ਕੀਤੀ ਗਈ ਹੈ। ਇਸ ਮੌਕੇ ਉਪਰੋਕਤ ਤੋਂ ਬਿਨਾਂ ਕਲੱਬ ਸੈਕਟਰੀ ਲਾਈਨ ਸੰਜੇ ਮਹਾਜਨ, ਕਲੱਬ ਦੇ ਕੈਸ਼ੀਅਰ ਲਾਇਨ ਸੁਖਵਿੰਦਰ ਸਿੰਘ ਬਿੱਟੂ, ਲਾਇਨ ਭੁਪਿੰਦਰ ਪਾਲ ਸਿੰਘ ਤਲਵਾੜ, ਲਾਇਨ ਦਵਿੰਦਰ ਕੌਸ਼ਲ, ਲਾਇਨ ਅਰਸਵਿੰਦਰ ਸਿੰਘ ਛੱਬਲੀ, ਲਾਇਨ ਤਜਿੰਦਰ ਸਿੰਘ ਚੰਨ, ਲਾਇਨ ਮਹੇਸ਼ ਕੁਮਾਰ, ਲਾਇਨ ਕਮਲ ਵਰਮਾ, ਲਾਇਨ ਰਾਜਨ ਗਾਬਾ, ਲਾਇਨ ਹਰਚਰਨ ਸਿੰਘ ਬੇਦੀ, ਲਾਇਨ ਅਮਰਿੰਦਰ ਸਿੰਘ ਚੀਮਾ, ਲਾਇਨ ਸਮੇਤ ਕਲੱਬ ਮੈਂਬਰ ਹਾਜ਼ਰ ਸਨ।

# ਸਤਨਾਮ ਜਲਾਲਪੁਰ ਨੇ ਝੰਡੂਪੁਰ ਤੇ ਬੇਗਮਪੁਰ ਨੂੰ ਦਿੱਤੀ ਗ੍ਰਾਂਟ



**ਬਲਾਚੌਰ ( ਜਸਵਿੰਦਰ ਬੈਂਸ)** ਸ਼ਹੀਦ ਭਗਤ ਸਿੰਘ ਤੋਂ ਜਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਪਿੰਡ ਝੰਡੂਪੁਰ ਅਤੇ ਬੇਗਮਪੁਰ ਨੂੰ ਓਪਨ ਜਿਮ ਅਤੇ ਖੇਡਾਂ ਦੇ ਸਮਾਨ ਲਈ ਗ੍ਰਾਂਟ ਦਿੱਤੀ ਗਈ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਅਤੇ ਖੇਡਾਂ ਨਾਲ ਜੋੜਨ ਲਈ ਹਰ ਤਰ੍ਹਾਂ ਦੇ ਸੰਭਵ ਯਤਨ ਕੀਤੇ ਜਾ ਰਹੇ ਹਨ ਇਸ ਦੇ ਤਹਿਤ ਪਿੰਡ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਅਤੇ ਖੇਡਾਂ ਨਾਲ ਜੋੜਨ ਲਈ ਉਹਨਾਂ ਵੱਲੋਂ ਆਪਣੇ ਜਿਲ੍ਹਾ ਪਲੈਨਿੰਗ ਬੋਰਡ ਦੇ ਅਖਤਿਆਰੀ ਕੋਟੇ 'ਚੋਂ ਪਿੰਡ ਨੂੰ ਗਰਾਂਟ ਜਾਰੀ ਕੀਤੀ ਹੈ।ਉਹਨਾਂ ਨੇ ਕਿਹਾ ਜਿਸ ਤਰ੍ਹਾਂ ਪੰਜਾਬ ਸਰਕਾਰ ਪੰਜਾਬ ਵਿੱਚ ਚੱਲ ਰਹੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਬੱਚਿਆਂ ਨੂੰ ਖੇਡਾਂ ਪ੍ਰਤੀ ਜੋੜਨ ਲਈ ਵੱਖ ਵੱਖ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕਈ ਨਵੀਆਂ ਨੀਤੀਆਂ ਬਣਾਈਆਂ ਜਾ ਰਹੀਆਂ ਹਨ ਅਤੇ ਛੋਟੇ ਬੱਚਿਆਂ ਨੂੰ ਖੇਡਾਂ ਵਿੱਚ ਸ਼ਾਮਲ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਬੱਚੇ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਣ।ਇਸ ਮੌਕੇ ਗੁਰਚੈਨ ਰਾਮ ਪ੍ਰਧਾਨ, ਗੁਰਦਿਆਲ ਸਿੰਘ ਸਰਪੰਚ, ਮਦਨ ਲਾਲ ਬਹਿਲ, ਜਸਵਿੰਦਰ ਬਹਿਲ, ਸਾਗਰ, ਹਰਮੇਸ਼ ਲਾਲ, ਕੁਲਦੀਪ, ਲਾਲ ਚੰਦ, ਰਵੀ ਰਾਮ, ਹਰਮਨ, ਵਿਸ਼ਾਲ, ਰਿਕੀ, ਹਰਮੇਸ਼ ਲਾਲ, ਵਿਜੇ ਕੁਮਾਰ, ਨਿੱਕੂ ਭਗਤ, ਰੋਸ਼ਨ ਲਾਲ ਥਾਣੇਦਾਰ, ਹੁਸਨ ਲਾਲ ਪ੍ਰਧਾਨ, ਹਰਮੇਸ਼ ਲਾਲ ਸਾਬਕਾ ਸਰਪੰਚ ਤੇਲੂ ਰਾਮ, ਸੰਜੇ ਪ੍ਰਧਾਨ, ਮਹਿੰਦਰ ਪਾਲ, ਰੋਸ਼ਨ ਭਾਟੀਆ, ਓਮ ਪ੍ਰਕਾਸ਼ ਬਜਾੜ, ਦਵਿੰਦਰ ਮਾਸਟਰ, ਰਾਕੇਸ਼ ਕੁਮਾਰ ਸਕੱਤਰ।

## ਖੁਣਖੁਣ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕਿਸਾਨ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਬਣੇ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਚੁਸਤ ਦਰੁਸਤ ਕਰਨ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ ਇਸੇ ਤਹਿਤ ਡਾਕਟਰ ਹਰਜਿੰਦਰ ਸਿੰਘ ਜੱਖੂ ਮੁੱਖ ਬੁਲਾਰਾ ਤੇ ਦੁਆਬਾ ਇੰਚਾਰਜ ਨੇ ਪਾਰਟੀ ਆਗੂਆਂ ਦੀ ਸਲਾਹ ਨਾਲ ਜਥੇਦਾਰ ਗੁਰਦੀਪ ਸਿੰਘ ਖੁਣ ਖੁਣ ਜੋ ਕਿ ਪਾਰਟੀ ਦੇ ਜਿਲ੍ਹਾ ਜਥੇਦਾਰ ਦੇ ਤੌਰ 'ਤੇ ਜਿੰਮੇਵਾਰੀ ਨਿਭਾ ਰਹੇ ਸਨ ਨੂੰ ਹੁਣ ਪਾਰਟੀ ਦੇ ਕਿਸਾਨ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਦੇ ਅਹੁਦੇ 'ਤੇ ਨਿਯੁਕਤ ਕੀਤਾ। ਜਥੇਦਾਰ ਗੁਰਦੀਪ ਸਿੰਘ ਖੁਣ ਖੁਣ ਨੇ ਕਿਸਾਨੀ ਸੰਘਰਸ਼ ਦੌਰਾਨ ਅਤੇ ਸਮੇਂ ਸਮੇਂ ਕਿਸਾਨੀ ਮੰਗਾਂ ਨੂੰ ਲੈ ਕੇ ਜੋਰਦਾਰ ਢੰਗ ਨਾਲ ਆਵਾਜ਼ ਉਠਾਈ ਉਨਾਂ ਦੀਆਂ ਕਿਸਾਨੀ ਸੰਘਰਸ਼ ਲਈ ਸੇਵਾਵਾਂ ਨੂੰ ਦੇਖਦੇ ਹੋਏ ਇਹ ਵੱਡੀ ਜਿੰਮੇਵਾਰੀ ਦਿੱਤੀ ਗਈ ਜਥੇਦਾਰ ਗੁਰਦੀਪ ਸਿੰਘ ਖੁਣ ਖੁਣ ਨੇ ਇਹ ਜਿੰਮੇਵਾਰੀ ਦੇਣ ਲਈ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦੁਆਬਾ ਇੰਚਾਰਜ ਡਾਕਟਰ ਹਜਿੰਦਰ ਸਿੰਘ ਜੱਖੂ ਅਤੇ ਕਿਸਾਨੀ ਵਿੰਗ ਦੇ ਪ੍ਰਧਾਨ ਹਰਦੇਵ ਸਿੰਘ ਪੱਪੂ ਕਲਿਆਣ ਅਤੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ।

# ਜੇਤੂ ਖਿਡਾਰੀਆਂ ਦਾ ਸਨਮਾਨ



**ਗੁਰਾਇਆ (ਬਿੰਦਰ ਸੁੰਮਨ)**-ਨੇੜਲੇ ਪਿੰਡ ਸਰਕਾਰੀ ਸੀਨੀਅਰ ਸੈਕਡਰੀ ਸਕੂਲ ਬੀੜ ਬੰਸੀਆਂ ਜੱਜਾਂ ਢੀਡਸਾ ਵਿਖੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਇਸ ਸਕੂਲ ਦੇ ਪੁਰਾਣੇ ਮਿਹਨਤੀ ਅਤੇ ਹੋਣਹਾਰ ਵਿਦਿਆਰਥੀ ਅਤੇ ਦਾਨੀ ਸੱਜਣ ਲੁਪਿੰਦਰ ਸਿੰਘ ਐਸ ਡੀ ਓ ਸਿੰਚਾਈ ਵਿਭਾਗ, ਸੰਤੋਖ ਸਿੰਘ ਢੀਡਸਾ ਫੁੱਟਬਾਲ ਕੋਚ ਵਲੋਂ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਮੈਡਮ ਸਨੇਹ ਲਤਾ ਨੇ ਬੋਲਦਿਆਂ ਕਿਹਾ ਕਿ ਸਕੂਲ ਲੜਕੀਆਂ ਦੀ ਹੈਂਡਬਾਲ ਟੀਮ ਜਿਲ੍ਹੇ 'ਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਛੇ ਖਿਡਾਰਨਾਂ ਦੀ ਸਟੇਟ ਪੱਧਰ ਟੀਮ ਵਿੱਚ ਚੋਣ ਹੋਈ, ਉਨ੍ਹਾਂ ਕਿਹਾ ਕਿ ਫੁੱਟਬਾਲ ਲੜਕੇ ਦੀ ਟੀਮ ਨੇ ਜੋਨਲ ਪੱਧਰ 'ਤੇ ਪਹਿਲਾ ਅਤੇ ਜਿਲ੍ਹਾ ਪੱਧਰ 'ਤੇ ਚੌਥਾਂ ਸਥਾਨ ਪ੍ਰਾਪਤ ਕੀਤਾ, ਸ਼ੋਟ ਪੁੱਟ (ਖੇਡਾਂ ਵਤਨ ਪੰਜਾਬ ਦੀਆਂ) ਵਿੱਚ ਜਿਲ੍ਹੇ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਬੋਲਦਿਆ ਲੁਪਿੰਦਰ ਕੁਮਾਰ ਨੇ ਕਿਹਾ ਕਿ ਜੀਵਨ ਦਾ ਕੋਈ ਨਾ ਕੋਈ ਟੀਚਾਂ ਜਰੂਰ ਹੋਣਾ ਚਾਹੀਦਾ ਹੈ। ਸਕੂਲ ਇੰਚਾਰਜ ਮੈਡਮ ਸਨੇਹ ਲਤਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਿਰਨ ਬਾਲਾ, ਸਰਬਜੀਤ ਸਿੰਘ, ਸਵੀਕ੍ਰਿਤੀ ਸੇਠੀ, ਬਲਕਾਰ ਸਿੰਘ, ਪਰਮਿੰਦਰ ਕੌਰ, ਬੱਬੂ ਗੋਇਲ, ਗੁਰਪ੍ਰੀਤ ਸਿੰਘ, ਜਜਬਾਤ ਸਿੰਘ, ਪਰਮਜੀਤ ਸਰੋਜ, ਰਜਨੀ ਅਤੇ ਹਰਪ੍ਰੀਤ ਕੌਰ ਤੋ ਇਲਾਵਾ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸੀ ਪੀ ਐੱਮ ਤਹਿਸੀਲ ਕਮੇਟੀ ਸ਼ਾਹਕੋਟ ਦੀ ਜਥੇਬੰਦਕ ਕਾਨਫਰੰਸ

## ਵਰਿੰਦਰ ਪਾਲ ਸਿੰਘ ਸ਼ਾਹਕੋਟ ਮੁੜ ਤਹਿਸੀਲ ਸਕੱਤਰ ਚੁਣੇ



**ਸ਼ਾਹਕੋਟ (ਗਿਆਨ ਸੈਦਪੁਰੀ)**-ਸੀ ਪੀ ਆਈ ਐਮ ਦੀ 24ਵੀਂ ਕਾਂਗਰਸ ਅਪ੍ਰੈਲ 2025 ਨੂੰ ਮਦੁਰਾਏ ( ਤਾਮਿਲਨਾਡੂ ) ਵਿਖੇ ਹੋ ਰਹੀ ਹੈ । ਸਾਰੇ ਦੇਸ਼ ਅੰਦਰ ਬਰਾਂਚ ਇਕਾਈਆਂ, ਤਹਿਸੀਲ ਕਮੇਟੀਆਂ, ਜ਼ਿਲ੍ਹਾ ਕਮੇਟੀਆਂ ਅਤੇ ਰਾਜ ਕਮੇਟੀਆਂ ਦੀਆਂ ਕਾਨਫਰੰਸਾਂ ਕਰਕੇ ਚੋਣ ਅਮਲ ਦਸੰਬਰ 2024 ਤੱਕ ਮੁਕੰਮਲ ਕੀਤਾ ਜਾਵੇਗਾ। ਇਸ ਸੰਬੰਧ ਵਿੱਚ ਸ਼ਾਹਕੋਟ ਵਿਖੇ ਤਹਿਸੀਲ ਕਮੇਟੀ ਸ਼ਾਹਕੋਟ ਜਲੰਧਰ ਦੀ ਜਥੇਬੰਦਕ ਕਾਨਫਰੰਸ ਕੀਤੀ ਗਈ । ਪਾਰਟੀ ਦੇ ਸੂਬਾਈ ਅਤੇ ਜ਼ਿਲ੍ਹਾ ਆਗੂ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ, ਮਾਸਟਰ ਪਰਸ਼ੋਤਮ ਬਿਲਗਾ, ਕਾਮਰੇਡ ਪ੍ਰਕਾਸ਼ ਕਲੇਰ, ਕਾਮਰੇਡ ਸੋਢੀ ਲਾਲ ਉੱਪਲ, ਕਾਮਰੇਡ ਮਿਹਰ ਸਿੰਘ ਖੁਰਲਾਪੁਰ ਵਿਸ਼ੇਸ਼ ਤੌਰ 'ਤੇ ਕਾਨਫਰੰਸ ਵਿੱਚ ਹਾਜ਼ਰ ਸਨ। ਕਾਨਫਰੰਸ ਦਾ ਉਦਘਾਟਨ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ ਵੱਲੋਂ ਕੀਤਾ ਗਿਆ। ਸਕੱਤਰ ਵੱਲੋਂ ਪੇਸ਼ ਰਿਪੋਰਟ ਸਰਬਸੰਮਤੀ ਨਾਲ ਪਾਸ ਕੀਤੀ ਗਈ । 15 ਮੈਂਬਰੀ ਕਮੇਟੀ ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ ਗਈ । ਕਾਮਰੇਡ ਵਰਿੰਦਰ ਪਾਲ ਸਿੰਘ ਨੂੰ ਸਰਬਸੰਮਤੀ ਨਾਲ ਮੁੜ ਤਹਿਸੀਲ ਸਕੱਤਰ ਚੁਣ ਲਿਆ ਗਿਆ । ਜ਼ਿਲ੍ਹਾ ਕਮੇਟੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ 23 ਡੈਲੀਗੇਟਾਂ ਅਤੇ ਦੋ ਦਰਸ਼ਕ ਸਾਥੀਆਂ ਦੀ ਚੋਣ ਕੀਤੀ ਗਈ। ਜ਼ਿਲ੍ਹਾ ਕਾਰਜਕਾਰੀ ਸਕੱਤਰ ਕਾਮਰੇਡ ਸੁਖਪ੍ਰੀਤ ਸਿੰਘ ਜੌਹਲ ਨੇ ਦੱਸਿਆ ਕਿ ਪਾਰਟੀ ਦੀ ਜ਼ਿਲ੍ਹਾ ਜਥੇਬੰਦਕ ਕਾਨਫਰੰਸ 10 ਨਵੰਬਰ 2024 ਨੂੰ ਪਿੰਡ ਲਸਾੜਾ ਵਿਖੇ ਕੀਤੀ ਜਾ ਰਹੀ ਹੈ। ਅੱਧ ਦਸੰਬਰ ਤੱਕ ਸੂਬਾਈ ਜਥੇਬੰਦਕ ਕਾਨਫਰੰਸ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾਵੇਗੀ। ਇਸ ਕਾਨਫਰੰਸ ਦੀ ਤਿਆਰੀ ਲਈ 24 ਸਤੰਬਰ ਨੂੰ ਪਾਰਟੀ ਦੇ ਜਲੰਧਰ ਦਫਤਰ ਵਿਖੇ ਜ਼ਿਲ੍ਹਾ ਜਨਰਲ ਬਾਡੀ ਮੀਟਿੰਗ ਕਰਕੇ ਸਵਾਗਤੀ ਕਮੇਟੀ ਦਾ ਗਠਨ ਕੀਤਾ ਜਾਵੇਗਾ । ਜ਼ਿਲ੍ਹਾ ਜਨਰਲ ਬਾਡੀ ਮੀਟਿੰਗ ਨੂੰ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਸੰਬੋਧਨ ਕਰਨਗੇ ।21 ਸਤੰਬਰ ਨੂੰ ਬੰਡਾਲਾ ਮੰਜਕੀ ਵਿਖੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੁਰੀ ਦਾ ਸ਼ਰਧਾਂਜਲੀ ਸਮਾਗਮ ਅਤੇ ਸ਼ੋਕ ਸਭਾ ਕੀਤੀ ਜਾ ਰਹੀ ਹੈ।ਜ਼ਿਲ੍ਹਾ ਜਲੰਧਰ - ਕਪੂਰਥਲਾ ਵੱਲੋਂ ਸੀ ਪੀ ਆਈ ( ਐਮ ) ਦੇ ਆਗੂ ਤੇ ਹੋਰ ਸਾਥੀ ਵੱਡੀ ਗਿਣਤੀ ਵਿੱਚ 28 ਸਤੰਬਰ ਨੂੰ ਨਵੀਂ ਦਿੱਲੀ ਵਿਖੇ ਪੁੱਜ ਕੇ ਆਪਣੇ ਵਿਛੜੇ ਆਗੂ ਕਾਮਰੇਡ ਸੀਤਾ ਰਾਮ ਯੇਚੁਰੀ ਨੂੰ ਸ਼ਰਧਾਂਜਲੀ ਭੇਟ ਕਰਨਗੇ । ਸ਼ਾਹਕੋਟ ਵਿਖੇ ਕਾਨਫਰੰਸ ਨੂੰ ਕੇਵਲ ਸਿੰਘ ਦਾਨੇਵਾਲ, ਕਾਮਰੇਡ ਸੁਖਵਿੰਦਰ ਨਾਗੀ, ਕਾਮਰੇਡ ਜਸਕਰਨ ਸਿੰਘ, ਕਾਮਰੇਡ ਨਰਿੰਦਰ ਸਿੰਘ ਜੌਹਲ, ਕਾਮਰੇਡ ਪ੍ਰਕਾਸ਼ ਕਲੇਰ ਵੱਲੋਂ ਸੰਬੋਧਨ ਕੀਤਾ ਗਿਆ ।